ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 149| 13 to 19 Nov., 2024 | Ph.: (510) 240-5949 | Email: asrtimes@gmail.com




## ਟਰੰਪ ਵੱਲੋਂ 15 ਲੱਖ '.ਗੈਰ-ਕਾਨੂੰਨੀ ਪਰਵਾਸੀਆਂ' ਨੂੰ ਦੇਸ਼ ਨਿਕਾਲ਼ਾ ਦੇਣ ਦੀ ਤਿਆਰੀ ?

### ਜਨਵਰੀ 'ਚ ਅਹੁਦਾ ਸੰਭਾਲਣ ਤੋਂ ਬਾਅਦ .ਗੈਰ-ਕਾਨੂੰਨੀ ਪਰਵਾਸੀਆਂ ਨੂੰ ਕੱਢਣ ਲਈ 'ਏਲੀਅਨ ਐਨੀਮੀਜ਼ ਐਕਟ' ਦੀ ਕਰ ਸਕਦੇ ਹਨ ਵਰਤੋਂ

**ਜਗਮੋਹਨ ਸਿੰਘ 'ਲੱਕੀ'**

ਕਿਆਸ-ਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਅਮਰੀਕਾ ਵਿੱਚ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਅਮਰੀਕਾ ਦੀਆਂ ਨੀਤੀਆਂ ਵਿੱਚ ਵੱਡਾ ਬਦਲਾਓ ਹੋ ਸਕਦਾ ਹੈ। ਭਾਵੇਂ ਕਿ ਟਰੰਪ ਨੇ ਚੋਣ ਜਿੱਤਣ ਤੋਂ ਪਹਿਲਾਂ ਹੀ ਅਮਰੀਕਾ ਵਿੱਚ ਰਹਿ ਰਹੇ .ਗੈਰ ਕਾਨੂੰਨੀ ਪਰਵਾਸੀਆਂ ਵਿਰੁੱਧ ਆਪਣੇ ਵਿਚਾਰ ਪ੍ਰਗਟ ਕਰ ਦਿੱਤੇ ਸਨ, ਹੁਣ ਰਾਸ਼ਟਰਪਤੀ ਬਣਨ ਤੋਂ ਬਾਅਦ ਉਹਨਾਂ ਵੱਲੋਂ ਅਮਰੀਕਾ ਵਿੱਚ ਰਹਿ ਰਹੇ .ਗੈਰ ਕਾਨੂੰਨੀ ਪਰਵਾਸੀਆਂ ਵਿਰੁੱਧ ਕਾਰਵਾਈ ਲਈ ਰੂਪ ਰੇਖਾ ਉਲੀਕਣ ਦੇ ਚਰਚੇ ਹੋ ਰਹੇ ਹਨ। ਰੱਬ ਕਰੇ, ਇਹ ਝੂਠ ਹੋਵੇ ਪਰ ਖ਼ਬਰਾਂ ਆ ਰਹੀਆਂ ਹਨ ਕਿ ਡੌਂਕੀ ਲਗਾ ਕੇ ਅਮਰੀਕਾ ਵਿੱਚ ਦਾਖ਼ਲ ਹੋਣ ਵਾਲਿਆਂ ਖ਼ਿਲਾਫ਼ ਡੋਨਾਲਡ ਟਰੰਪ ਆਪਣਾ ਅਹੁਦਾ ਸੰਭਾਲਣ ਤੋਂ ਬਾਅਦ ਅਹਿਮ ਕਦਮ ਚੁੱਕ ਸਕਦੇ ਹਨ। ਖ਼ਬਰਾਂ ਵਿੱਚ ਇਹ ਵੀ ਕਿਹਾ ਜਾ ਰਿਹਾ ਹੈ ਕਿ ਅਮਰੀਕਾ ਦੇ ਨਵ-ਨਿਯੁਕਤ ਰਾਸ਼ਟਰਪਤੀ ਡੋਨਾਲਡ ਟਰੰਪ ਲਗਭਗ 15 ਲੱਖ .ਗੈਰ-ਕਾਨੂੰਨੀ ਪਰਵਾਸੀਆਂ ਨੂੰ ਦੇਸ਼ ਨਿਕਾਲ਼ਾ ਦੇਣ ਦੀ ਤਿਆਰੀ ਕਰ ਰਹੇ ਹਨ। ਟਰੰਪ ਦੀ ਟੀਮ ਮੁਤਾਬਕ ਉਹ ਜਨਵਰੀ 'ਚ ਅਹੁਦਾ ਸੰਭਾਲਣ ਤੋਂ ਬਾਅਦ .ਗੈਰ-ਕਾਨੂੰਨੀ ਪਰਵਾਸੀਆਂ ਨੂੰ ਕੱਢਣ ਲਈ 'ਏਲੀਅਨ ਐਨੀਮੀਜ਼ ਐਕਟ' ਦੀ ਵਰਤੋਂ ਕਰਨ ਜਾ ਰਹੇ ਹਨ। ਇਸ ਕਾਨੂੰਨ ਮੁਤਾਬਕ ਰਾਸ਼ਟਰਪਤੀ ਕੋਲ 14 ਸਾਲ ਤੋਂ ਵੱਧ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਅਮਰੀਕਾ ਤੋਂ ਕੱਢਣ ਦਾ ਅਧਿਕਾਰ ਹੈ। ਟਰੰਪ ਇਸ ਕਾਨੂੰਨ ਦੀ ਵਰਤੋਂ ਕਰਨ ਵਾਲੇ ਪਹਿਲੇ ਰਾਸ਼ਟਰਪਤੀ ਹੋਣਗੇ। ਫ਼ਿਲਹਾਲ .ਗੈਰ-ਕਾਨੂੰਨੀ ਪਰਵਾਸੀਆਂ ਨੂੰ ਕੱਢਣ ਲਈ ਲੰਬੀ ਪ੍ਰਕਿਰਿਆ ਚੱਲ ਰਹੀ ਹੈ। .ਗੈਰ-ਕਾਨੂੰਨੀ ਪ੍ਰਵਾਸੀ ਫੜੇ ਜਾਣ ਤੋਂ ਬਾਅਦ ਸ਼ਰਨ ਲਈ ਅਰਜ਼ੀ ਦੇ ਸਕਦੇ ਹਨ। ਅਰਜ਼ੀ ਦਾ ਨਿਪਟਾਰਾ ਕਰਨ ਵਿੱਚ ਬਹੁਤ ਸਮਾਂ ਲੱਗਦਾ ਹੈ। ਉਦੋਂ ਤੱਕ ਪਰਵਾਸੀਆਂ ਨੂੰ ਅਮਰੀਕਾ ਵਿੱਚ ਰਹਿਣ ਦਾ ਅਧਿਕਾਰ ਹੈ। ਟਰੰਪ ਦੀ ਟੀਮ ਦਾ ਮੰਨਣਾ ਹੈ ਕਿ .ਗੈਰ-ਕਾਨੂੰਨੀ ਇਮੀਗ੍ਰੇਸ਼ਨ ਦੇ ਮੁੱਦੇ 'ਤੇ ਟਰੰਪ ਨੇ ਕਈ ਵੋਟਾਂ ਹਾਸਲ ਕੀਤੀਆਂ ਹਨ। ਟਰੰਪ ਦੇ 24 ਫ਼ੀਸਦੀ ਵੋਟਰ .ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਵੱਡੇ ਮੁੱਦੇ ਵਜੋਂ ਦੇਖਦੇ ਹਨ। ਇਹ ਮੁੱਦਾ ਮਹਿੰਗਾਈ ਤੋਂ ਬਾਅਦ ਦੂਜੇ ਨੰਬਰ 'ਤੇ ਸੀ। .ਗੈਰ-ਕਾਨੂੰਨੀ ਪਰਵਾਸੀਆਂ ਕਾਰਨ ਅਮਰੀਕਾ ਨੂੰ ਹਰ ਸਾਲ ਕਰੀਬ ਸਾਢੇ 3 ਲੱਖ ਕਰੋੜ ਰੁਪਏ ਦਾ ਵਾਧੂ ਬੋਝ ਝੱਲਣਾ ਪੈਂਦਾ ਹੈ। ਟਰੰਪ .ਗੈਰ-ਕਾਨੂੰਨੀ ਪਰਵਾਸੀਆਂ ਨੂੰ ਰੋਕਣ ਲਈ ਮੈਕਸੀਕੋ ਅਤੇ ਕੈਨੇਡਾ ਦੀ ਸਰਹੱਦ ਨਾਲ ਲੱਗਦੇ ਅਮਰੀਕੀ ਰਾਜਾਂ 'ਚ ਨੈਸ਼ਨਲ ਗਾਰਡ ਤਾਇਨਾਤ ਕਰਨ ਦੀ ਯੋਜਨਾ ਬਣਾ ਰਹੇ ਹਨ।ਇਸ ਵਾਰ 16 ਸਰਹੱਦੀ ਸੂਬਿਆਂ 'ਚੋਂ 10 'ਚ ਟਰੰਪ ਦੀ ਪਾਰਟੀ ਦੇ ਗਵਰਨਰ ਜਿੱਤ ਗਏ ਹਨ। ਟਰੰਪ ਦੇ ਸਲਾਹਕਾਰ ਸਟੀਫ਼ਨ ਮਿਲਰ ਮੁਤਾਬਕ ਗਵਰਨਰ ਨੈਸ਼ਨਲ ਗਾਰਡ ਨੂੰ .ਗੈਰ-ਕਾਨੂੰਨੀ ਪਰਵਾਸੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਸਕਦਾ ਹੈ। ਆਈ.ਏ.ਐੱਸ.ਐੱਸ ਦੇ ਸਰਵੇਖਣ ਅਨੁਸਾਰ 53 ਫ਼ੀਸਦੀ ਭਾਰਤੀ ਅਮਰੀਕੀਆਂ ਨੇ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਨੂੰ ਵੋਟ ਦਿੱਤੀ। ਜਦੋਂ ਕਿ 2020 ਦੀਆਂ ਚੋਣਾਂ ਵਿੱਚ 44 ਫ਼ੀਸਦੀ ਭਾਰਤੀਆਂ ਨੇ ਟਰੰਪ ਨੂੰ ਵੋਟ ਦਿੱਤੀ ਸੀ। ਜਾਰਜੀਆ ਅਤੇ ਪੈਨਸਿਲਵੇਨੀਆ ਦੇ ਸਵਿੰਗ ਰਾਜਾਂ ਵਿੱਚ ਟਰੰਪ ਦੀ ਜਿੱਤ ਵਿੱਚ ਭਾਰਤੀਆਂ ਦਾ ਅਹਿਮ ਯੋਗਦਾਨ ਮੰਨਿਆ ਜਾਂਦਾ ਹੈ। ਭਾਰਤੀ ਇੱਥੇ ਸਭ ਤੋਂ ਵੱਡੇ ਏਸ਼ੀਆਈ ਪ੍ਰਵਾਸੀ ਸਮੂਹ ਹਨ।

**ਅਮਰੀਕਾ ਵਿੱਚ ਭਾਰਤੀਆਂ ਦੀ ਆਬਾਦੀ**

ਸੰਯੁਕਤ ਰਾਜ ਜਨਗਣਨਾ ਬਿਊਰੋ ਦੇ ਅਨੁਸਾਰ, ਅਮਰੀਕਾ ਦੀ ਆਬਾਦੀ ਲਗਭਗ 33 ਕਰੋੜ ਹੈ, ਜਿਸ ਵਿੱਚੋਂ 51 ਲੱਖ ਲੋਕ ਭਾਰਤੀ ਮੂਲ ਦੇ ਹਨ। ਇਸ ਵਿੱਚ ਉਹ ਲੋਕ ਵੀ ਸ਼ਾਮਲ ਹਨ, ਜਿਨ੍ਹਾਂ ਦਾ ਜਨਮ ਅਮਰੀਕਾ ਜਾਂ ਭਾਰਤ ਵਿੱਚ ਹੋਇਆ ਸੀ। ਭਾਰਤੀ-ਅਮਰੀਕੀ ਭਾਈਚਾਰਾ ਅਮਰੀਕਾ ਦੀ ਕੁੱਲ ਆਬਾਦੀ ਦਾ 1.5 ਫ਼ੀਸਦੀ ਬਣਦਾ ਹੈ।

**ਭਾਰਤੀਆਂ ਦੀ ਸਿੱਖਿਆ ਦੀ ਸਥਿਤੀ**

ਬੈਚਲਰ ਡਿਗਰੀ ਜਾਂ ਇਸ ਤੋਂ ਵੱਧ ਪ੍ਰਾਪਤ ਕਰਨ ਵਾਲੀ ਅਮਰੀਕੀ ਆਬਾਦੀ ਦੀ ਰਾਸ਼ਟਰੀ ਔਸਤ 36 ਪ੍ਰਤੀਸ਼ਤ ਹੈ। ਸਰਲ ਭਾਸ਼ਾ ਵਿੱਚ ਦੇਸ਼ ਦੀ 36 ਫ਼ੀਸਦੀ ਆਬਾਦੀ ਨੇ ਯੂਨੀਵਰਸਿਟੀ ਦੀ ਡਿਗਰੀ ਹਾਸਲ ਕੀਤੀ ਹੈ। (ਬਾਕੀ ਸਫ਼ਾ 30 'ਤੇ)

## ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼



ਵੱਲੋਂ

ਸੰਸਾਰ ਭਰ ਵਿੱਚ ਬੈਠੇ ਨਾਨਕ ਨਾਮਲੇਵਾ ਸੰਗਤਾਂ ਨੂੰ ਅਕਾਲ ਜੋਤ, ਬ੍ਰਹਿਮੰਡੀ ਧੁਨ ਦੇ ਮਾਲਕ

## ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ

ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ ਹੋਣ ਜੀ।

## ਕੀ ਬਣੂੰ .ਗੈਰ ਕਾਨੂੰਨੀ ਪਰਵਾਸੀਆਂ ਦਾ ?



ਜੇ ਅਮਰੀਕਾ ਵਿਚੋਂ ਲੱਖਾਂ .ਗੈਰ ਕਾਨੂੰਨੀ ਪਰਵਾਸੀਆਂ ਨੂੰ ਦੇਸ਼ ਨਿਕਾਲ਼ਾ ਦੇ ਦਿੱਤਾ ਜਾਂਦਾ ਹੈ ਤਾਂ ਜਦੋਂ ਇਹ .ਗੈਰ ਕਾਨੂੰਨੀ ਪਰਵਾਸੀ ਆਪਣੇ ਘਰਾਂ ਨੂੰ ਪਰਤਣਗੇ ਤਾਂ ਇਹਨਾਂ ਨਾਲ ਕੀ ਬੀਤੇਗੀ ? ਕੀ ਇਹਨਾਂ ਦੇ ਪਰਿਵਾਰ ਇਹਨਾਂ ਨੂੰ ਖੁੱਲ੍ਹੇ ਦਿਲ ਨਾਲ ਅਪਣਾਅ ਲੈਣਗੇ ? ਕਿਤੇ ਆਪਣਿਆਂ ਲਈ ਵੀ ਤਾਂ .ਗੈਰ ਤਾਂ ਨਹੀਂ ਬਣ ਜਾਣਗੇ ਇਹ .ਗੈਰ ਕਾਨੂੰਨੀ ਪਰਵਾਸੀ ? ਜਿਹੜੇ ਲੋਕਾਂ ਨੇ ਆਪਣੀਆਂ ਜ਼ਮੀਨਾਂ ਵੇਚ ਕੇ ਅਮਰੀਕਾ ਦੀ ਡੌਂਕੀ ਲਗਾਈ ਸੀ, ਉਹ ਹੁਣ ਅਮਰੀਕਾ ਤੋਂ ਪਰਤ ਕੇ ਆਪਣੇ ਵਤਨ ਵਿੱਚ ਕੀ ਕਰਨਗੇ ? ਜ਼ਮੀਨਾਂ ਨਾ ਹੋਣ ਕਾਰਨ ਉਹ ਖੇਤੀ ਵੀ ਨਹੀਂ ਕਰ ਸਕਣਗੇ ਕਿਉਂਕਿ ਹੋਰ ਕੋਈ ਕੰਮ ਧੰਦਾ ਪੰਜਾਬ ਵਿੱਚ ਵਧਦਾ ਫੁੱਲਦਾ ਨਾ ਵੇਖ ਕੇ ਹੀ ਉਹ ਅਮਰੀਕਾ ਦੀ ਡੌਂਕੀ ਲਗਾਉਣ ਲਈ ਮਜਬੂਰ ਹੋਏ ਸਨ। ਜਿਹੜੇ ਲੋਕਾਂ ਨੇ ਆਪਣੇ ਪਰਿਵਾਰ ਦੀ ਜੂਨ ਬਦਲਣ ਲਈ ਕਰਜ਼ਾ ਲੈ ਕੇ ਅਮਰੀਕਾ ਦੀ ਡੌਂਕੀ ਲਗਾਈ ਸੀ ਕੀ ਹੁਣ ਅਮਰੀਕਾ ਤੋਂ ਦੇਸ਼ ਨਿਕਾਲ਼ੇ ਤੋਂ ਬਾਅਦ ਉਹਨਾਂ ਦੀ ਆਪਣੀ ਹੀ ਜੂਨ ਔਖੀ ਨਹੀਂ ਹੋ ਜਾਵੇਗੀ ? ਕੀ ਇਹ ਅਮਰੀਕਾ ਤੋਂ ਪਰਤ ਕੇ ਆਪਣੇ ਪਰਿਵਾਰ 'ਤੇ ਬੋਝ ਤਾਂ ਨਹੀਂ ਬਣ ਜਾਣਗੇ ? ਇਸ ਤੋਂ ਇਲਾਵਾ ਪਿੰਡ ਵਾਸੀਆਂ ਅਤੇ ਸ਼ਹਿਰ ਵਾਸੀਆਂ ਵੱਲੋਂ ਜਦੋਂ ਇਹਨਾਂ ਨੂੰ 'ਅਮਰੀਕਾ ਰਿਟਰਨਰ' ਜਾਂ '.ਗੈਰ ਕਾਨੂੰਨੀ ਪਰਵਾਸੀ' ਕਹਿ ਕੇ ਇਹਨਾਂ ਦਾ ਮਜ਼ਾਕ ਉਡਾਇਆ ਜਾਵੇਗਾ ਤਾਂ ਇਹਨਾਂ ਦੇ ਦਿਲਾਂ 'ਤੇ ਕੀ ਬੀਤੇਗੀ ? ਪੰਜਾਬ ਪਰਤ ਕੇ ਇਹ .ਗੈਰ ਕਾਨੂੰਨੀ ਪਰਵਾਸੀ ਫਿਰ ਉਸ ਸਮੇਂ ਨੂੰ ਕੋਸਣਗੇ ਜਦੋਂ ਇਹਨਾਂ ਨੇ ਆਪਣੇ ਘਰ ਅਤੇ ਜ਼ਮੀਨਾਂ ਵੇਚ ਕੇ ਤੇ ਕਰਜ਼ੇ ਲੈ ਕੇ ਅਮਰੀਕਾ ਦੀ 'ਡੌਂਕੀ' ਲਗਾਈ ਸੀ।



## ਅਮਰੀਕਾ 'ਚ ਭਾਰਤੀਆਂ ਦਾ ਦਬਦਬਾ

ਇਹ ਤਾਂ ਸਭ ਨੂੰ ਪਤਾ ਹੈ ਕਿ ਭਾਰਤ ਦੇ ਲੋਕ ਜਿੱਥੇ ਵੀ ਜਾਂਦੇ ਹਨ, ਉਹ ਆਪਣੀ ਪਛਾਣ ਜ਼ਰੂਰ ਪਿੱਛੇ ਛੱਡ ਜਾਂਦੇ ਹਨ। ਕਲਾ ਤੋਂ ਲੈ ਕੇ ਸਾਹਿਤ ਤੱਕ ਅਤੇ ਵਪਾਰ ਤੋਂ ਲੈ ਕੇ ਸਿੱਖਿਆ ਤੱਕ, ਭਾਰਤੀ ਭਾਈਚਾਰੇ ਦਾ ਦਬਦਬਾ ਦੁਨੀਆਂ ਦੇ ਹਰ ਕੋਨੇ ਵਿੱਚ ਦਿਖਾਈ ਦੇ ਰਿਹਾ ਹੈ। ਇਹੀ ਕਾਰਨ ਹੈ ਕਿ ਦੁਨੀਆਂ ਦੇ ਸਭ ਤੋਂ ਪੁਰਾਣੇ ਲੋਕਤੰਤਰੀ ਦੇਸ਼ ਭਾਵ ਅਮਰੀਕਾ ਵਿੱਚ ਵੀ ਭਾਰਤੀ ਭਾਈਚਾਰਾ ਨਵੇਂ ਰਿਕਾਰਡ ਬਣਾ ਰਿਹਾ ਹੈ। ਅਮਰੀਕਾ ਨੂੰ ਮਜ਼ਬੂਤ ਕਰਨ ਵਿੱਚ ਭਾਰਤੀ ਵਿਦਿਆਰਥੀਆਂ ਦਾ ਵੀ ਵੱਡਾ ਯੋਗਦਾਨ ਹੈ, ਜੋ ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਉੱਥੇ ਪੜ੍ਹਨ ਲਈ ਆ ਰਹੇ ਹਨ। ਹੁਣ ਟਰੰਪ ਦੇ ਅਮਰੀਕਾ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਅਮਰੀਕਾ ਅਤੇ ਭਾਰਤ ਵਿਚਾਲੇ ਦੁਵੱਲੇ ਸਬੰਧ ਹੋਰ ਮਜ਼ਬੂਤ ਹੋਣ ਦੀ ਸੰਭਾਵਨਾ ਬਣ ਗਈ ਹੈ। ਟਰੰਪ ਵੱਲੋਂ ਜਦੋਂ .ਗੈਰ ਕਾਨੂੰਨੀ ਪਰਵਾਸੀਆਂ, ਜਿਨ੍ਹਾਂ ਵਿੱਚ ਵੱਡੀ ਗਿਣਤੀ ਭਾਰਤੀ ਖ਼ਾਸ ਕਰਕੇ ਪੰਜਾਬੀ ਵੀ ਸ਼ਾਮਲ ਹਨ, ਨੂੰ ਦੇਸ਼ ਨਿਕਾਲ਼ਾ ਦੇ ਦਿੱਤਾ ਜਾਵੇਗਾ, ਉਦੋਂ ਇਸ ਦਾ ਭਾਰਤ ਅਤੇ ਅਮਰੀਕਾ ਵਿਚਾਲੇ ਸੰਬੰਧਾਂ 'ਤੇ ਕੀ ਅਸਰ ਪਵੇਗਾ ? ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

# ਟਰੰਪ ਦੀ ਜਿੱਤ ਦੇ ਵਿਸ਼ਵ ਅਤੇ ਭਾਰਤ 'ਤੇ ਪੈਣਗੇ ਡੂੰਘੇ ਪ੍ਰਭਾਵ

## ਹੁਣ ਅਮਰੀਕਾ 'ਚ ਜਨਮ ਦੇ ਨਾਲ ਨਹੀਂ ਮਿਲੇਗੀ ਨਾਗਰਿਕਤਾ!




ਡੋਨਾਲਡ ਟਰੰਪ ਇੱਕ ਕਾਰੋਬਾਰੀ, ਰੀਅਲ ਅਸਟੇਟ ਬਿਜ਼ਨੈੱਸਮੈਨ ਤੇ ਰਿਐਲਿਟੀ ਟੀ.ਵੀ. ਸਟਾਰ ਤੋਂ ਲੈ ਕੇ ਅਮਰੀਕਾ ਦੇ ਇਤਿਹਾਸ ਵਿੱਚ ਪਹਿਲੇ ਅਜਿਹੇ ਅਮਰੀਕੀ ਰਾਸ਼ਟਰਪਤੀ ਹਨ, ਜਿਨ੍ਹਾਂ ਨੂੰ ਅਪਰਾਧੀ ਐਲਾਨਿਆ ਗਿਆ ਸੀ। ਰਾਸ਼ਟਰਪਤੀ ਚੋਣਾਂ ਲਈ ਆਪਣੀ ਪ੍ਰਚਾਰ ਮੁਹਿੰਮ ਦੌਰਾਨ ਹੱਤਿਆ ਦੇ 2 ਯਤਨਾਂ ਤੋਂ ਬਚਣ ਤੋਂ ਬਾਅਦ ਵੀ ਟਰੰਪ (78) ਮੈਦਾਨ ਵਿੱਚ ਮਜ਼ਬੂਤੀ ਨਾਲ ਡਟੇ ਰਹੇ ਅਤੇ ਹੁਣ ਅਮਰੀਕੀ ਵੋਟਰਾਂ ਨੇ ਉਨ੍ਹਾਂ ਨੂੰ ਦੂਜੀ ਵਾਰ ਸੱਤਾ ਸੌਂਪ ਦਿੱਤੀ ਹੈ। ਉਨ੍ਹਾਂ ਨੇ ਡੈਮੋਕ੍ਰੇਟਿਕ ਪਾਰਟੀ ਦੇ ਨਾਲ-ਨਾਲ ਕਮਲਾ ਹੈਰਿਸ ਦੇ ਕਈ ਸਮਰਥਕਾਂ ਦੇ ਸੁਪਨੇ ਵੀ ਚਕਨਾਚੂਰ ਕਰ ਦਿੱਤੇ, ਜੋ ਅਮਰੀਕੀ ਰਾਸ਼ਟਰਪਤੀ ਦਫ਼ਤਰ ਤੇ ਰਿਹਾਇਸ਼ 'ਵ੍ਹਾਈਟ ਹਾਊਸ' ਵਿੱਚ ਪਹਿਲੀ ਮਹਿਲਾ ਰਾਸ਼ਟਰਪਤੀ ਹੋਣ ਦਾ ਸੁਪਨਾ ਵੇਖਦੇ ਸਨ। ਹੁਣ ਉਹ ਅਮਰੀਕੀ ਇਤਿਹਾਸ ਵਿੱਚ ਰਾਸ਼ਟਰਪਤੀ ਚੁਣੇ ਜਾਣ ਵਾਲੇ ਸਭ ਤੋਂ ਵੱਡੀ ਉਮਰ ਦੇ ਸ਼ਖਸ ਹਨ।2020 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਆਪਣੀ ਹਾਰ ਤੋਂ ਬਾਅਦ ਅਹੁਦਾ ਛੱਡਣ ਤੋਂ ਲੈ ਕੇ 2024 ਦੀ ਦੌੜ ਵਿੱਚ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਵਜੋਂ ਨਾਮਜ਼ਦਗੀ ਤੱਕ, ਟਰੰਪ ਅਖਬਾਰਾਂ ਦੀਆਂ ਸੁਰਖੀਆਂ ਅਤੇ ਅਮਰੀਕੀਆਂ ਦੇ ਮਨਾਂ ਉੱਤੇ ਹਾਵੀ ਰਹੇ। ਉਨ੍ਹਾਂ ਨੇ ਨਵੰਬਰ 2020 ਦੇ ਚੋਣ ਨਤੀਜਿਆਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤੀ ਸੀ ਪਰ ਉਸ ਸਮੇਂ ਜੋਅ ਬਾਈਡੇਨ ਰਾਸ਼ਟਰਪਤੀ ਚੁਣੇ ਗਏ ਸਨ।

14 ਜੂਨ 1946 ਨੂੰ ਕੁਈਨਜ਼, ਨਿਊਯਾਰਕ ਵਿੱਚ, ਮੈਰੀ ਅਤੇ ਫ਼ਰੇਡ ਟਰੰਪ ਦੇ ਘਰ ਪੈਦਾ ਹੋਏ ਟਰੰਪ, ਇੱਕ ਸਫ਼ਲ ਰੀਅਲ ਅਸਟੇਟ ਡਿਵੈਲਪਰ ਹੈ। ਡੋਨਾਲਡ ਟਰੰਪ 5 ਭੈਣ-ਭਰਾਵਾਂ ਵਿੱਚੋਂ ਚੌਥੇ ਨੰਬਰ 'ਤੇ ਹਨ। ਉਨ੍ਹਾਂ ਨੇ 1968 ਵਿੱਚ ਪੈਨਸਿਲਵੇਨੀਆ ਯੂਨੀਵਰਸਿਟੀ ਦੇ ਵਾਰਟਨ ਸਕੂਲ ਆਫ਼ ਫ਼ਾਈਨਾਂਸ ਐਂਡ ਕਾਮਰਸ ਤੋਂ ਵਿੱਤ ਵਿੱਚ ਡਿਗਰੀ ਪ੍ਰਾਪਤ ਕੀਤੀ। ਸਾਲ 1971 ਵਿੱਚ ਆਪਣੇ ਪਿਤਾ ਦੀ ਕੰਪਨੀ ਨੂੰ ਸੰਭਾਲਣ ਤੋਂ ਬਾਅਦ, ਉਨ੍ਹਾਂ ਨੇ ਇਸਦਾ ਨਾਮ ਬਦਲ ਕੇ ਟਰੰਪ ਆਰਗੇਨਾਈਜ਼ੇਸ਼ਨ ਰੱਖਿਆ ਅਤੇ ਜਲਦੀ ਹੀ ਹੋਟਲ, ਰਿਜ਼ੋਰਟ, ਰਿਹਾਇਸ਼ੀ ਅਤੇ ਵਪਾਰਕ ਇਮਾਰਤਾਂ, ਕੈਸੀਨੋ ਅਤੇ ਗੋਲਫ਼ ਕੋਰਸ ਵਰਗੇ ਪ੍ਰੋਜੈਕਟਾਂ ਵਿੱਚ ਕਾਰੋਬਾਰ ਦਾ ਵਿਸਥਾਰ ਕੀਤਾ।

ਟਰੰਪ ਨੇ 2004 'ਚ 'ਦਿ ਅਪ੍ਰੈਂਟਿਸ' ਨਾਲ ਰਿਐਲਿਟੀ ਟੀ.ਵੀ. ਵਿੱਚ ਵੀ ਆਪਣਾ ਹੱਥ ਅਜ਼ਮਾਇਆ, ਜਿਸ ਨੇ ਉਨ੍ਹਾਂ ਨੂੰ ਅਮਰੀਕਾ ਵਿੱਚ ਘਰ-ਘਰ ਵਿੱਚ ਮਸ਼ਹੂਰ ਕਰ ਦਿੱਤਾ। ਟਰੰਪ ਨੇ ਚੈੱਕ ਐਥਲੀਟ ਅਤੇ ਮਾਡਲ ਇਵਾਨਾ ਜ਼ੇਲਨੀਕੋਵਾ ਨਾਲ ਵਿਆਹ ਕਰਵਾ ਲਿਆ ਪਰ 1990 ਵਿੱਚ ਉਨ੍ਹਾਂ ਦਾ ਤਲਾਕ ਹੋ ਗਿਆ। ਇਵਾਨਾ ਦੇ ਨਾਲ ਉਨ੍ਹਾਂ ਦੇ 3 ਬੱਚੇ ਹਨ - ਡੋਨਾਲਡ ਜੂਨੀਅਰ, ਇਵਾਂਕਾ ਅਤੇ ਐਰਿਕ। ਇਸ ਤੋਂ ਬਾਅਦ ਟਰੰਪ ਨੇ 1993 ਵਿੱਚ ਅਭਿਨੇਤਰੀ ਮਾਰਲਾ ਮੈਪਲਸ ਨਾਲ ਵਿਆਹ ਕਰਵਾ ਲਿਆ ਪਰ 1999 ਵਿੱਚ ਉਨ੍ਹਾਂ ਦਾ ਤਲਾਕ ਹੋ ਗਿਆ। ਉਨ੍ਹਾਂ ਦਾ ਇੱਕ ਹੀ ਬੱਚਾ ਹੈ, ਟਿਫ਼ਨੀ। ਟਰੰਪ ਦੀ ਮੌਜੂਦਾ ਪਤਨੀ, ਮੇਲਾਨੀਆ, ਇੱਕ ਸਾਬਕਾ ਸਲੋਵੇਨੀਅਨ ਮਾਡਲ ਹੈ, ਜਿਸ ਨਾਲ ਉਨ੍ਹਾਂ ਨੇ 2005 ਵਿੱਚ ਵਿਆਹ ਕੀਤਾ ਸੀ। ਉਨ੍ਹਾਂ ਦਾ ਇੱਕ ਪੁੱਤਰ ਹੈ, ਬੈਰਨ ਵਿਲੀਅਮ ਟਰੰਪ।

### ਕੀ ਪਵੇਗਾ ਵਿਸ਼ਵ ਉੱਪਰ ਪ੍ਰਭਾਵ

ਰਾਸ਼ਟਰਪਤੀ ਡੋਨਾਲਡ ਟਰੰਪ ਦੀ ਦੁਬਾਰਾ ਹੋਈ ਜਿੱਤ ਇੱਕ ਲਿਹਾਜ਼ ਨਾਲ ਅਮਰੀਕਾ ਦਾ ਅੰਦਰੂਨੀ ਮਾਮਲਾ ਹੈ ਪਰ ਵਿਸ਼ਵ ਰਾਜਨੀਤੀ ਵਿੱਚ ਤੇ ਵਿਸ਼ਵ ਪੱਧਰ 'ਤੇ ਜੋ ਸਥਾਨ ਅਮਰੀਕਾ ਕੋਲ ਹੈ, ਉਸ ਕਾਰਨ ਇਸ ਹਕੂਮਤੀ ਤਬਦੀਲੀ ਦਾ ਅਸਰ ਪੂਰੇ ਵਿਸ਼ਵ 'ਤੇ ਪਵੇਗਾ। ਪਰ ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਭਾਵੇਂ ਅਮਰੀਕਾ ਦੇ ਰਾਸ਼ਟਰਪਤੀ ਨੂੰ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਵਿਅਕਤੀ ਮੰਨਿਆ ਜਾਂਦਾ ਹੈ ਪਰ ਅਮਰੀਕਾ ਦਾ ਰਾਜਨੀਤਕ ਸਿਸਟਮ ਏਨਾ ਮਜ਼ਬੂਤ ਤੇ ਗੁੰਝਲਦਾਰ ਹੈ, ਕਿ ਰਾਸ਼ਟਰਪਤੀ ਦੀ ਮਰਜ਼ੀ ਵੀ ਹਰ ਜਗ੍ਹਾ ਨਹੀਂ ਚੱਲ ਸਕਦੀ।

ਫ਼ਿਰ ਅਮਰੀਕਾ ਵਿੱਚ ਇੱਕ 'ਡੀਪ ਸਟੇਟ' ਵਰਗੀ ਅਦਿੱਖ ਤਾਕਤ ਦੀ ਵੀ ਦੇਸ਼ ਦੀਆਂ ਨੀਤੀਆਂ ਬਣਾਉਣ ਵਿੱਚ ਅਹਿਮ ਭੂਮਿਕਾ ਸਦਾ ਚਰਚਾ ਵਿੱਚ ਰਹੀ ਹੈ। ਕਿਸੇ ਵੀ ਦੇਸ਼ ਦੀਆਂ ਨੀਤੀਆਂ ਵਿੱਚ ਤਬਦੀਲੀ ਦੇਸ਼ ਦੇ ਹਿਤਾਂ ਅਨੁਸਾਰ ਹੀ ਕੀਤੀ ਜਾ ਸਕਦੀ ਹੈ। ਇਹ ਸੱਚ ਹੈ ਕਿ ਯੂ.ਕੇ. ਵਿੱਚ ਜੁਲਾਈ ਵਿੱਚ ਲੇਬਰ ਪਾਰਟੀ, ਕੰਜ਼ਰਵੇਟਿਵ ਪਾਰਟੀ ਨੂੰ ਹਰਾ ਕੇ ਸੱਤਾ ਵਿੱਚ ਆਈ ਪਰ ਯੂ.ਕੇ. ਦੀ ਵਿਦੇਸ਼ ਨੀਤੀ ਵਿੱਚ ਕੋਈ ਵੱਡਾ ਬਦਲਾਅ ਨਹੀਂ ਆਇਆ। ਟਰੰਪ ਦੀ 'ਅਮਰੀਕਾ ਫ਼ਸਟ' ਨੀਤੀ ਦੇ ਚਲਦਿਆਂ ਇਹ ਆਸ ਕੀਤੀ ਜਾ ਸਕਦੀ ਹੈ ਕਿ ਉਹ ਰੂਸ ਨਾਲ ਟਕਰਾਅ ਖ਼ਤਮ ਕਰਨ ਲਈ ਤੇ ਅਮਰੀਕਾ ਵੱਲੋਂ ਵਿਸ਼ਵ ਰਾਜਨੀਤੀ ਵਿਚ ਕੀਤੇ ਜਾ ਰਹੇ ਖਰਚੇ ਨੂੰ ਘਟਾਉਣ ਵੱਲ ਧਿਆਨ ਦੇਣਗੇ।

## ਕੀ ਹੋਵੇਗੀ ਟਰੰਪ ਦੀ ਸਿੱਖਾਂ ਬਾਰੇ ਨੀਤੀ ?



ਇੱਕ ਹੋਰ ਗੱਲ ਕਿ ਟਰੰਪ ਨੇ ਜਿਵੇਂ ਬੰਗਲਾਦੇਸ਼ ਦੇ ਤਖ਼ਤਾ ਪਲਟ ਵੇਲੇ ਉੱਥੇ ਹਿੰਦੂ ਘੱਟ-ਗਿਣਤੀ ਲੋਕਾਂ 'ਤੇ ਹੋ ਰਹੇ ਹਮਲਿਆਂ ਦੀ ਨਿੰਦਾ ਕੀਤੀ ਹੈ, ਉਸ ਤੋਂ ਆਸ ਕੀਤੀ ਜਾ ਸਕਦੀ ਹੈ ਕਿ ਉਹ ਹਰ ਜਗ੍ਹਾ ਘੱਟ-ਗਿਣਤੀਆਂ ਨਾਲ ਹੋ ਰਹੇ ਮਾੜੇ ਸਲੂਕ ਦੇ ਖ਼ਿਲਾਫ਼ ਖੜਨਗੇ। ਇਸ ਤੋਂ ਇਲਾਵਾ ਭਾਰਤ ਤੇ ਅਮਰੀਕਾ ਵਿੱਚ ਰੱਖਿਆ ਸੰਬੰਧੀ ਵਪਾਰਕ ਸਹਿਯੋਗ ਵੀ ਵਧ ਸਕਦਾ ਹੈ ਪਰ ਇਹ ਭਾਰਤ-ਰੂਸ ਸੰਬੰਧਾਂ ਅਤੇ ਰੂਸ ਨਾਲ ਅਮਰੀਕਾ ਦੀ ਚੱਲ ਰਹੀ ਅਸਿੱਧੀ ਜੰਗ 'ਤੇ ਮੁਨਹਸਰ ਕਰੇਗਾ। ਇਸ ਦਰਮਿਆਨ ਇਹ ਗੱਲ ਵੀ ਵੇਖਣਯੋਗ ਹੋਵੇਗੀ ਕਿ ਕੈਨੇਡਾ ਵਲੋਂ ਭਾਰਤ ਨੂੰ ਦੁਸ਼ਮਣ ਦੇਸ਼ਾਂ ਦੀ ਸੂਚੀ ਵਿੱਚ ਪਾਏ ਜਾਣ ਅਤੇ ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂੰ ਨੂੰ ਭਾਰਤੀ ਏਜੰਸੀਆਂ ਵਲੋਂ ਕਤਲ ਕਰਨ ਦੀ ਕੀਤੀ ਗਈ ਕੋਸ਼ਿਸ਼ ਸੰਬੰਧੀ ਚਲ ਰਹੀ ਜਾਂਚ ਸੰਬੰਧੀ ਕੀ ਸਟੈਂਡ ਲੈਂਦੇ ਹਨ ?

ਕੂਟਨੀਤਕ ਮੋਰਚੇ 'ਤੇ ਮੋਦੀ ਸਰਕਾਰ ਨੂੰ ਆਸ ਹੈ ਕਿ ਟਰੰਪ ਨਾਲ ਮੋਦੀ ਦੀ ਨੇੜਤਾ ਗੁਰਪਤਵੰਤ ਸਿੰਘ ਪੰਨੂੰ ਕੇਸ ਕਾਰਨ ਦੋਵੇਂ ਦੇਸ਼ਾਂ ਦੇ ਸਬੰਧਾਂ ਵਿੱਚ ਆਈ ਤਰੇੜ ਨੂੰ ਭਰੇਗੀ। ਵਾਸ਼ਿੰਗਟਨ ਡੀ.ਸੀ. ਤੋਂ ਬੈਂਕਿੰਗ ਅਤੇ ਵਿੱਤ ਮਾਹਿਰ ਵਿਕਰਮ ਮੋਰ ਦਾ ਮੰਨਣਾ ਹੈ ਕਿ ਮੋਦੀ ਨਾਲ ਟਰੰਪ ਦੇ ਨਜ਼ਦੀਕੀ ਸਬੰਧਾਂ ਕਾਰਨ ਖ਼ਾਲਿਸਤਾਨੀ ਮੁੱਦਾ ਵੀ ਹੱਲ ਹੋ ਸਕਦਾ ਹੈ। ਉਸ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਅਤੇ ਮੋਦੀ ਸਰਕਾਰ ਵਿਚਾਲੇ ਵਧਦੇ ਸਬੰਧਾਂ ਕਾਰਨ ਇਸ ਮੁੱਦੇ ਨੂੰ ਘੱਟ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਕੈਨੇਡਾ ਨਾਲ ਸਬੰਧਾਂ ਵਿੱਚ ਸੁਧਾਰ ਦੀ ਸੰਭਾਵਨਾ ਹੈ, ਜੋ ਮੌਜੂਦਾ ਐਚ-1ਬੀ ਵੀਜ਼ਾ ਧਾਰਕਾਂ ਲਈ ਲਾਭਦਾਇਕ ਸਾਬਤ ਹੋ ਸਕਦਾ ਹੈ। ਭਾਜਪਾ ਦੇ ਸ਼ਾਸਨ ਵਾਲੀ ਕੇਂਦਰ ਸਰਕਾਰ ਨੂੰ ਇਹ ਉਮੀਦ ਵੀ ਹੋਵੇਗੀ ਕਿ ਉਸ ਨੂੰ ਹੁਣ ਭਾਰਤ ਵਿੱਚ ਕਥਿਤ ਮਨੁੱਖੀ ਹੱਕਾਂ ਦੇ ਘਾਣ ਦੇ ਮੁੱਦਿਆਂ 'ਤੇ ਰਾਤਾਂ ਦੀ ਨੀਂਦ ਨਹੀਂ ਗੁਆਉਣੀ ਪਵੇਗੀ। ਹਾਲਾਂਕਿ ਜਦੋਂ ਟਰੰਪ ਸਿਖ਼ਰ 'ਤੇ ਬੈਠਾ ਹੋਵੇ ਤਾਂ ਅਕਲਮੰਦੀ ਇਹੀ ਹੋਵੇਗੀ ਕਿ ਕਿਸੇ ਵੀ ਅਣਕਿਆਸੀ ਸਥਿਤੀ ਲਈ ਤਿਆਰ ਰਿਹਾ ਜਾਵੇ।

ਹਾਲਾਂਕਿ ਟਰੰਪ ਦੀ ਜਿੱਤ ਅਮਰੀਕੀ ਸਿੱਖਾਂ ਲਈ ਥੋੜ੍ਹੀ ਫ਼ਿਕਰ ਦੀ ਗੱਲ ਸਮਝੀ ਜਾਂਦੀ ਹੈ, ਕਿਉਂਕਿ ਅਮਰੀਕੀ ਸਿੱਖ ਲਾਬੀ ਦਾ ਉਥੋਂ ਦੀ ਰਾਜਨੀਤੀ ਵਿੱਚ ਬਹੁਤਾ ਪ੍ਰਭਾਵ ਨਹੀਂ ਹੈ। ਸਥਾਨਕ ਸਿੱਖ ਲੀਡਰਸ਼ਿਪ ਨੇ ਟਰੰਪ ਦੀ ਜਿੱਤ 'ਤੇ ਖੁੱਲ੍ਹੇ ਦਿਲ ਨਾਲ ਵਧਾਈ ਦੇ ਕੇ ਅਤੇ ਜਸ਼ਨ ਮਨਾ ਕੇ ਸਿਆਣਪ ਤੋਂ ਕੰਮ ਲਿਆ ਹੈ ਪਰ ਦੇਖਣ ਵਾਲੀ ਗੱਲ ਹੈ ਕਿ ਅਮਰੀਕਾ ਵਿੱਚ ਰਹਿੰਦੇ ਭਾਰਤੀਆਂ ਦੀ ਗਿਣਤੀ ਭਾਵੇਂ ਇੱਕ ਫ਼ੀਸਦੀ ਦੇ ਕਰੀਬ ਹੀ ਹੈ, ਪਰ ਉਹ ਉੱਥੇ 6 ਫ਼ੀਸਦੀ ਟੈਕਸ ਭਰਦੇ ਹਨ, ਜੋ ਉਨ੍ਹਾਂ ਦੇ ਪ੍ਰਭਾਵ ਨੂੰ ਦਰਸਾਉਂਦਾ ਹੈ। ਅਮਰੀਕਾ ਵਿੱਚ ਕਰੀਬ 20 ਲੱਖ ਹਿੰਦੂ ਵਸੋਂ ਹੈ ਤੇ 5 ਤੋਂ 6 ਲੱਖ ਸਿੱਖ ਵਸੋਂ ਹੈ। ਇਸ ਵਾਰ ਅਮਰੀਕਾ ਦੇ ਹਾਊਸ ਆਫ਼ ਰੀਪਰਜ਼ੈਂਟੇਟਿਵ ਲਈ ਭਾਰਤੀ ਮੂਲ ਦੇ 6 ਵਿਅਕਤੀ ਚੁਣੇ ਗਏ ਸਨ, ਜਿਨ੍ਹਾਂ ਵਿਚੋਂ 5 ਹਿੰਦੂ ਹਨ ਤੇ ਇੱਕ ਇਸਾਈ, ਭਾਵੇਂ ਕਿ ਰਾਸ਼ਟਰਪਤੀ ਚੋਣ ਹਾਰੀ ਕਮਲਾ ਹੈਰਿਸ ਵੀ ਹਿੰਦੂ ਮੂਲ ਦੀ ਹੀ ਹੈ। ਪਰ ਸਿੱਖ ਇੱਕ ਵੀ ਨਹੀਂ, ਜੋ ਸਾਫ਼ ਕਰਦਾ ਹੈ ਕਿ ਅਮਰੀਕੀ ਰਾਜਨੀਤੀ ਵਿੱਚ ਸਿੱਖ ਲਾਬੀ ਬਹੁਤ ਕਮਜ਼ੋਰ ਹੈ। ਅਮਰੀਕੀ ਸਿੱਖਾਂ ਨੂੰ ਦੁਨੀਆਂ ਦੇ ਸਭ ਤੋਂ ਤਾਕਤਵਰ ਦੇਸ਼ ਦੀ ਰਾਜਨੀਤੀ ਵਿੱਚ ਆਪਣੀ ਭਾਗੀਦਾਰੀ ਮਜ਼ਬੂਤ ਕਰਨ ਬਾਰੇ ਜ਼ਰੂਰ ਕੋਈ ਵੱਡੇ ਉਪਰਾਲੇ ਕਰਨੇ ਚਾਹੀਦੇ ਹਨ।

## ਭਾਰਤੀ ਵਪਾਰ 'ਤੇ ਕੀ ਅਸਰ ਪਵੇਗਾ ਟਰੰਪ ਦੀ ਜਿੱਤ ਦਾ ?

ਇਸ 'ਅਮਰੀਕਾ ਫ਼ਸਟ' ਸੋਚ ਨਾਲ ਭਾਰਤ 'ਤੇ ਵੀ ਕੁਝ ਮਹੱਤਵਪੂਰਨ ਅਸਰ ਪੈਣ ਦੀ ਸੰਭਾਵਨਾ ਜ਼ਰੂਰ ਹੈ। ਖ਼ਾਸਕਰ ਭਾਰਤ ਜੋ ਅਮਰੀਕਾ ਨੂੰ 77.52 ਬਿਲੀਅਨ ਡਾਲਰ ਦਾ ਸਮਾਨ ਭੇਜਦਾ ਹੈ ਤੇ 42.2 ਬਿਲੀਅਨ ਡਾਲਰ ਦਾ ਸਾਮਾਨ ਮੰਗਵਾਉਂਦਾ ਹੈ, ਬਾਰੇ ਹਾਲ ਵਿੱਚ ਹੀ ਟਰੰਪ ਵਲੋਂ ਕਹੀ ਗੱਲ ਕਿ ਇਹ ਲੋਕ (ਭਾਰਤ) ਪਿਛੜੇ ਹੋਏ ਨਹੀਂ ਸਗੋਂ ਚਲਾਕ ਹਨ। ਭਾਰਤ ਬਰਾਮਦ ਦੇ ਮਾਮਲੇ ਵਿੱਚ ਸਿਖ਼ਰ 'ਤੇ ਹੈ ਅਤੇ ਇਸ ਦਾ ਇਸਤੇਮਾਲ ਉਹ ਸਾਡੇ ਖ਼ਿਲਾਫ਼ ਕਰਦਾ ਹੈ, ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਹ ਭਾਰਤੀ ਪ੍ਰਧਾਨ ਮੰਤਰੀ ਨਾਲ ਦੋਸਤੀ ਦੇ ਬਾਵਜੂਦ ਭਾਰਤੀ ਬਰਾਮਦ ਲਈ ਮੁਸ਼ਕਿਲਾਂ ਖੜ੍ਹੀਆਂ ਕਰ ਸਕਦੇ ਹਨ।

ਖ਼ਾਸ ਕਰ ਜੇਕਰ ਟਰੰਪ ਜਿਵੇਂ ਉਹ ਚੋਣਾਂ ਦੌਰਾਨ ਵਾਅਦਾ ਕਰਦੇ ਰਹੇ, ਰੂਸ ਨਾਲ ਸੰਬੰਧ ਸੁਧਾਰ ਨਾ ਸਕੇ ਤਾਂ ਉਹ ਭਾਰਤ ਤੇ ਰੂਸ ਨਾਲ ਸੰਬੰਧਾਂ ਅਤੇ ਬ੍ਰਿਕਸ ਵਿੱਚ ਭਾਰਤ ਦੀ ਅਮਰੀਕਾ ਵਿਰੋਧੀ ਨੀਤੀ ਕਾਰਨ ਭਾਰਤੀ ਵਸਤੂਆਂ 'ਤੇ ਦਰਾਮਦ ਕਰ (ਕਸਟਮ ਡਿਊਟੀ) ਵੀ ਵਧਾ ਸਕਦੇ ਹਨ ਅਤੇ ਰਾਜਨੀਤਕ ਦਬਾਅ ਵੀ ਵਧਾਇਆ ਜਾ ਸਕਦੇ ਹਨ, ਹਾਂ ਉਸ ਦੀ ਚੀਨ ਵਿਰੋਧੀ ਆਰਥਿਕ ਨੀਤੀ ਭਾਰਤ ਨੂੰ ਇਕ ਮੌਕਾ ਵੀ ਪ੍ਰਦਾਨ ਕਰ ਸਕਦੀ ਹੈ।

ਇਸ ਦਰਮਿਆਨ ਭਾਰਤੀਆਂ ਨੂੰ ਅਮਰੀਕਾ ਵਿੱਚ ਵੀਜ਼ੇ ਘੱਟ ਮਿਲਣ ਅਤੇ ਨੌਕਰੀਆਂ ਤੋਂ ਹੱਥ ਧੋਣ ਦੀ ਸਥਿਤੀ ਦਾ ਡਰ ਵੀ ਜ਼ਰੂਰ ਰਹੇਗਾ।

ਡੋਨਾਲਡ ਟਰੰਪ ਦੇ ਪ੍ਰਸਤਾਵਿਤ ਫ਼ੈਸਲਿਆਂ ਵਿੱਚੋਂ ਇੱਕ ਹੈ ਜਨਮ ਸਮੇਂ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਅਮਰੀਕੀ ਨਾਗਰਿਕਤਾ ਨੂੰ ਖਤਮ ਕਰਨਾ। ਇਸ ਫ਼ੈਸਲੇ ਦਾ ਅਸਰ ਭਾਰਤੀਆਂ 'ਤੇ ਪਵੇਗਾ। ਟਰੰਪ ਨੇ ਪਹਿਲੇ ਦਿਨ ਹੀ ਇਸ ਨਾਲ ਜੁੜੇ ਆਦੇਸ਼ 'ਤੇ ਦਸਤਖਤ ਕਰਨ ਦੀ ਯੋਜਨਾ ਬਣਾਈ ਹੈ। ਇਹ ਹੁਕਮ ਸਿਰਫ਼ ਉਨ੍ਹਾਂ ਬੱਚਿਆਂ 'ਤੇ ਲਾਗੂ ਨਹੀਂ ਹੋਵੇਗਾ, ਜਿਨ੍ਹਾਂ ਦੇ ਮਾਪੇ ਗ਼ੈਰ-ਕਾਨੂੰਨੀ ਪ੍ਰਵਾਸੀ ਹਨ। ਪਰ ਇਹ ਉਸ ਤੋਂ ਵੀ ਅੱਗੇ ਜਾਵੇਗਾ।

ਡਰਾਫ਼ਟ ਵਿੱਚ ਕਿਹਾ ਗਿਆ ਹੈ ਕਿ ਬੱਚੇ ਦੇ ਨਾਗਰਿਕ ਬਣਨ ਲਈ, ਜਾਂ ਤਾਂ ਮਾਤਾ-ਪਿਤਾ ਕੋਲ ਅਮਰੀਕੀ ਨਾਗਰਿਕਤਾ ਜਾਂ ਸਥਾਈ ਨਿਵਾਸ ਪਰਮਿਟ ਹੋਣਾ ਜ਼ਰੂਰੀ ਹੈ। ਡਰਾਫ਼ਟ ਕਾਰਜਕਾਰੀ ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਇਹ ਅਮਰੀਕੀ ਸੰਵਿਧਾਨ ਦੇ 14ਵੇਂ ਸੋਧ ਦੀ ਸਹੀ ਵਿਆਖਿਆ ਕਰ ਰਿਹਾ ਹੈ। ਇਮੀਗ੍ਰੇਸ਼ਨ ਵਕੀਲਾਂ ਦਾ ਮੰਨਣਾ ਹੈ ਕਿ ਅਜਿਹਾ ਸੰਭਵ ਨਹੀਂ ਹੈ ਅਤੇ ਜੇਕਰ ਕਾਰਜਕਾਰੀ ਆਦੇਸ਼ ਪਾਸ ਕੀਤਾ ਜਾਂਦਾ ਹੈ, ਤਾਂ ਇਸ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਜਾਵੇਗੀ।ਇਮੀਗ੍ਰੇਸ਼ਨ ਅਟਾਰਨੀ ਗ੍ਰੇਗ ਸਿਸਕਿੰਡ ਨੇ ਕਿਹਾ ਕਿ ਇਸ ਫ਼ੈਸਲੇ 'ਤੇ ਨਿਸ਼ਚਤ ਤੌਰ 'ਤੇ ਮੁਕੱਦਮਾ ਚਲਾਇਆ ਜਾਵੇਗਾ ਕਿਉਂਕਿ ਇਹ 14ਵੀਂ ਸੋਧ ਦੀ ਉਲੰਘਣਾ ਕਰਦਾ ਹੈ। ਸਾਨੂੰ ਇਹ ਦੇਖਣਾ ਹੋਵੇਗਾ ਕਿ ਉਹ ਅਮਰੀਕਾ ਵਿੱਚ ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਦੇ ਬੱਚਿਆਂ ਨੂੰ ਬਾਹਰ ਕੱਢਣ ਲਈ ਕਿਸ ਹੱਦ ਤੱਕ ਜਾਂਦੇ ਹਨ। ਇਹ ਫ਼ੈਸਲਾ ਭਾਰਤੀ ਪ੍ਰਵਾਸੀਆਂ ਲਈ ਵੱਡਾ ਝਟਕਾ ਹੋਵੇਗਾ। ਪਿਊ ਰਿਸਰਚ ਦੇ ਅਨੁਸਾਰ, ਅਮਰੀਕਾ ਵਿੱਚ ਲਗਭਗ 48 ਲੱਖ ਭਾਰਤੀ ਅਮਰੀਕੀ ਰਹਿੰਦੇ ਹਨ, ਜਿਨ੍ਹਾਂ ਵਿੱਚੋਂ 16 ਲੱਖ ਦਾ ਜਨਮ ਅਮਰੀਕਾ ਵਿੱਚ ਹੋਇਆ ਸੀ।

ਇਸ ਹੁਕਮ ਦੇ ਪਾਸ ਹੋਣ ਤੋਂ ਬਾਅਦ, ਅੱਗੇ ਜਾ ਕੇ, ਭਾਰਤੀ ਜੋੜਿਆਂ ਦੇ ਬੱਚੇ, ਜਿਨ੍ਹਾਂ ਵਿੱਚੋਂ ਨਾ ਤਾਂ ਅਮਰੀਕੀ ਨਾਗਰਿਕਤਾ ਹੈ ਅਤੇ ਨਾ ਹੀ ਗ੍ਰੀਨ ਕਾਰਡ, ਆਟੋਮੈਟਿਕ ਨਾਗਰਿਕਤਾ ਲਈ ਯੋਗ ਨਹੀਂ ਹੋਣਗੇ।

ਜਦੋਂ ਵੀ ਗ੍ਰੀਨ ਕਾਰਡ ਅਲਾਟ ਕਰਨ ਦੀ ਗੱਲ ਆਉਂਦੀ ਹੈ ਤਾਂ ਭਾਰਤੀਆਂ ਨੂੰ ਘੱਟ ਤਰਜੀਹ ਮਿਲਦੀ ਹੈ। ਐੱਚ-1ਬੀ ਵੀਜ਼ਾ 'ਤੇ ਅਮਰੀਕਾ ਵਿੱਚ ਕੰਮ ਕਰਨ ਵਾਲੇ ਬਹੁਤ ਸਾਰੇ ਲੋਕਾਂ ਦੀ ਅਲਾਟਮੈਂਟ ਦਹਾਕਿਆਂ ਤੋਂ ਲਟਕ ਰਹੀ ਹੈ। ਉਦਾਹਰਨ ਲਈ, ਜਦੋਂ ਰੁਜ਼ਗਾਰ-ਸਬੰਧਤ ਗ੍ਰੀਨ ਕਾਰਡਾਂ ਦੀ ਗੱਲ ਆਉਂਦੀ ਹੈ ਤਾਂ ਸਮੁੱਚੀ ਸੀਮਾ 140,000 ਪ੍ਰਤੀ ਸਾਲ ਹੈ। ਇਸ ਤੋਂ ਇਲਾਵਾ ਕਿਸੇ ਵੀ ਦੇਸ਼ ਦੇ ਲੋਕਾਂ ਨੂੰ ਸੱਤ ਫ਼ੀਸਦੀ ਤੋਂ ਵੱਧ ਗ੍ਰੀਨ ਕਾਰਡ ਨਹੀਂ ਮਿਲ ਸਕਦਾ। ਟਰੰਪ ਵਲੋਂ ਉਥੇ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਭਾਰਤੀਆਂ ਨੂੰ ਡਿਪੋਰਟ ਕਰਨ ਦੀ ਮੁਹਿੰਮ ਵੀ ਤੇਜ਼ ਕੀਤੀ ਜਾ ਸਕਦੀ ਹੈ। ਗ਼ੌਰਤਲਬ ਹੈ ਕਿ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਤੌਰ 'ਤੇ ਦਾਖ਼ਲ ਹੋਏ 90415 ਲੋਕ ਤਾਂ ਪਿਛਲੇ ਸਿਰਫ਼ ਇਕ ਸਾਲ ਵਿੱਚ ਹੀ ਫ਼ੜੇ ਗਏ ਹਨ। ਇਨ੍ਹਾਂ ਵਿਚੋਂ ਅੱਧੇ ਤੋਂ ਵਧੇਰੇ ਸਿਰਫ਼ ਗੁਜਰਾਤੀ ਸਨ, ਪੰਜਾਬੀ ਨਹੀਂ।

# ਕੈਨੇਡਾ ਪਹੁੰਚਣ ਲੱਗਿਆ ਭਾਰਤ ਦਾ ਅੰਦਰੂਨੀ ਫ਼ਿਰਕੂ ਟਕਰਾਅ

## ਭਗਵਿਆਂ ਤੇ ਖ਼ਾਲਿਸਤਾਨੀਆਂ ਦੇ ਟਕਰਾਅ ਤੋਂ ਕੈਨੇਡਾ ਸਰਕਾਰ ਹੋਈ ਸਾਵਧਾਨ, ਸਖ਼ਤੀ ਦੇ ਮੂਡ ਵਿਚ

## ਹਿੰਦੂ-ਸਿੱਖ ਭਾਈਚਾਰੇ ਦੇ ਆਗੂ ਪ੍ਰਸ਼ਾਸਨ ਦਾ ਸਹਿਯੋਗ ਕਰਕੇ ਸਥਿਤੀ ਨੂੰ ਸੰਭਾਲਣ 'ਚ ਪਾ ਰਹੇ ਨੇ ਯੋਗਦਾਨ








ਅਜਿਹਾ ਜਾਪਦਾ ਹੈ ਕਿ ਹਾਲੀਆ ਘਟਨਾਵਾਂ ਦੇ ਮੱਦੇਨਜ਼ਰ ਕੈਨੇਡਾ ਅਤੇ ਇਸ ਦੇ ਭਾਈਵਾਲ ਦੇਸ਼ਾਂ ਦਾ ਵਿਚਾਰ ਹੈ ਕਿ ਭਾਰਤ ਦਾ ਅੰਦਰੂਨੀ ਫ਼ਿਰਕੂ ਟਕਰਾਅ ਹੁਣ ਉਨ੍ਹਾਂ ਦੇ ਦੇਸ਼ ਵਿੱਚ ਵਾੜਿਆ ਜਾ ਰਿਹਾ ਹੈ, ਜੋ ਭਵਿੱਖ ਵਿੱਚ ਉੱਥੇ ਦੀ ਕਾਨੂੰਨ ਵਿਵਸਥਾ ਨੂੰ ਵੱਡੀ ਚੁਣੌਤੀ ਦੇ ਸਕਦਾ ਹੈ।

ਕੈਨੇਡਾ ਤੇ ਅਮਰੀਕਾ ਵਿੱਚ ਮਨੁੱਖੀ ਅਧਿਕਾਰ ਜਥੇਬੰਦੀਆਂ ਸੰਘ ਪਰਿਵਾਰ ਨਾਲ ਜੁੜੀਆਂ ਜਥੇਬੰਦੀਆਂ ਉੱਪਰ ਪਾਬੰਦੀ ਲਗਾਉਣ ਦੀ ਮੰਗ ਕਰ ਰਹੀਆਂ ਹਨ। ਕੈਨੇਡਾ ਵਿੱਚ ਭਗਵਿਆਂ ਤੇ ਖ਼ਾਲਿਸਤਾਨੀ ਸਿੱਖਾਂ ਵਿੱਚ ਹੋਈ ਹਿੰਸਾ ਤੋਂ ਬਾਅਦ ਹੁਣ ਖੱਤਰੀ ਮੂਲਨਿਵਾਸੀ ਫ਼ੈਡਰੇਸ਼ਨ ਹਿੰਦੂ ਭਾਈਚਾਰੇ ਨੂੰ ਸਾਵਧਾਨ ਰਹਿਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਭਗਵੇਂ ਮੰਦਰਾਂ ਦਾ ਰਾਜਨੀਤੀਕਰਨ ਕਰ ਰਹੇ ਹਨ, ਮੰਦਰਾਂ ਵਿੱਚ ਮੋਦੀ ਅਤੇ ਲਾਰੈਂਸ ਬਿਸ਼ਨੋਈ ਦੀਆਂ ਤਸਵੀਰਾਂ ਲਗਾਈਆਂ ਜਾ ਰਹੀਆਂ ਹਨ ਅਤੇ ਆਰ.ਐਸ.ਐਸ. ਨਾਲ ਜੁੜੇ ਪੰਡਿਤ ਆਮ ਹਿੰਦੂਆਂ ਨੂੰ ਸਿੱਖਾਂ ਵਿਰੁੱਧ ਭੜਕਾ ਰਹੇ ਹਨ। ਕੈਨੇਡਾ ਵਿੱਚ ਮੰਦਰਾਂ ਦਾ ਸਿਆਸੀਕਰਨ ਅਤੇ ਫ਼ਿਰਕੂਕਰਨ ਹੋ ਰਿਹਾ ਹੈ। ਅਸੀਂ ਅਜਿਹੀ ਨਸਲਕੁਸ਼ੀ ਦੀ ਸਾਜ਼ਿਸ਼ ਦਾ ਪੂਰੀ ਤਰ੍ਹਾਂ ਵਿਰੋਧ ਕਰਦੇ ਹਾਂ। ਖਾਸ ਕਰਕੇ ਖੱਤਰੀ ਵਰਗ ਨੂੰ ਅਜਿਹੀਆਂ ਸਿੱਖ ਵਿਰੋਧੀ ਸਾਜ਼ਿਸ਼ਾਂ ਨੂੰ ਸਮਝਣਾ ਚਾਹੀਦਾ ਹੈ। ਯਾਦ ਰਹੇ ਕਿ ਬੀਤੇ ਦਿਨੀਂ ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿੱਚ 4 ਨਵੰਬਰ ਨੂੰ ਹਿੰਦੂ ਭਾਈਚਾਰੇ ਦੇ ਲੋਕਾਂ ਵੱਲੋਂ ਦਿਖਾਏ ਤਾਕਤ ਦੇ ਪ੍ਰਦਰਸ਼ਨ ਨੇ ਉੱਥੋਂ ਦੇ ਅਧਿਕਾਰੀਆਂ ਨੂੰ ਹੈਰਾਨ ਕਰ ਦਿੱਤਾ ਸੀ। ਸ਼ਾਇਦ ਇਸੇ ਕਾਰਨ ਪੁਲਿਸ ਦਾ ਰੁਖ ਸਖ਼ਤ ਹੋ ਗਿਆ ਸੀ ਅਤੇ ਉਸਨੇ ਇਸ ਹਿੰਸਾ ਉਪਰ ਸਖਤੀ ਨਾਲ ਕਾਬੂ ਪਾ ਲਿਆ।

ਕੈਨੇਡਾ ਮੀਡੀਆ ਅਨੁਸਾਰ ਇਹ ਹਿੰਸਾ ਜਾਣ ਬੁਝਕੇ ਮੰਦਰ ਦੇ ਪੁਜਾਰੀ ਰਾਹੀਂ ਭੜਕਾਈ ਗਈ ਸੀ। ਹਾਲਾਂਕਿ ਮੰਦਰ ਉੱਪਰ ਖ਼ਾਲਿਸਤਾਨੀਆਂ ਨੇ ਹਮਲਾ ਨਹੀਂ ਕੀਤਾ ਸੀ। ਜਦ ਕਿ ਇਸ ਤੋਂ ਬਾਅਦ ਮਾਲਟਨ ਗੁਰਦੁਆਰੇ ਉੱਪਰ ਫ਼ਿਰਕੂ ਭੀੜ ਵੱਲੋਂ ਹਮਲਾ ਕੀਤਾ ਗਿਆ ਤੇ ਸਿੱਖਾਂ ਵਿਰੁੱਧ ਨਫ਼ਰਤੀ ਬਿਆਨਬਾਜ਼ੀ ਕੀਤੀ ਗਈ ਸੀ।

ਦੂਜੇ ਪਾਸੇ, ਹਿੰਦੂ ਮੰਦਰ ਦੇ ਪ੍ਰਬੰਧਕਾਂ ਨੇ ਇਸਦੇ ਮੁੱਖ ਪੁਜਾਰੀ ਨੂੰ ਮੁਅੱਤਲ ਕਰ ਦਿੱਤਾ ਸੀ, ਜਿਸ ਦੇ ਨਫ਼ਰਤ ਵਾਲੇ ਨਸਲਵਾਦੀ ਭਾਸ਼ਣ ਦੇ ਵੀਡੀਓ ਵਾਇਰਲ ਹੋ ਗਏ ਸਨ। ਇਸੇ ਕਾਰਨ ਹਿੰਸਾ ਫ਼ੈਲੀ ਸੀ। ਠੀਕ ਇੱਕ ਦਿਨ ਬਾਅਦ, ਖ਼ਬਰ ਆਈ ਕਿ ਮੰਦਰ ਪ੍ਰਬੰਧਨ ਨੇ ਪੁਜਾਰੀ ਤੋਂ ਮੁਆਫ਼ੀ ਪੱਤਰ ਲੈ ਕੇ ਉਸ ਨੂੰ ਬਹਾਲ ਕਰ ਦਿੱਤਾ ਗਿਆ ਸੀ। ਪੁਜਾਰੀ ਦੀ ਬਹਾਲੀ ਦੀ ਕੈਨੇਡਾ ਦੇ ਸਿੱਖਾਂ ਵਲੋਂ ਕਰੜੀ ਆਲੋਚਨਾ ਹੋ ਰਹੀ ਹੈ।

ਇਸ ਤੋਂ ਪਹਿਲਾਂ ਪੁਲਿਸ ਨੇ ਬਰੈਂਪਟਨ ਹਿੰਦੂ ਮੰਦਿਰ ਦੇ ਬਾਹਰ ਖਾਲਿਸਤਾਨ ਪੱਖੀ ਪ੍ਰਦਰਸ਼ਨ ਵਿੱਚ ਕਥਿਤ ਤੌਰ 'ਤੇ ਹਿੱਸਾ ਲੈਣ ਦੇ ਦੋਸ਼ ਵਿੱਚ ਪੁਲਿਸ ਵਿਭਾਗ ਦੇ ਇੱਕ ਅਧਿਕਾਰੀ ਸਾਰਜੈਂਟ ਹਰਿੰਦਰ ਸੋਹੀ ਨੂੰ ਵੀ ਮੁਅੱਤਲ ਕਰ ਦਿੱਤਾ ਸੀ। ਇਸ ਤੋਂ ਬਾਅਦ ਪੁਲਿਸ ਨੇ 57 ਸਾਲਾ ਰਣੇਂਦਰ ਲਾਲ ਬੈਨਰਜੀ, ਟੋਰਾਂਟੋ ਨਿਵਾਸੀ, ਨੂੰ ਨਫ਼ਰਤ ਦੇ ਜਨਤਕ ਉਕਸਾਉਣ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ। .ਪੁਲਿਸ ਅਧਿਕਾਰੀ ਟਾਈਲਰ ਬੇਲ-ਮੋਰੇਨਾ ਦੇ ਅਨੁਸਾਰ, ਬੈਨਰਜੀ ਨੇ ਕਥਿਤ ਤੌਰ 'ਤੇ ਲਾਊਡ ਸਪੀਕਰ ਦੀ ਵਰਤੋਂ ਕਰਕੇ ਸਿੱਖਾਂ ਵਿਰੁੱਧ ਹਿੰਸਾ ਨੂੰ ਭੜਕਾਇਆ ਸੀ। ਬੈਨਰਜੀ ਦਾ ਸਿਖਾਂ ਵਿਰੁੱਧ ਭੜਕਾਊ ਵੀਡੀਓ ਸੋਸ਼ਲ ਮੀਡੀਆ 'ਤੇ ਵੀ ਦੇਖਿਆ ਗਿਆ ਸੀ। ਬਾਅਦ ਵਿੱਚ ਬੈਨਰਜੀ, ਨੂੰ ਖਾਸ ਸ਼ਰਤਾਂ ਅਧੀਨ ਰਿਹਾਅ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਦੀ ਨਿਸਚਿਤ ਮਿਤੀ 'ਤੇ ਓਨਟਾਰੀਓ ਕੋਰਟ ਆਫ਼ ਜਸਟਿਸ ਦੇ ਸਾਹਮਣੇ ਦੋਸ਼ੀ ਬੈਨਰਜੀ ਵੱਲੋਂ ਪੇਸ਼ ਹੋਣ ਦੀ ਉਮੀਦ ਹੈ।

ਇਸ ਤੋਂ ਇਲਾਵਾ, ਪੁਲਿਸ ਨੇ ਕਿਚਨਰ ਦੇ 24 ਸਾਲਾ ਅਰਮਾਨ ਗਹਿਲੋਤ ਅਤੇ 22 ਸਾਲਾ ਅਰਪਿਤ ਦੇ ਵਾਰੰਟ ਜਾਰੀ ਕੀਤੇ ਹਨ, ਜਿਨ੍ਹਾਂ ਦਾ ਕੋਈ ਪੱਕਾ ਪਤਾ ਨਹੀਂ ਲਗ ਰਿਹਾ ਕਿ ਉਹ ਕਿਥੇ ਗਾਇਬ ਹੋ ਗਏ। ਦੋਵਾਂ ਉੱਪਰ ਕਤਲੇਆਮ ਕਰਨ ਦੀਆਂ ਧਮਕੀਆਂ, ਹਥਿਆਰਾਂ ਨਾਲ ਹਮਲਾ ਕਰਨ ਦੀ ਸਾਜ਼ਿਸ਼ ਅਤੇ ਹਿੰਸਾ ਫ਼ੈਲਾਉਣ ਸਮੇਤ ਕਈ ਦੋਸ਼ ਹਨ।

(ਬਾਕੀ ਸਫ਼ਾ 30 'ਤੇ)

## ਸਿੱਖ ਤੇ ਹਿੰਦੂ ਭਾਈਚਾਰਾ ਪ੍ਰਸ਼ਾਸਨ ਦਾ ਕਰ ਰਿਹੈ ਸਹਿਯੋਗ

ਦੂਜੇ ਪਾਸੇ ਹਿੰਦੂ-ਸਿੱਖ ਭਾਈਚਾਰਿਆਂ ਦੇ ਸਥਾਨਕ ਆਗੂਆਂ ਨੇ ਠਰ੍ਹੰਮੇ ਅਤੇ ਪ੍ਰਸ਼ਾਸਨ ਦੀ ਸਹਾਇਤਾ ਨਾਲ ਸਥਿਤੀ ਨੂੰ ਸੰਭਾਲਣਾ ਜਾਰੀ ਰੱਖਿਆ ਹੋਇਆ ਹੈ, ਜਿਸ ਸਦਕਾ ਸਥਿਤੀ ਆਮ ਹੋ ਰਹੀ ਹੈ। ਟੋਰਾਂਟੋ ਇਲਾਕੇ ਵਿੱਚ ਦੋ ਦਰਜ਼ਨ ਤੋਂ ਵੱਧ ਮੰਦਿਰਾਂ ਦੇ ਪ੍ਰਬੰਧਕਾਂ ਦੀ ਸੰਸਥਾ ਹਿੰਦੂ ਫ਼ੈਡਰੇਸ਼ਨ, ਉਂਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ, ਉਂਟਾਰੀਓ ਗੁਰਦੁਆਰਾ ਕਮੇਟੀ, ਵਰਲਡ ਸਿੱਖ ਆਰਗੇਨਾਈਜੇਸ਼ਨ ਸਮੇਤ ਕਈ ਸਿੱਖ ਅਤੇ ਹਿੰਦੂ ਸੰਸਥਾਵਾਂ ਅਤੇ ਕਲੱਬਾਂ ਦੇ ਆਗੂ ਲਗਾਤਾਰਤਾ ਨਾਲ ਮਾਹੌਲ ਸ਼ਾਂਤ ਕਰਨ ਲਈ ਯਤਨਸ਼ੀਲ ਹਨ। ਹਿੰਦੂ ਸਭਾ ਮੰਦਿਰ ਦੀ ਪ੍ਰਬੰਧਕੀ ਕਮੇਟੀ ਨੇ ਮੰਦਿਰ ਵਿੱਚ ਰੈਲੀਆਂ ਕਰਨ ਅਤੇ ਪ੍ਰਦਰਸ਼ਨ ਕਰਨ ਲਈ ਇਕੱਠ ਕਰਨ ਦੀ ਪਾਬੰਦੀ ਲਗਾਈ ਜਾ ਚੁੱਕੀ ਹੈ, ਕਿਉਂਕਿ ਫ਼ਿਰਕੂ ਭੀੜ ਦੇ ਨੁਮਾਇੰਦਿਆਂ ਵਲੋਂ ਮੰਦਿਰ ਦੀ ਪਾਰਕਿੰਗ ਵਿੱਚ ਇਕੱਤਰ ਹੋ ਕੇ ਨਫ਼ਰਤੀ ਭਾਸ਼ਨ ਕਰਨ ਮਗਰੋਂ ਲੋਕਾਂ ਨੂੰ ਭੜਕਾ ਕੇ ਸ਼ਹਿਰ ਦੀਆਂ ਸੜਕਾਂ ਉੱਪਰ ਹਿੰਸਕ ਪ੍ਰਦਰਸ਼ਨ ਕਰਨ ਭੜਕਾਇਆ ਗਿਆ ਸੀ ਤੇ ਗੁਰਦੁਆਰੇ ਉੱਪਰ ਹਮਲਾ ਕਰਵਾਇਆ ਸੀ। ਮੰਦਿਰ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਮਧੂਸੂਦਨ ਲਾਮਾ ਨੇ ਆਪਣੇ ਤਾਜ਼ਾ ਬਿਆਨ ਵਿੱਚ ਹਿੰਦੂ ਭਾਈਚਾਰੇ ਵਲੋਂ ਸਹਿਯੋਗ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਹਿੰਦੂ ਸਭਾ ਮੰਦਿਰ ਅਤੇ ਮਾਲਟਨ ਵਿਖੇ ਸਿੰਘ ਸਭਾ ਗੁਰਦੁਆਰਾ 'ਚ 3 ਅਤੇ 4 ਨਵੰਬਰ ਨੂੰ ਹੋਈ ਹਿੰਸਾ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ ਸੀ। ਉਨ੍ਹਾਂ ਆਖਿਆ ਕਿ ਧਾਰਮਿਕ ਸਥਾਨ ਦੇ ਬਾਹਰ ਅਤੇ ਅੰਦਰ ਰੋਸ ਪ੍ਰਦਰਸ਼ਨ ਨਹੀਂ ਕੀਤਾ ਜਾਣਾ ਚਾਹੀਦਾ। ਬਰੈਂਪਟਨ ਦੀ ਮਿਊਂਸਪਲ ਸਰਕਾਰ ਵਲੋਂ ਅਜਿਹੀ ਰੋਕ ਅਮਲ ਵਿੱਚ ਲਿਆਉਣ ਦੇ ਮਤੇ ਉਪਰ ਕੰਮ ਵੀ ਕੀਤਾ ਜਾ ਰਿਹਾ ਹੈ। ਇਸੇ ਦੌਰਾਨ ਮੌਜੂਦਾ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਰੈਂਪਟਨ ਵਿਖੇ ਸਿੱਖ ਹੈਰੀਟੇਜ ਸੈਂਟਰ ਗੁਰਦੁਆਰਾ ਸਾਹਿਬ ਵਿੱਚ ਭਾਰਤੀ ਕੌਂਸਲਖਾਨੇ ਦੇ ਸਟਾਫ਼ ਵਲੋਂ 10 ਨਵੰਬਰ ਨੂੰ ਭਾਰਤੀ ਪੈਂਸ਼ਨਰਾਂ ਲਈ ਲਗਾਇਆ ਜਾਣ ਵਾਲਾ 'ਲਾਈਫ਼ ਸਰਟੀਫ਼ਿਕੇਟ' ਕੈਂਪ ਰੱਦ ਕਰ ਦਿੱਤਾ ਗਿਆ ਸੀ ਪਰ ਪਤਾ ਲੱਗਾ ਹੈ ਕਿ ਕੌਂਸਲਖਾਨੇ ਦੇ ਨਵੰਬਰ ਅਤੇ ਦਸੰਬਰ ਮਹੀਨਿਆਂ ਦੌਰਾਨ ਉਲੀਕੇ ਗਏ ਬਾਕੀ ਕੈਂਪ ਲੱਗਦੇ ਰਹਿਣਗੇ।

ਉਂਟਾਰੀਓ ਗੁਰਦੁਆਰਾ ਕਮੇਟੀ ਦੇ ਆਗੂਆਂ ਨੇ ਬੀਤੇ ਦਿਨੀਂ ਮਾਲਟਨ ਵਿਖੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ ਅੰਦਰ ਪੱਤਰਕਾਰਾਂ ਨੂੰ ਦੱਸਿਆ ਕਿ ਸਿੱਖਾਂ ਵਲੋਂ ਮੰਦਿਰ ਉੱਪਰ ਹਮਲਾ ਨਹੀਂ ਕੀਤਾ ਗਿਆ ਸੀ। ਇਹ ਵੀ ਕਿ ਇੱਕ ਰੋਸ ਪ੍ਰਦਰਸ਼ਨ ਨੂੰ ਦੋ ਭਾਈਚਾਰਿਆਂ ਦੇ ਟਕਰਾਓ ਵਜੋਂ ਪ੍ਰਚਾਰਨਾ ਗਲਤ ਹੈ, ਜਦਕਿ ਸਹੀ ਪੱਖ ਇਹ ਹੈ ਕਿ ਸਿੱਖਸ ਫ਼ਾਰ ਜਸਟਿਸ ਦੇ ਮੈਂਬਰਾਂ ਵਲੋਂ ਹਿੰਦੂ ਸਭਾ ਮੰਦਿਰ ਦੇ ਬਾਹਰ (ਜਨਤਕ ਜਗ੍ਹਾ 'ਤੇ) ਸ਼ਾਂਤ ਰਹਿ ਕੇ ਉਥੇ ਆਏ ਹੋਏ ਭਾਰਤੀ ਕੂਟਨੀਤਕਾਂ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਜਾ ਗਿਆ ਸੀ ਅਤੇ ਉਹ ਪ੍ਰਦਰਸ਼ਨ ਮੰਦਿਰ ਜਾਂ ਹਿੰਦੂ ਭਾਈਚਾਰੇ ਦੇ ਵਿਰੁੱਧ ਨਹੀਂ ਸੀ। ਇਹ ਵੀ ਕਿ ਜੇਕਰ ਭਾਰਤੀ ਕੂਟਨੀਤਕ ਗੁਰਦੁਆਰਾ ਸਾਹਿਬ ਅੰਦਰ ਕੈਂਪ ਲਗਾਉਣ ਗਏ ਸੀ ਤਾਂ ਓਥੇ ਵੀ ਉਨ੍ਹਾਂ ਦਾ ਵਿਰੋਧ ਕੀਤਾ ਗਿਆ ਸੀ।

# ਕੈਨੇਡਾ ਵਿੱਚ ਘਟਾਈ ਜਾ ਰਹੀ ਹੈ ਪਰਵਾਸੀਆਂ ਦੀ ਗਿਣਤੀ

## ➢ ਵਿਦੇਸ਼ੀ ਵਿਦਿਆਰਥੀਆਂ ਲਈ ਬਣੀ ਸਟੂਡੈਂਟ ਡਾਇਰੈਕਟ ਸ੍ਟੀਮ ਕੀਤੀ ਖ਼ਤਮ ➢ ਭਾਰਤ, ਚੀਨ ਤੇ ਪਾਕਿਸਤਾਨ ਸਮੇਤ 14 ਦੇਸ਼ਾਂ ਦੇ ਅਰਜ਼ੀਕਰਤਾਵਾਂ ਨੂੰ ਪਹਿਲ ਮਿਲਣੀ ਹੋਈ ਬੰਦ

ਕੈਨੇਡਾ ਦੇ ਸਟੱਡੀ ਪਰਮਿਟ ਦੀਆਂ ਅਰਜ਼ੀਆਂ ਦੇ ਜਲਦੀ ਨਿਪਟਾਰੇ ਵਾਸਤੇ ਦੇਸ਼ ਦੇ ਇਮੀਗ੍ਰੇਸ਼ਨ ਵਿਭਾਗ ਵਲੋਂ 2018 ਵਿੱਚ ਅਪਣਾਈ ਗਈ ਸਰਲ ਪ੍ਰਣਾਲੀ ਨੂੰ ਸਟੂਡੈਂਟ ਡਾਇਰੈਕਟ ਸਟਰੀਮ (ਐੱਸ.ਡੀ.ਐੱਸ) ਦਾ ਨਾਮ ਦਿੱਤਾ ਗਿਆ ਸੀ। ਇਸ ਤਹਿਤ ਸਟੱਡੀ ਪਰਮਿਟ ਦੀਆਂ ਅਰਜ਼ੀਆਂ ਦਾ ਫ਼ੈਸਲਾ ਕੁਝ ਹਫ਼ਤਿਆਂ ਵਿੱਚ ਹੀ ਕਰ ਦਿੱਤਾ ਜਾਂਦਾ ਸੀ, ਜਿਸ ਤਹਿਤ ਭਾਰਤ, ਪਾਕਿਸਤਾਨ, ਚੀਨ ਅਤੇ ਫਿਲਪੀਨ ਸਮੇਤ 14 ਦੇਸ਼ਾਂ ਦੇ ਨਾਗਰਿਕਾਂ ਨੂੰ ਕੈਨੇਡਾ ਦੇ ਸਟੱਡੀ ਪਰਮਿਟ ਤੇਜ਼ੀ ਨਾਲ ਜਾਰੀ ਕੀਤਾ ਜਾ ਰਹੇ ਸਨ। ਕੈਨੇਡਾ ਵਿੱਚ ਬੀਤੇ ਸਾਲਾਂ ਤੋਂ ਬਣੇ ਹੋਏ ਬਦਤਰ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਨੇ ਆਪਣੇ ਵੀਜ਼ਾ ਅਤੇ ਇਮੀਗ੍ਰੇਸ਼ਨ ਪ੍ਰੋਗਰਾਮਾਂ ਨੂੰ ਬੀਤੇ ਸਾਲ ਤੋਂ ਮੁੜ ਸਖ਼ਤ ਕਰਨਾ ਜਾਰੀ ਰੱਖਿਆ ਹੋਇਆ ਹੈ। ਇਸ ਵਿੱਚ ਸਟੱਡੀ ਪਰਮਿਟਾਂ ਦੀ ਸਾਲਾਨਾ ਗਿਣਤੀ ਘੱਟ ਕਰਨ ਦੇ ਨਾਲ ਹੁਣ ਐੱਸ.ਡੀ.ਐੱਸ. ਵੀ ਨੂੰ ਵੀ ਬੀਤੇ ਦਿਨੀਂ ਬੰਦ ਕਰ ਦਿੱਤਾ ਗਿਆ ਸੀ। ਐੱਸ.ਡੀ.ਐੱਸ. ਰਾਹੀਂ ਭਾਸ਼ਾ ਦਾ (ਆਈਲੈਟਸ) ਟੈਸਟ, ਕਾਲਜ ਵਿੱਚ ਦਾਖਲਾ, ਕੈਨੇਡਾ ਦੇ ਵਿੱਤੀ ਅਦਾਰੇ ਵਿੱਚ ਜੀ. ਆਈ. ਸੀ. ਅਕਾਊਂਟ ਆਦਿ ਦਸਤਾਵੇਜ਼ਾਂ ਨਾਲ ਸਟੱਡੀ ਪਰਮਿਟ ਸੌਖਾ ਮਿਲ ਰਿਹਾ ਸੀ। ਐੱਸ.ਡੀ.ਐੱਸ. ਵਿੱਚ ਪਰਮਿਟ ਤੋਂ ਨਾਂਹ ਹੋਣ ਦੀ ਸੰਭਾਵਨਾ ਘੱਟ ਸੀ ਪਰ ਇਸ ਪ੍ਰਣਾਲੀ ਰਾਹੀਂ ਕੈਨੇਡਾ ਦੇ ਇਮੀਗ੍ਰੇਸ਼ਨ ਸਿਸਟਮ ਨਾਲ ਧੋਖਾਧੜੀ ਬਹੁਤ ਵੱਧ ਚੁੱਕੀ ਸੀ ਅਤੇ ਨਕਲੀ ਕਾਗਜ਼ਾਂ ਨਾਲ ਅਨਪੜ੍ਹ/ਅੱਧਪੜ੍ਹ ਲੋਕ ਵੀ ਵੀਜ਼ੇ ਲੈ ਕੇ ਕੈਨੇਡਾ ਵਿੱਚ ਪਹੁੰਚ ਰਹੇ ਸਨ, ਜਿਸ ਨਾਲ ਆਪੋਧਾਪੀ ਵਾਲਾ ਮਾਹੌਲ ਬਣਿਆ ਰਿਹਾ। ਐੱਸ.ਡੀ.ਐੱਸ. ਦੇ ਅੰਤ ਤੋਂ ਬਾਅਦ ਹੁਣ ਸਾਰੇ ਦੇਸ਼ਾਂ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਪੜ੍ਹਨ ਜਾਣ ਦੇ ਪਰਮਿਟ ਵਾਸਤੇ ਇਮੀਗ੍ਰੇਸ਼ਨ ਦੇ ਸਟੈਂਡਰਡ ਸਟੱਡੀ ਪਰਮਿਟ ਪ੍ਰੋਗਰਾਮ ਰਾਹੀਂ ਅਪਲਾਈ ਕਰਨਾ ਲਾਜ਼ਮੀ ਕਰ ਦਿੱਤਾ ਗਿਆ ਹੈ। ਸਟੈਂਡਰਡ ਪ੍ਰੋਗਰਾਮ ਰਾਹੀਂ ਭਾਰਤੀ ਨਾਗਰਿਕਾਂ ਦੀਆਂ ਸਟੱਡੀ ਪਰਮਿਟ ਅਰਜ਼ੀਆਂ ਦਾ ਨਿਪਟਾਰਾ ਹੋਣ ਨੂੰ ਦੋ ਮਹੀਨਿਆਂ ਦਾ ਸਮਾਂ ਲੱਗਣਾ ਆਮ ਗੱਲ ਹੈ। ਐੱਸ.ਡੀ.ਐੱਸ. ਦੇ ਨਾਲ ਹੀ ਨਾਇਜੀਰੀਆ



ਸਟੂਡੈਂਟ ਐਕਸਪ੍ਰੈੱਸ ਸਟ੍ਰੀਮ ਨੂੰ ਵੀ ਬੰਦ ਕੀਤਾ ਗਿਆ ਹੈ, ਜਿਸ ਰਾਹੀਂ ਅਫਰੀਕੀ ਦੇਸ਼ ਨਾਈਜੀਰੀਆ ਤੋਂ ਅਰਜ਼ੀਆਂ ਦਾ ਨਿਪਟਾਰਾ ਜਲਦੀ ਕੀਤਾ ਜਾਂਦਾ ਰਿਹਾ ਹੈ।

ਹਾਲ ਹੀ ਵਿੱਚ ਕੈਨੇਡਾ ਨੇ ਆਪਣੀ ਪਰਵਾਸ ਨੀਤੀ ਵਿੱਚ ਅਹਿਮ ਬਦਲਾਅ ਕਰਦਿਆਂ ਆਉਂਦੇ ਤਿੰਨ ਸਾਲਾਂ ਲਈ ਪੀ.ਆਰ. ਟੀਚਿਆਂ ਵਿੱਚ ਵੱਡੀ ਕਟੌਤੀ ਕੀਤੀ ਸੀ। ਇਮੀਗ੍ਰੇਸ਼ਨ ਮਾਹਿਰ ਤੇ ਐਸੋਸੀਏਸ਼ਨ ਆਫ਼ ਵੀਜ਼ਾ ਤੇ ਆਇਲਟਸ ਸੈਂਟਰਜ਼ ਦੇ ਪ੍ਰਧਾਨ ਬਿਕਰਮ ਝਬਾਲ ਨੇ ਕਿਹਾ, "ਮੌਜੂਦਾ ਸ਼ਰਤਾਂ ਤਹਿਤ ਐੱਸਡੀਐੱਸ ਵਰਗ ਵਿੱਚ ਅਰਜ਼ੀ ਦੀ ਪ੍ਰੋਸੈਸਿੰਗ ਨੂੰ ਸੱਤ ਤੋਂ 20 ਦਿਨ ਲੱਗਦੇ ਹਨ ਅਤੇ ਕਈ ਸ਼ਰਤਾਂ ਤਹਿਤ ਵੀਜ਼ੇ ਦੀ ਪ੍ਰਵਾਨਗੀ ਮਿਲਦੀ ਹੈ। ਵਿਦਿਆਰਥੀ ਹਾਇਰ ਗਾਰੰਟਿਡ ਆਮਦਨ ਸਰਟੀਫਿਕੇਟ ਦੇ ਨਾਲ ਇੱਕ ਸਾਲ ਫੀਸ ਦੀ ਅਗਾਊਂ ਅਦਾਇਗੀ ਕਰਦੇ ਹਨ, ਜਿਸ ਨਾਲ ਉਨ੍ਹਾਂ ਦਾ ਮਾਈਗਰੇਸ਼ਨ ਬਜਟ 20-25 ਲੱਖ ਨੂੰ ਪਹੁੰਚ ਜਾਂਦਾ ਹੈ। ਹੁਣ ਐੱਸਡੀਐੱਸ ਦੀ ਗੈਰਮੌਜੂਦਗੀ ਵਿੱਚ ਵਿਦਿਆਰਥੀਆਂ ਨੂੰ ਸਿਰਫ਼ ਛੇ ਮਹੀਨਿਆਂ ਦੀ ਫੀਸ ਅਦਾ ਕਰਨ ਦਾ ਬਦਲ ਮਿਲੇਗਾ, ਮੈਡੀਕਲ ਸਰਟੀਫਿਕੇਟ ਜਮ੍ਹਾਂ ਕਰਵਾਉਣ ਤੇ ਘਟੇ ਆਇਲਟਸ ਬੈਂਡ ਦੀ ਕੋਈ ਸ਼ਰਤ ਨਹੀਂ ਹੋਵੇਗੀ, ਕਿਉਂਕਿ ਬਹੁਤੇ ਵਿਦਿਆਰਥੀ ਸੱਤ ਜਾਂ ਇਸ ਤੋਂ ਵੱਧ ਬੈਂਡ, ਜੋ ਐੱਸਡੀਐੱਸ ਵੀਜ਼ਾ ਅਰਜ਼ੀ ਲਈ ਜ਼ਰੂਰੀ ਹਨ, ਲੈਣ ਵਿੱਚ ਨਾਕਾਮ ਰਹਿੰਦੇ ਹਨ। ਦੂਜੇ ਪਾਸੇ ਵੀਜ਼ਾ ਅਰਜ਼ੀਆਂ ਨੂੰ ਹੁਣ ਵੱਧ ਸਮਾਂ ਲੱਗੇਗਾ। ਵੀਜ਼ਾ ਪ੍ਰਵਾਨਗੀ ਦੀ ਸਫ਼ਲਤਾ ਦਰ ਬਾਰੇ ਵੀ ਤਸਵੀਰ ਸਾਫ਼ ਨਹੀਂ ਹੈ।" ਝਬਾਲ ਨੇ ਕਿਹਾ ਕਿ ਕੈਨੇਡਾ ਵਿੱਚ ਵਿਦਿਆਰਥੀ ਇਮੀਗ੍ਰੇਸ਼ਨ ਨੀਤੀ ਵਿੱਚ ਕੀਤੇ ਫੇਰਬਦਲ ਦਾ ਭਾਰਤੀ ਵਿਦਿਆਰਥੀਆਂ 'ਤੇ ਅਸਰ ਇੱਕ ਦੋ ਮਹੀਨਿਆਂ ਵਿੱਚ ਦਿਸੇਗਾ। ਯਾਦ ਰਹੇ ਕਿ ਅਕਤੂਬਰ ਮਹੀਨੇ ਦੇ ਅੰਤ ਵਿੱਚ ਜਸਟਿਨ ਟਰੂਡੋ ਨੇ

(ਬਾਕੀ ਸਫ਼ਾ 30 'ਤੇ)

# ਅਮਰੀਕਾ ’ਚ ਵੱਖ-ਵੱਖ ਚੋਣਾਂ ਦੌਰਾਨ ਕਈ ਪੰਜਾਬੀ ਜਿੱਤੇ







ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਅਮਰੀਕਾ ਵਿੱਚ ਹੋਈਆਂ ਚੋਣਾਂ ਦੌਰਾਨ ਵੱਖ-ਵੱਖ ਪੰਜਾਬੀ ਉਮੀਦਵਾਰਾਂ ਨੇ ਵੱਖ-ਵੱਖ ਖਿੱਤਿਆਂ ਤੇ ਅਹੁਦੇਦਾਰੀਆਂ ਵਿੱਚ ਮੱਲਾਂ ਮਾਰੀਆਂ। ਬਿਨਾਂ ਸ਼ੱਕ ਪਿਛਲੀ ਚੋਣ ਨਾਲੋਂ ਐਤਕਾਂ ਪੰਜਾਬੀਆਂ ਨੇ ਜਿੱਤਾਂ ਪ੍ਰਾਪਤ ਕਰਕੇ ਰਿਕਾਰਡ ਕਾਇਮ ਕੀਤੇ। ਇਸ ਦੌਰਾਨ ਸੁਖਮਿੰਦਰ ਸਿੰਘ ਧਾਲੀਵਾਲ ਡਿਸਟ੍ਰਿਕਟ 3 ਵਿੱਚ ਸੈਨ ਵਾਕਿਨ ਕਾਉਂਟੀ ਦੇ ਸੁਪਰਵਾਈਜ਼ਰ ਵਜੋਂ ਚੋਣ ਲੜ ਰਹੇ ਸਨ, ਆਪਣੀ ਚੋਣ ਜਿੱਤ ਗਏ ਹਨ, ਜਿਸ ਨੇ ਕਿ ਪ੍ਰਾਇਮਰੀ ਚੋਣਾਂ ਵਿੱਚ ਵੀ ਸਭ ਤੋਂ ਵੱਧ ਵੋਟਾਂ ਹਾਸਲ ਕੀਤੀਆਂ ਸਨ। ਉਨ੍ਹਾਂ ਨੇ ਆਪਣੇ ਵਿਰੋਧੀ ਸਟੀਵ ਡੀਬਰਮ ਨੂਮ ਤਕੜੇ ਮੁਕਾਬਲੇ ਹਰਾਇਆ।

ਸਟਾਕਟਨ ਦੇ ਪੱਛਮੀ ਹਿੱਸੇ ’ਚ ਆਉਂਦੇ ਲੈਥਰੋਪ ਦੇ ਡਿਸਟ੍ਰਿਕਟ 3 ਵਿੱਚ ਬਹੁਤੇ ਪੰਜਾਬੀ ਲੋਕ ਵੀ ਨਹੀਂ ਹਨ ਤੇ ਦੂਸਰੇ ਪਾਸੇ ਮਨਟੀਕਾ ਦੇ ਮੇਅਰ, ਜਿਸਦੀ ਮਿਆਦ ਜਲਦੀ ਪੂਰੀ ਹੋਣ ਵਾਲੀ ਹੈ, ਉੱਤੇ ਧਾਲੀਵਾਲ ਨੇ ਜਿੱਤ ਪ੍ਰਾਪਤ ਕੀਤੀ। ਸੁਖਮਿੰਦਰ ਧਾਲੀਵਾਲ ਦਾ ਪਿਛੋਕੜ ਸ਼ਹੀਦ ਭਗਤ ਸਿੰਘ ਨਗਰ ਦੇ ਬੰਗਾ ਤਹਿਸੀਲ ਦੇ ਪਿੰਡ ਲੰਗਰੀ ਤੋਂ ਹੈ। ਇਥੇ ਸਥਾਨਕ ਭਾਈਚਾਰੇ ਵਿੱਚ ਖਾਸਾ ਰਸੂਖ ਹੈ। ਉਸਨੇ ਆਪਣਾ ਸਿਆਸੀ ਜੀਵਨ ਸਿਟੀ ਕੌਂਸਲ ਅਤੇ ਫਿਰ ਮੇਅਰ ਤੱਕ ਜਾਣ ਤੋਂ ਪਹਿਲਾਂ ਲੈਥਰੋਪ ਦੇ ਯੋਜਨਾ ਕਮਿਸ਼ਨ ਨਾਲ ਸ਼ੁਰੂਆਤ ਕੀਤਾ। ਉਹ ਲੈਥਰੋਪ ਦੇ ਛੇ ਵਾਰ ਮੇਅਰ ਰਹੇ।

ਬੌਬੀ ਸਿੰਘ ਐਲਨ, ਐਲਕ ਗਰੋਵ ਮੇਅਰ: ਸੈਕਰਾਮੈਂਟੋ ਲਾਗੇ ਅਲਕ ਗਰੋਵ ਦੀ ਮੇਅਰ ਬੌਬੀ ਸਿੰਘ ਐਲਨ ਦੂਜੀ ਵਾਰ ਕਰੀਬ 70% ਫ਼ੀਸਦੀ ਵੋਟਾਂ ਲੈ ਕੇ ਜੇਤੂ ਰਹੀ ਬੌਬੀ ਸਿੰਘ ਐਲਨ, ਜਿਸ ਦਾ ਪਿਛੋਕੜ ਜਲੰਧਰ ਤੋਂ ਹੈ, ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਮੇਰੀ ਜਿੱਤ ਮਗਰ ਪੰਜਾਬੀ ਭਾਈਚਾਰੇ ਦਾ ਪੂਰਾ ਯੋਗਦਾਨ ਹੈ ਉਹਦੀ ਇਹ ਜਿੱਤ ਐਲਕ ਗਰੋਵ ਸ਼ਹਿਰ ਲਈ ਪਹਿਲਾਂ ਨਾਲੋਂ ਬਿਹਤਰ ਕੰਮ ਕਰਨ ਦੀ ਸਮਰੱਥਾ ਪ੍ਰਦਾਨ ਕਰੇਗੀ। ਇਸ ਮੌਕੇ ਬੌਬੀ ਸਿੰਘ ਐਲਨ ਦੇ ਪਿਤਾ ਸਰਦਾਰ ਲੱਖੀ ਸਿੰਘ ਨੇ ਵੀ ਸਮੁੱਚੇ ਭਾਈਚਾਰੇ ਦਾ ਧੰਨਵਾਦ ਕੀਤਾ।

ਜਸਮੀਤ ਕੌਰ ਬੈਂਸ ਅਸੈਂਬਲੀ ਵੋਮੈਨ: ਸਿੱਖ ਭਾਈਚਾਰੇ ਲਈ ਡੱਟ ਕੇ ਖੜਨ ਵਾਲੀ ਤੇ 1984 ਦੇ ਕਤਲੇਆਮ ਦਾ ਮਤਾ ਕੈਲੀਫ਼ੋਰਨੀਆ ਅਸੈਂਬਲੀ ਵਿੱਚ ਪਾਸ ਕਰਾਉਣ ਵਾਲੀ ਡਿਸਟਿਕ 35 ਤੋਂ ਡੈਮੋਕਰੇਟਿਕ ਉਮੀਦਵਾਰ ਜਸਮੀਤ ਕੌਰ ਬੈਂਸ ਨੇ ਆਪਣੇ ਵਿਰੋਧੀ ਰਿਪਬਲਿਕਨ ਉਮੀਦਵਾਰ ਰੋਬਟ ਰੋਸਾਸ ਨੂੰ ਹਰਾਇਆ। ਇਸ ਦੌਰਾਨ ਜਸਮੀਤ ਕੌਰ ਬੈਂਸ ਨੂੰ ਕਰੀਬ 57% ਵੋਟਾਂ ਪਈਆਂ ਤੇ ਉਸ ਦੇ ਰਿਪਬਲਿਕਨ ਵਿਰੋਧੀ ਰੋਬਟ ਰਸਾਸ ਨੂੰ 43% ਵੋਟਾਂ ਪਈਆਂ। ਇੱਥੇ ਵਰਨਣ ਕਰਨਾ ਜਰੂਰੀ ਹੈ ਕਿ ਜਸਮੀਤ ਕੌਰ ਬੈਂਸ ਦੂਜੀ ਵਾਰ ਅਸੈਂਬਲੀ ਦੀ ਚੋਣ ਜਿੱਤੀ ਜੋ ਕਿ ਡਿਸਟਰਿਕਟ 35 ਬੇਕਰਸਫ਼ੀਡ ਏਰੀਆ ਦਾ ਡਿਸਟ੍ਰਿਕ ਹੈ।

ਗੈਰੀ ਸਿੰਘ ਮੇਅਰ ਯੂਨੀਅਨ ਸਿਟੀ: ਸਾਬਤ ਸੂਰਤ ਸਿੱਖ ਗੈਰੀ ਸਿੰਘ ਯੂਨੀਅਨ ਸਿਟੀ ਦੇ ਮੇਅਰ ਬਣੇ ਜਿਸ ਨੇ ਆਪਣੇ ਵਿਰੋਧੀ ਐਮਲੀ ਡੰਕਨ ਨੂੰ

ਹਰਾਇਆ। ਇਸ ਤੋਂ ਪਹਿਲਾਂ ਗੈਰੀ ਸਿੰਘ 2006 ਤੋਂ ਲੈ ਕੇ 2014 ਤੱਕ ਯੋਜਨਾ ਕਮਿਸ਼ਨਰ ਰਹੇ ਤੇ ਸਿਟੀ ਕੌਂਸਲ ਵੀ ਰਹੇ। ਉਹ 30 ਸਾਲਾਂ ਤੋਂ ਯੂਨੀਅਨ ਸਿਟੀ ਦੇ ਵਸਨੀਕ ਹਨ ਤੇ ਬੇਅ ਸਟਾਰ ਆਟੋ ਦੇ ਮਾਲਕ ਹਨ। ਪੰਜਾਬੀ ਖਾਸ ਤੌਰ ’ਤੇ ਸਿੱਖ ਭਾਈਚਾਰੇ ਵਿੱਚ ਉਹਨਾਂ ਦੀ ਦਿਆਨਤਦਾਰੀ ਤੇ ਸਤਿਕਾਰ ਕਾਫ਼ੀ ਸਮੇਂ ਤੋਂ ਹੈ ਜਿਸ ਕਰਕੇ ਸਮੁੱਚੇ ਪੰਜਾਬੀ ਭਾਈਚਾਰੇ ਨੇ ਇੱਕ ਹੋ ਕੇ ਉਹਨਾਂ ਨੂੰ ਜਤਾਇਆ। ਸਰਦਾਰ ਗੈਰੀ ਸਿੰਘ ਪਹਿਲੇ ਅਮਰੀਕਨ ਗੁਰਸਿੱਖ ਹਨ ਜਿਨ੍ਹਾਂ ਨੇ ਕਿਸੇ ਸ਼ਹਿਰ ਦੇ ਮੇਅਰ ਦੀ ਚੋਣ ਜਿੱਤੀ।

ਰਾਜ ਸਲਵਾਨ ਫ਼ਰੀਮਾਂਟ ਮੇਅਰ: ਬੇ ਏਰੀਆ ਦਾ ਖਾਸ ਸ਼ਹਿਰ ਫ਼ਰੀਮੋਂਟ, ਜਿਸ ਵਿੱਚ ਪੰਜਾਬੀ ਭਾਈਚਾਰੇ ਦੇ ਰਾਜ ਸਲਵਾਨ ਨੇ ਮੇਅਰ ਵਜੋਂ ਚੋਣ ਜਿੱਤੀ ਇਸ

ਦੌਰਾਨ ਉਹਨਾਂ ਨੂੰ 47% ਤੇ ਉਹਨਾਂ ਦੇ ਵਿਰੋਧੀ ਬੇਕਨ ਨੂੰ 31% ਵੋਟਾਂ ਪਈਆਂ। ਇਸ ਦੌਰਾਨ ਚਾਰ ਖੜੇ ਹੋਏ ਉਮੀਦਵਾਰਾਂ ਵਿੱਚੋਂ ਸਭ ਤੋਂ ਵੱਧ ਵੋਟਾਂ ਰਾਜ ਸਲਵਾਨ ਨੂੰ ਪਈਆਂ। ਵਰਣਨਯੋਗ ਹੈ ਕਿ ਰਾਜ ਸਲਮਾਨ ਪਹਿਲਾਂ ਵੀ ਦੋ ਵਾਰ ਵਾਈਸ ਮੇਅਰ ਰਹਿ ਚੁੱਕੇ ਹਨ ਇਸ ਤੋਂ ਇਲਾਵਾ ਰਾਜ ਸਲਵਾਨ ਪਿਛਲੇ ਅੱਠ ਸਾਲਾਂ ਤੋਂ ਫ਼ਰੀਮਾਂਟ ਸਿਟੀ ਕੌਂਸਲ ਵਿੱਚ ਵੀ ਰਹਿ ਚੁੱਕੇ ਹਨ। ਰਾਜ ਸਲਵਾਨ ਦਾ ਫ਼ਰੀਮਾਂਟ ਪੰਜਾਬੀ ਭਾਈਚਾਰੇ ਵਿੱਚ ਕਾਫ਼ੀ ਅਸਰ ਰਸੂਖ ਹੈ, ਇੱਥੇ ਵੀ ਸਮੁੱਚੇ ਪੰਜਾਬੀ ਭਾਈਚਾਰੇ ਨੇ ਰਾਜ ਸਲਵਾਨ ਨੂੰ ਇੱਕ ਹੋ ਕੇ ਜਤਾਇਆ।

# ਭਾਰਤੀ ਮੂਲ ਦੇ 5 ਅਮਰੀਕੀ ਕਾਂਗਰਸ ਲਈ ਜਿੱਤੇ

## ਸਾਰੇ ਪੰਜ ਉਮੀਦਵਾਰ ਡੈਮੋਕ੍ਰੇਟਿਕ ਪਾਰਟੀ ਨਾਲ ਸਬੰਧਿਤ



ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਹਾਲਾਂਕਿ ਰਾਸ਼ਟਰਪਤੀ ਚੋਣਾਂ ਵਿੱਚ ਡੈਮੋਕਰੈਟਿਕ ਉਮੀਦਵਾਰ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਕੋਲੋਂ ਚੋਣ ਹਾਰ ਗਏ ਹਨ ਪਰੰਤੂ ਭਾਰਤੀ ਮੂਲ ਦੇ ਬਹੁਤ ਸਾਰੇ ਡੈਮੋਕਰੈਟਿਕ ਆਗੂ ਅਮਰੀਕੀ ਕਾਂਗਰਸ (ਪ੍ਰਤੀਨਿੱਧ ਸਦਨ) ਲਈ ਮੁੜ ਚੋਣ ਜਿੱਤ ਗਏ ਹਨ। ਇਨ੍ਹਾਂ ਆਗੂਆਂ ਨੇ ਵੱਖ- ਵੱਖ ਰਾਜਾਂ ਤੋਂ ਵੋਟਾਂ ਦੇ ਵੱਡੇ ਫ਼ਰਕ ਨਾਲ ਚੋਣ ਜਿੱਤ ਕੇ ਮੁੜ ਆਪਣੀ ਲੋਕਪ੍ਰਿਯਤਾ ਨੂੰ ਸਾਬਤ ਕੀਤਾ ਹੈ। ਅਮਰੀਕੀ ਕਾਂਗਰਸ ਦੇ ਪ੍ਰਤੀਨਿੱਧ ਸਦਨ ਲਈ ਚੁਣੇ ਗਏ ਇਨ੍ਹਾਂ ਆਗੂਆਂ ਵਿੱਚ ਸ਼੍ਰੀ ਥਾਨੇਦਾਰ, ਰਾਜਾ ਕ੍ਰਿਸ਼ਨਾਮੂਰਤੀ, ਪ੍ਰਾਮਿਲਾ ਜੈਯਾਪਾਲ, ਐਮੀ ਬੇਰਾ ਤੇ

ਆਰ. ਓ. ਖੰਨਾ. ਸ਼ਾਮਿਲ ਹਨ। ਸ਼੍ਰੀ ਥਾਨੇਦਾਰ ਮਿਸ਼ੀਗਨ ਦੇ 13ਵੇਂ ਕਾਂਗਰਸ ਡਿਸਟ੍ਰਿਕਟ ਤੋਂ 62.8% ਵੋਟਾਂ ਲੈ ਕੇ ਚੋਣ ਜਿੱਤੇ ਹਨ।

ਸ਼੍ਰੀ ਥਾਨੇਦਾਰ ਦੀ ਰਿਪਬਲੀਕਨ ਉਮੀਦਵਾਰ ਮਾਰਟੈਲ ਬਿਵਿੰਗਜ ਉੱਪਰ ਲਗਾਤਾਰ ਇਹ ਦੂਸਰੀ ਜਿੱਤ ਹੈ। ਇਸ ਤੋਂ ਪਹਿਲਾਂ 2022 ਵਿੱਚ ਥਾਨੇਦਾਰ ਨੇ ਬਿਵਿੰਗਜ ਨੂੰ 71% ਵੋਟਾਂ ਲੈ ਕੇ ਹਰਾਇਆ ਸੀ। ਰਾਜਾ ਕ੍ਰਿਸ਼ਨਾਮੂਰਤੀ ਨੇ ਇਲੀਨੋਇਸ ਦੇ 8 ਵੇਂ ਡਿਸਟ੍ਰਿਕਟ ਤੋਂ ਲਗਾਤਾਰ ਪੰਜਵੀਂ ਵਾਰ ਚੋਣ ਜਿੱਤੀ ਹੈ। ਉਨਾਂ ਨੇ ਅਮਰੀਕੀ ਮਤਦਾਤਾ ਦਾ ਧੰਨਵਾਦ ਕਰਦਿਆਂ ਸਮਾਜਿਕ ਸੁਰੱਖਿਆ, ਡਾਕਟਰੀ ਇਲਾਜ਼, ਔਰਤਾਂ ਦੇ ਜਣੇਪਾ ਅਧਿਕਾਰਾਂ ਤੇ ਗੰਨ ਸੁਰੱਖਿਆ ਸਬੰਧੀ ਕਦਮ ਚੁੱਕਣ ਪ੍ਰਤੀ ਮੁੜ ਵਚਨਬੱਧਤਾ ਦੁਹਰਾਈ ਹੈ। ਪ੍ਰਾਮਿਲਾ ਜੈਯਾਪਾਲ ਜੋ ਵਾਸ਼ਿੰਗਟਨ ਦੇ 7 ਵੇਂ ਡਿਸਟ੍ਰਿਕਟ ਦੀ ਪ੍ਰਤੀਨਿੱਧਤਾ ਕਰਦੇ ਹਨ, ਨੇ ਦੂਸਰੀ ਵਾਰ 85% ਵੋਟਾਂ ਲੈ ਕੇ ਜਿੱਤ ਹਾਸਲ ਕੀਤੀ ਹੈ। ਐਮੀ ਬੇਰਾ ਜੋ ਕੈਲੀਫ਼ੋਰਨੀਆ ਦੇ 6 ਵੇਂ ਕਾਂਗਰਸ ਡਿਸਟ੍ਰਿਕਟ ਦੀ ਪ੍ਰਤੀਨਿੱਧਤਾ ਕਰਦੇ ਹਨ, ਨੇ 57.5% ਵੋਟਾਂ ਹਾਸਲ ਕਰਕੇ ਮੁੜ ਚੋਣ ਜਿੱਤ ਲਈ ਹੈ। ਉਨ੍ਹਾਂ ਨੇ ਰਿਪਬਲੀਕਨ ਉਮੀਦਵਾਰ ਕ੍ਰਿਸਟਾਈਨ ਬਿਸ਼ ਨੂੰ ਹਰਾਇਆ। ਬਿਸ਼ ਨੂੰ 42.5% ਵੋਟਾਂ ਮਿਲੀਆਂ। ਉਹ ਪਹਿਲੀ ਵਾਰ 2013 ਵਿੱਚ ਪ੍ਰਤੀਨਿੱਧ ਸਦਨ ਲਈ ਚੁਣੇ ਗਏ ਸਨ। ਆਰ ਓ ਖੰਨਾ ਨੇ ਕੈਲੀਫ਼ੋਰਨੀਆ ਦੇ 17ਵੇਂ ਡਿਸਟ੍ਰਿਕਟ ਤੋਂ 65.9% ਵੋਟਾਂ ਨਾਲ ਜਿੱਤ ਹਾਸਲ ਕਰਕੇ ਮੁੜ ਆਪਣਾ ਦਬਦਬਾ ਕਾਇਮ ਰਖਿਆ ਹੈ। ਉਨ੍ਹਾਂ ਨੇ ਰਿਪਬਲੀਕਨ ਉਮੀਦਵਾਰ ਅਨੀਤਾ ਚੇਨ ਨੂੰ ਹਰਾਇਆ, ਜਿਨ੍ਹਾਂ ਨੂੰ 34.1% ਵੋਟਾਂ ਮਿਲੀਆਂ।

## ਦੱਖਣੀ ਕੈਲੀਫ਼ੋਰਨੀਆ ’ਚ ਜੰਗਲ ਨੂੰ ਲੱਗੀ ਅੱਗ ਨਾਲ ਕਈ ਘਰ ਤੇ ਹੋਰ ਇਮਾਰਤਾਂ ਤਬਾਹ, ਹਜ਼ਾਰਾਂ ਲੋਕ ਘਰ ਛੱਡ ਕੇ ਭੱਜੇ

ਸੈਕਰਾਮੈਂਟੋ ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਦੱਖਣੀ ਕੈਲੀਫ਼ੋਰਨੀਆ ਵਿੱਚ ਜੰਗਲ ਨੂੰ ਲੱਗੀ ਅੱਗ ਨਾਲ ਅਨੇਕਾਂ ਘਰ ਤੇ ਹੋਰ ਇਮਾਰਤਾਂ ਸੜ ਜਾਣ ਤੇ ਲੋਕਾਂ ਵੱਲੋਂ ਘਰ ਛੱਡ ਕੇ ਸੁਰੱਖਿਅਤ ਥਾਵਾਂ ’ਤੇ ਚਲੇ ਜਾਣ ਦੀ ਖ਼ਬਰ ਹੈ। ਜੰਗਲੀ ਅੱਗ ਬੁਝਾਉਣ ਸਬੰਧੀ ਰਾਜ ਦੀ ਏਜੰਸੀ ਕਾਲ ਫਾਇਰ ਅਨੁਸਾਰ ਤੇਜ਼ ਹਵਾਵਾਂ ਕਾਰਨ ਅੱਗ ਤੇਜੀ ਨਾਲ ਫੈਲ ਗਈ ਹੈ ਤੇ ਖੇਤਰ ਵਿੱਚ ਰਹਿੰਦੇ 10000 ਤੋਂ ਵਧ ਲੋਕ ਆਪਣਾ ਘਰ ਬਾਰ ਛੱਡ ਕੇ ਹੋਰ ਥਾਵਾਂ ’ਤੇ ਜਾਣ ਲਈ ਮਜਬੂਰ ਹੋ ਗਏ ਹਨ। ਏਜੰਸੀ ਅਨੁਸਾਰ ਅੱਗ ਜੋ ਵੈਂਟੂਰਾ ਕਾਉਂਟੀ ਵਿੱਚ ਲਾਸ ਏਂਜਲਸ ਦੇ ਦੱਖਣ ਪੱਛਮੀ ਖੇਤਰ ਤੋਂ ਸ਼ੁਰੂ ਹੋਈ ਤੇ ਬਹੁਤ ਤੇਜੀ ਨਾਲ ਭਾਂਬੜ ਵਿੱਚ ਬਦਲ ਗਈ। ਹੁਣ ਤੱਕ 20000 ਏਕੜ ਤੋਂ ਵਧ ਰਕਬਾ ਸੜ ਚੁੱਕਾ ਹੈ। ਅਜੇ ਤੱਕ ਅੱਗ ਨੂੰ ਅੱਗੇ ਵਧਣ ਤੋਂ ਰੋਕਿਆ ਨਹੀਂ ਜਾ ਸਕਿਆ ਤੇ ਅੱਗ ਬੁਝਾਊ ਅਮਲਾ ਅੱਗ ਉੱਪਰ ਕਾਬੂ ਪਾਉਣ ਲਈ ਪੂਰੀ ਵਾਹ ਲਾ ਰਿਹਾ ਹੈ। ਏਜੰਸੀ ਅਧਿਕਾਰੀਆਂ ਨੇ ਕਿਹਾ ਹੈ ਕਿ ਅੱਗ ਫੈਲ ਜਾਣ ਕਾਰਨ ਹੋਰ ਖੇਤਰ ਵਿਚੋਂ ਵੀ ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਜਾਣ ਲਈ ਕਿਹਾ ਗਿਆ ਹੈ।

## ਗੁਰਪੁਰਬ ਮੌਕੇ ਸਤਿੰਦਰ ਸਰਤਾਜ ਵੱਲੋਂ ‘ਜਪੁ ਜੀ ਸਾਹਿਬ’ ਦਾ ਪਾਠ ਰਿਲੀਜ਼




ਪ੍ਰਸਿੱਧ ਗਾਇਕ ਸਤਿੰਦਰ ਸਰਤਾਜ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ‘ਜਪੁ ਜੀ ਸਾਹਿਬ’ ਦਾ ਪਾਠ ਰਿਲੀਜ਼ ਕੀਤਾ ਗਿਆ। ਗਾਇਕ ਸਰਤਾਜ ਵੱਲੋਂ ‘ਜਪੁ ਜੀ ਸਾਹਿਬ’ ਦਾ ਪਾਠ ਬਹੁਤ ਹੀ ਮਧੁਰ ਆਵਾਜ਼ ਵਿੱਚ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਜਪੁਜੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹੱਤਵਪੂਰਨ ਬਾਣੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh  Sub: Editor: Balwinderpal Singh, Dr. Sarbjeet Kaur Jang  Online Interview Host: Balraj Pannu

Designer: A.K.V.  Content Composer: S. Jagmohan Singh  US Distributor: Amritsar Times Inc.  Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ ਫੇਰੀ ਹੋਈ ਔਖੀ: ਹੁਣ 10 ਸਾਲ ਦਾ ਨਹੀਂ ਮਿਲੇਗਾ ਵਿਜ਼ਟਰ ਵੀਜ਼ਾ

## ਕੈਨੇਡਾ ਵੱਲੋਂ ਸਿੰਗਲ ਐਂਟਰੀ ਵਾਲੇ ਵੀਜ਼ੇ ਦੇਣ ਦਾ ਐਲਾਨ

ਵਿਨੀਪੈੱਗ/ਏ.ਟੀ.ਨਿਊਜ਼: ਭਾਰਤ ਨਾਲ ਜਾਰੀ ਤਣਾਅ ਵਿਚਕਾਰ ਕੈਨੇਡਾ ਨੇ ਭਾਰਤੀਆਂ ਖਾਸ ਕਰ ਪੰਜਾਬੀਆਂ ਨੂੰ ਇੱਕ ਹੋਰ ਵੱਡਾ ਝਟਕਾ ਦਿੱਤਾ ਹੈ। ਕੈਨੇਡਾ ਨੇ ਵੀਜ਼ਾ ਦਿਸ਼ਾ-ਨਿਰਦੇਸ਼ਾਂ 'ਚ ਸਖ਼ਤ ਬਦਲਾਅ ਕੀਤੇ ਹਨ। ਕੈਨੇਡਾ ਸਰਕਾਰ ਦੇ ਨਵੇਂ ਫ਼ੈਸਲੇ ਮੁਤਾਬਕ ਹੁਣ 10 ਸਾਲ ਦਾ ਵਿਜ਼ਟਰ ਵੀਜ਼ਾ ਨਹੀਂ ਮਿਲੇਗਾ। ਨਵੇਂ ਨਿਯਮਾਂ ਮੁਤਾਬਿਕ ਲਾਜ਼ਮੀ ਨਹੀਂ ਹੈ ਕਿ ਹਰ ਬਿਨੈਕਾਰ ਨੂੰ ਪਾਸਪੋਰਟ ਦੀ ਮਿਆਦ ਤੱਕ ਕੈਨੇਡਾ ਦਾ ਵਿਜ਼ਟਰ ਵੀਜ਼ਾ ਮਿਲੇ, ਕੈਨੇਡਾ ਸਰਕਾਰ ਵੱਲੋਂ ਵਿਜ਼ਟਰ ਵੀਜ਼ਾ ਦੇ ਨਿਯਮਾਂ ਵਿੱਚ ਵੱਡੀ ਤਬਦੀਲੀ ਕਰਦਿਆਂ ਮਲਟੀਪਲ ਐਂਟਰੀ ਦੀ ਬਜਾਏ ਸਿੰਗਲ ਐਂਟਰੀ ਵਾਲੇ ਵੀਜ਼ੇ ਦੇਣ ਦਾ ਐਲਾਨ ਕੀਤਾ ਗਿਆ ਹੈ।

ਇਮੀਗ੍ਰੇਸ਼ਨ ਵਿਭਾਗ ਵੱਲੋਂ ਜਾਰੀ ਤਾਜ਼ਾ ਅੱਪਡੇਟ ਮੁਤਾਬਕ ਹੁਣ 10 ਸਾਲ ਦੀ ਮਿਆਦ ਵਾਲੇ ਮਲਟੀਪਲ ਐਂਟਰੀ ਵੀਜ਼ੇ ਚੋਣਵੇਂ ਲੋਕਾਂ ਨੂੰ ਹੀ ਮਿਲ ਸਕਣਗੇ ਅਤੇ ਇਹ ਫ਼ੈਸਲਾ ਕਰਨ ਦਾ ਹੱਕ ਮੌਕੇ 'ਤੇ ਮੌਜੂਦ ਇਮੀਗ੍ਰੇਸ਼ਨ ਅਫ਼ਸਰਾਂ ਨੂੰ ਹੋਵੇਗਾ। ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਵਿਭਾਗ ਵੱਲੋਂ ਵਿਜ਼ਟਰ ਵੀਜ਼ਾ ਦੀ ਮਿਆਦ ਉੱਤੇ ਖ਼ਾਸ ਜ਼ੋਰ ਦਿੱਤਾ ਗਿਆ ਹੈ। ਜ਼ਿਆਦਾਤਰ ਵੀਜ਼ੇ ਸਿੰਗਲ ਐਂਟਰੀ ਵਾਲੇ ਹੋਣ ਦੇ ਮੱਦੇਨਜ਼ਰ ਇਨ੍ਹਾਂ ਦੀ ਮਿਆਦ 6 ਮਹੀਨੇ ਤੋਂ ਇੱਕ ਸਾਲ ਤੱਕ ਹੀ ਹੋਵੇਗੀ।

**ਵੀਜ਼ਾ ਦੇਣ ਮੌਕੇ ਮੁੱਖ ਨੁਕਤਿਆਂ 'ਤੇ ਰੱਖਿਆ ਜਾਵੇਗਾ ਧਿਆਨ**

ਸਭ ਤੋਂ ਪਹਿਲਾਂ ਸਬੰਧਿਤ ਬਿਨੈਕਾਰ ਵੱਲੋਂ ਕੈਨੇਡਾ ਆਉਣ ਦਾ ਮਕਸਦ ਦੇਖਿਆ ਜਾਵੇਗਾ ਅਤੇ ਜੇ ਇਹ ਮਕਸਦ ਕਿਸੇ ਵਿਆਹ ਸਮਾਗਮ, ਕਾਨਫ਼ਰੰਸ ਜਾਂ ਟ੍ਰੇਨਿੰਗ ਸੈਸ਼ਨ ਨਾਲ ਸਬੰਧਿਤ ਹੋਵੇ ਤਾਂ ਸਿੰਗਲ ਐਂਟਰੀ ਵਾਲਾ ਵੀਜ਼ਾ ਹੀ ਮਿਲ ਸਕੇਗਾ। ਬਿਨੈਕਾਰ ਦੀ ਆਰਥਿਕ ਹਾਲਤ ਬਾਰੇ ਪਹਿਲਾਂ ਵੀ ਡੂੰਘਾਈ ਨਾਲ ਘੋਖਿਆ ਜਾਂਦਾ ਸੀ, ਪਰ ਹੁਣ ਇਹ ਵੀ ਤੈਅ ਕੀਤਾ ਜਾਵੇਗਾ ਕਿ ਬਿਨੈਕਾਰ ਨੂੰ ਕੈਨੇਡਾ ਸੱਦਣ ਵਾਲਾ ਮੇਜ਼ਬਾਨ ਉਸ ਦੇ ਖ਼ਰਚੇ ਬਰਦਾਸ਼ਤ ਕਰਨ ਦੀ ਤਾਕਤ ਰੱਖਦਾ ਹੈ ਜਾਂ ਨਹੀਂ। ਮੇਜ਼ਬਾਨ ਵੱਲੋਂ ਅਤੀਤ ਵਿੱਚ ਕਿੰਨੇ ਜਣਿਆਂ ਨੂੰ ਕੈਨੇਡਾ ਸੱਦਿਆ ਗਿਆ ਅਤੇ ਉਨ੍ਹਾਂ ਦੀ ਆਰਥਿਕ ਹਾਲਤ ਕਿਹੋ ਜਿਹੀ




ਸੀ, ਇਨ੍ਹਾਂ ਤੱਥਾਂ ਉੱਤੇ ਵੀ ਬਾਰੀਕੀ ਨਾਲ ਗ਼ੌਰ ਕੀਤੀ ਜਾਵੇਗੀ।

ਆਰਥਿਕ ਹਾਲਾਤ ਤੋਂ ਇਲਾਵਾ ਬਿਨੈਕਾਰ ਦਾ ਸਰੀਰਕ ਪੱਖੋਂ ਵੀ ਤੰਦਰੁਸਤ ਹੋਣਾ ਲਾਜ਼ਮੀ ਹੈ। ਬਿਨੈਕਾਰ ਵੱਲੋਂ ਕੈਨੇਡਾ ਆਉਣ ਦਾ ਮਕਸਦ ਇਲਾਜ ਕਰਵਾਉਣਾ ਹੋਣ ਦੀ ਸੂਰਤ ਵਿੱਚ ਉਸ ਦੇ ਮੇਜ਼ਬਾਨ ਦੀ ਆਰਥਿਕ ਹਾਲਤ ਬੇਹੱਦ ਮਜ਼ਬੂਤ ਹੋਣੀ ਲਾਜ਼ਮੀ ਹੈ। ਮੰਤਰਾਲੇ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਿਕ ਅਫ਼ਸਰ ਇਹ ਦੇਖੇਗਾ ਕਿ ਬਿਨੈਕਾਰ ਕੋਲ ਵਾਰ-ਵਾਰ ਕੈਨੇਡਾ ਆਉਣ ਲਈ ਲੋੜੀਂਦੇ ਵਿੱਤੀ ਵਸੀਲੇ ਹਨ ਜਾਂ ਨਹੀਂ। ਜਿਹੜੇ ਬਿਨੈਕਾਰ ਕੋਈ ਕਾਨਫ਼ਰੰਸ ਆਦਿ ਲਈ ਅਰਜ਼ੀ ਦੇਣਗੇ ਉਹਨਾਂ ਬਾਬਤ ਰੋਜ਼ਗਾਰ ਦਾਤੇ ਤੋਂ ਸੰਬੰਧਿਤ ਦਸਤਾਵੇਜ਼ ਅਤੇ ਫ਼ੰਡ ਦੀ ਸ਼ਰਤ ਦੇਖੀ ਜਾਵੇਗੀ। ਰਾਹਦਾਰੀ ਭੇਜਣ ਵਾਲੇ ਵਿਅਕਤੀਆਂ, ਜੋ ਬਿਨੈਕਾਰ ਦਾ ਖ਼ਰਚਾ ਚੁੱਕਣ ਲਈ ਬੇਨਤੀ ਕਰਨਗੇ , ਦੇ ਰੋਜ਼ਗਾਰ ਦੇ ਸਾਧਨਾਂ ਅਤੇ ਵਿੱਤੀ ਹਾਲਾਤ ਨੂੰ ਵੀ ਦੇਖਿਆ ਜਾਵੇਗਾ। ਭਾਵੇਂ ਕੈਨੇਡਾ ਸਰਕਾਰ ਵੱਲੋਂ ਵਿਜ਼ਿਟਰ ਵੀਜ਼ਾ ਦੇ ਨਵੇਂ ਨਿਯਮ ਹਰ ਮੁਲਕ ਵਾਸਤੇ ਜਾਰੀ ਕੀਤੇ ਗਏ ਹਨ ਪਰ ਇਨ੍ਹਾਂ ਨੂੰ ਸਿੱਧੇ ਤੌਰ 'ਤੇ ਭਾਰਤ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

**ਪੰਜਾਬੀਆਂ ਲਈ ਕੈਨੇਡਾ ਦੀ ਫੇਰੀ ਔਖੀ ਹੋਈ**

ਇਹ ਤਬਦੀਲੀ ਉਨ੍ਹਾਂ ਭਾਰਤੀਆਂ ਲਈ ਖ਼ਾਸ ਤੌਰ 'ਤੇ ਮੁਸ਼ਕਿਲ ਸਾਬਤ ਹੋ ਸਕਦੀ ਹੈ ਜੋ ਪਰਿਵਾਰ ਅਤੇ ਦੋਸਤਾਂ ਨੂੰ ਮਿਲਣ ਜਾਂ ਹੋਰ ਕੰਮ ਲਈ ਲੰਬੇ ਸਮੇਂ ਲਈ ਕੈਨੇਡਾ ਵਿੱਚ ਰਹਿਣਾ ਚਾਹੁੰਦੇ ਸਨ। ਇਮੀਗ੍ਰੇਸ਼ਨ ਮੰਤਰਾਲੇ ਦੇ ਇਸ ਐਲਾਨ ਤੋਂ ਬਾਅਦ ਰਲ਼ੀ ਮਿਲੀ ਪ੍ਰਤੀਕਿਰਿਆ ਦੇਖਣ ਨੂੰ ਮਿਲ ਰਹੀ ਹੈ। ਭਾਵੇਂ ਕਿ ਕੁਝ ਲੋਕ ਇਸ ਨੂੰ ਕੈਨੇਡਾ ਵਿੱਚ ਟੈਂਪਰੇਰੀ ਰੈਜ਼ੀਡੈਂਸੀ ਗਿਣਤੀ ਘਟਾਉਣ ਦਾ ਤਰੀਕਾ ਆਖ ਰਹੇ ਹਨ, ਭਾਰਤ ਬੈਠੇ ਕੁਝ ਬਿਨੈਕਾਰ ਇਸ ਨਵੇਂ ਐਲਾਨ ਤੋਂ ਬੇਹੱਦ ਪ੍ਰੇਸ਼ਾਨ ਹਨ।

ਕੈਨੇਡਾ ਸਰਕਾਰ ਦਾ ਇਹ ਫ਼ੈਸਲਾ ਫੈਡਰਲ ਇਮੀਗ੍ਰੇਸ਼ਨ ਮਨਿਸਟਰ ਮਾਰਕ ਮਿੱਲਰ ਵੱਲੋਂ ਵਿਜ਼ਟਰ ਵੀਜ਼ਿਆਂ ਦੀ ਦੁਰਵਰਤੋਂ ਰੋਕਣ ਦੇ ਐਲਾਨ ਤੋਂ ਬਾਅਦ ਆਇਆ ਹੈ। ਮਾਰਕ ਮਿੱਲਰ ਨੇ ਸਤੰਬਰ ਮਹੀਨੇ ਦੌਰਾਨ ਕਿਹਾ ਕਿ ਕੈਨੇਡਾ ਆਉਣ ਵਾਲੇ ਲੋਕਾਂ ਵੱਲੋਂ ਵਿਜ਼ਟਰ ਵੀਜ਼ਿਆਂ ਦੀ ਦੁਰਵਰਤੋਂ ਨੂੰ ਰੋਕਣ ਲਈ ਫੈਡਰਲ ਸਰਕਾਰ ਨੂੰ ਹੋਰ ਕੰਮ ਕਰਨ ਦੀ ਲੋੜ ਹੈ। ਮਿੱਲਰ ਨੇ ਕਿਹਾ ਸੀ ਕਿ ਸਾਨੂੰ ਇਹ ਯਕੀਨੀ ਬਣਾਉਣ ਲਈ ਇੱਕ ਮਜ਼ਬੂਤ ਕੰਮ ਕਰਨ ਦੀ ਲੋੜ ਹੈ ਕਿ ਜੋ ਲੋਕ ਇੱਥੇ ਆ ਰਹੇ ਹਨ। ਉਦਾਹਰਨ ਵੱਜੋ ਵਿਜ਼ਿਟਰ ਵੀਜ਼ਿਆਂ 'ਤੇ, ਉਹ ਇਸੇ ਉਦੇਸ਼ ਲਈ ਇੱਥੇ ਆਉਣ, ਨਾ ਕਿ ਸ਼ਰਨ ਦਾ ਦਾਅਵਾ ਕਰਨ ਜਾਂ ਅਮਰੀਕਾ ਜਾਣ ਦਾ ਰਾਹ ਲੱਭਣ ਲਈ। ਮਿੱਲਰ ਨੇ ਭਾਰਤ ਤੋਂ ਵੀਜ਼ਾ ਅਰਜ਼ੀਆਂ 'ਤੇ ਭਵਿੱਖ ਵਿਚ ਹੋਰ ਨਜ਼ਰ ਰੱਖੀ ਜਾਣ ਦੀ ਗੱਲ ਆਖੀ ਸੀ। ਦੱਸਣਯੋਗ ਹੈ ਕਿ ਕੈਨੇਡਾ ਵਿੱਚ ਆਉਣ ਵਾਲੇ ਵਿਜ਼ਿਟਰ ਉੱਪਰ ਸਰਕਾਰ ਲਗਾਤਾਰ ਨਜ਼ਰ ਰੱਖ ਰਹੀ ਹੈ। ਕੈਨੇਡੀਅਨ ਸਰਕਾਰ ਵੱਲੋਂ ਅਗਸਤ 2024 ਦੌਰਾਨ 4 ਸਾਲ ਪਹਿਲਾਂ ਲਿਆਂਦੀ ਉਸ ਪਾਲਿਸੀ ਨੂੰ ਖ਼ਤਮ ਕਰ ਦਿੱਤਾ ਗਿਆ ਸੀ , ਜਿਸ ਤਹਿਤ ਕੈਨੇਡਾ ਵਿੱਚ ਆਏ ਹੋਏ ਵਿਜ਼ਟਰ ਆਨਲਾਈਨ ਅਰਜ਼ੀ ਦੇ ਕੇ ਕੈਨੇਡਾ ਵਿੱਚ ਵਰਕ ਪਰਮਿਟ ਹਾਸਲ ਕਰ ਸਕਦੇ ਸਨ।

# ਕੈਨੇਡਾ ਵਿੱਚ ਖ਼ਾਲਿਸਤਾਨੀ ਅਧਾਰ ਹੈ, ਪਰ ਉਹ ਸਿੱਖਾਂ ਦੀ ਨੁਮਾਇੰਦਗੀ ਨਹੀਂ ਕਰਦੇ: ਟਰੂਡੋ

ਓਟਾਵਾ/ਏ.ਟੀ.ਨਿਊਜ਼: ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਓਟਾਵਾ ਦੀ ਪਾਰਲੀਮੈਂਟ ਹਿੱਲ ਵਿਖੇ ਦਿਵਾਲੀ ਦੇ ਜਸ਼ਨ ਸਮਾਗਮ ਦੌਰਾਨ ਦਿੱਤੇ ਇੱਕ ਬਿਆਨ ਵਿੱਚ ਕਿਹਾ ਕਿ ਕੈਨੇਡਾ ਵਿੱਚ ਖ਼ਾਲਿਸਤਾਨ ਦੇ ਸਮਰਥਕ ਹਨ, ਪਰ ਉਹ ਸਮੁੱਚੇ ਤੌਰ 'ਤੇ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਨਹੀਂ ਕਰਦੇ। ਕੈਨੇਡਾ ਦੇ ਅੰਦਰ ਖ਼ਾਲਿਸਤਾਨੀ-ਸਮਰਥਨ ਆਧਾਰ ਦੀ ਮੌਜੂਦਗੀ ਨੂੰ ਸਵੀਕਾਰ ਕਰਦੇ ਹੋਏ ਟਰੂਡੋ ਦੀ ਇਹ ਪਹਿਲੀ ਟਿੱਪਣੀ ਸੀ। ਹਾਲਾਂਕਿ, ਉਸਨੇ ਨਾਲ ਹੀ ਇਹ ਕਿਹਾ ਕਿ "ਉਹ ਸਮੁੱਚੇ ਤੌਰ 'ਤੇ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਨਹੀਂ ਕਰਦੇ।"



ਜ਼ਿਕਰਯੋਗ ਹੈ ਕਿ ਕਥਿਤ ਤੌਰ 'ਤੇ ਖ਼ਾਲਿਸਤਾਨੀ ਵੱਖਵਾਦੀਆਂ ਨੇ ਬਰੈਂਪਟਨ ਵਿੱਚ ਇੱਕ ਮੰਦਰ ਦੇ ਅਹਾਤੇ ਦੇ ਅੰਦਰ ਹਿੰਦੂ-ਕੈਨੇਡੀਅਨ ਸ਼ਰਧਾਲੂਆਂ 'ਤੇ ਹਮਲਾ ਕੀਤਾ ਸੀ। ਇਸ ਘਟਨਾ ਦੀ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਨਿੰਦਾ ਕੀਤੀ ਸੀ, ਜਿਨ੍ਹਾਂ ਨੇ ਕਿਹਾ ਸੀ ਕਿ ਹਰੇਕ ਕੈਨੇਡੀਅਨ ਨੂੰ ਆਜ਼ਾਦੀ ਅਤੇ ਸੁਰੱਖਿਅਤ ਢੰਗ ਨਾਲ ਆਪਣੇ ਵਿਸ਼ਵਾਸ ਦਾ ਅਭਿਆਸ ਕਰਨ ਦਾ ਅਧਿਕਾਰ ਹੈ। ਟਰੂਡੋ ਨੇ ਭਾਈਚਾਰੇ ਦੀ ਸੁਰੱਖਿਆ ਅਤੇ ਇਸ ਘਟਨਾ ਦੀ ਜਾਂਚ ਲਈ ਤੁਰੰਤ ਜਵਾਬ ਦੇਣ ਲਈ ਸਥਾਨਕ ਅਧਿਕਾਰੀਆਂ ਦਾ ਧੰਨਵਾਦ ਕੀਤਾ।

ਇੱਕ ਬਿਆਨ ਵਿੱਚ ਵਿਦੇਸ਼ ਮੰਤਰਾਲਾ ਨੇ ਕੈਨੇਡਾ ਵਿੱਚ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਨੂੰ ਲੈ ਕੇ ਡੂੰਘੀ ਚਿੰਤਾ ਜ਼ਾਹਿਰ ਕੀਤੀ ਸੀ।

ਗੌਰਤਲਬ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਪਿਛਲੇ ਸਾਲ ਸਤੰਬਰ ਵਿੱਚ ਖ਼ਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਭਾਰਤੀ ਏਜੰਟਾਂ ਦੀ ਸੰਭਾਵੀ ਸ਼ਮੂਲੀਅਤ ਦੇ ਦੋਸ਼ਾਂ ਤੋਂ ਬਾਅਦ ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਗੰਭੀਰ ਤਣਾਅ ਵਿੱਚ ਆ ਗਏ ਸਨ। ਨਵੀਂ ਦਿੱਲੀ ਨੇ ਟਰੂਡੋ ਦੇ ਦੋਸ਼ਾਂ ਨੂੰ ਬੇਤੁਕਾ ਦੱਸਦਿਆਂ ਰੱਦ ਕਰ ਦਿੱਤਾ ਸੀ।

## ਕੇਂਦਰ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਜ਼ੈੱਡ ਪਲੱਸ ਸੁਰੱਖਿਆ ਵਾਪਸ ਲਈ

ਚੰਡੀਗੜ੍ਹ/ਏ.ਟੀ.ਨਿਊਜ਼: ਕੇਂਦਰ ਸਰਕਾਰ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਜ਼ੈੱਡ ਪਲੱਸ ਸੁਰੱਖਿਆ ਵਾਪਸ ਲੈ ਲਈ ਹੈ। ਜ਼ਿਕਰਯੋਗ ਹੈ ਕਿ ਕੁੱਝ ਸਮਾਂ ਪਹਿਲਾਂ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਨੂੰ ਪੱਤਰ ਲਿਖ ਕਿ ਸੁਰੱਖਿਆ ਵਾਪਸ ਲੈਣ ਬਾਰੇ ਕਿਹਾ ਸੀ। ਜ਼ਿਕਰਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰਾਲਾ ਵੱਲੋਂ ਕਰੀਬ ਦੋ ਸਾਲ ਪਹਿਲਾਂ ਸੁਰੱਖਿਆ ਕਾਰਨਾਂ ਦੇ ਚਲਦਿਆਂ ਗਿਆਨੀ ਹਰਪ੍ਰੀਤ ਸਿੰਘ ਨੂੰ ਜ਼ੈੱਡ ਕੈਟਾਗਰੀ ਦੀ ਸੁਰੱਖਿਆ ਪ੍ਰਦਾਨ ਕੀਤੀ ਗਈ ਸੀ। ਉਸ ਸਮੇਂ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਦੀ ਸੁਰੱਖਿਆ ਲਈ ਪੰਜਾਬ ਪੁਲੀਸ ਦੇ 6 ਸੁਰੱਖਿਆ ਕਰਮੀ ਤੈਨਾਤ ਸਨ, ਜਿੰਨ੍ਹਾਂ ਦੀ ਗਿਣਤੀ ਪੰਜਾਬ ਸਰਕਾਰ ਵੱਲੋਂ ਘਟਾ ਕੇ ਤਿੰਨ ਕਰ ਦਿੱਤੀ ਗਈ ਸੀ।



## ਲਾਹੌਰ: ਸ਼ਾਦਮਾਨ ਚੌਕ ਦਾ ਨਾਂ ਭਗਤ ਸਿੰਘ ਦੇ ਨਾਮ 'ਤੇ ਰੱਖਣ ਦੀ ਯੋਜਨਾ ਰੱਦ

**ਲਾਹੌਰ ਮੈਟਰੋਪੌਲੀਟਨ ਕਾਰਪੋਰੇਸ਼ਨ ਨੇ ਹਾਈ ਕੋਰਟ 'ਚ ਦਿੱਤੀ ਜਾਣਕਾਰੀ**

ਲਾਹੌਰ/ਏ.ਟੀ.ਨਿਊਜ਼: ਪਾਕਿਸਤਾਨ ਦੇ ਸੂਬੇ ਪੰਜਾਬ ਦੀ ਰਾਜਧਾਨੀ ਲਾਹੌਰ ਦੇ ਪ੍ਰਸ਼ਾਸਨ ਨੇ ਹਾਈ ਕੋਰਟ ਨੂੰ ਦੱਸਿਆ ਕਿ ਲਾਹੌਰ ਸ਼ਹਿਰ ਦੇ ਸ਼ਾਦਮਾਨ ਚੌਕ ਦਾ ਨਾਮ ਬਦਲ ਕੇ ਭਗਤ ਸਿੰਘ ਦੇ ਨਾਮ 'ਤੇ ਰੱਖਣ ਅਤੇ ਉਥੇ ਉਨ੍ਹਾਂ ਦਾ ਬੁੱਤ ਸਥਾਪਤ ਕਰਨ ਦੀ ਯੋਜਨਾ ਇੱਕ ਸੇਵਾਮੁਕਤ ਫੌਜੀ ਅਧਿਕਾਰੀ ਦੀ ਰਾਏ ਦੇ ਮੱਦੇਨਜ਼ਰ ਰੱਦ ਕਰ ਦਿੱਤੀ ਗਈ ਹੈ। ਸਹਾਇਕ ਐਡਵੋਕੇਟ ਜਨਰਲ ਅਸਗਰ ਲੇਘਾਰੀ ਵੱਲੋਂ ਸ਼ੁੱਕਰਵਾਰ ਨੂੰ ਲਾਹੌਰ ਹਾਈ ਕੋਰਟ ਵਿੱਚ ਦਿੱਤੇ ਗਏ ਲਿਖਤੀ ਜਵਾਬ 'ਚ ਆਜ਼ਾਦੀ ਘੁਲਾਟੀਏ 'ਤੇ ਗੰਭੀਰ ਦੋਸ਼ ਲਾਏ ਗਏ ਹਨ। ਲਾਹੌਰ ਮੈਟਰੋਪੌਲੀਟਨ ਕਾਰਪੋਰੇਸ਼ਨ ਨੇ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਪਾਕਿਸਤਾਨ ਦੇ ਚੇਅਰਮੈਨ ਇਮਤਿਆਜ਼ ਰਸ਼ੀਦ ਕੁਰੈਸ਼ੀ ਵੱਲੋਂ ਲਾਹੌਰ ਹਾਈ ਕੋਰਟ 'ਚ ਦਾਇਰ ਮਾਣਹਾਨੀ ਪਟੀਸ਼ਨ ਦੇ ਜਵਾਬ ਵਿੱਚ ਕਿਹਾ, 'ਸ਼ਾਦਮਾਨ ਚੌਕ ਦਾ ਨਾਮ ਬਦਲ ਕੇ ਭਗਤ ਸਿੰਘ ਦੇ ਨਾਮ 'ਤੇ ਰੱਖਣ ਅਤੇ ਉਥੇ ਉਨ੍ਹਾਂ ਦਾ ਬੁੱਤ ਲਾਉਣ ਦੀ ਪ੍ਰਸਤਾਵਿਤ ਯੋਜਨਾ ਨੂੰ (ਸੇਵਾਮੁਕਤ) ਫ਼ੌਜੀ ਅਧਿਕਾਰੀ ਤਾਰਿਕ ਮਜੀਦ ਵੱਲੋਂ ਦਿੱਤੀ ਗਈ (ਬਾਕੀ ਸਫ਼ਾ 31 'ਤੇ)



# ਕੈਨੇਡਾ ਵੱਸਦੇ ਪੰਜਾਬੀਆਂ ਨੂੰ ਲੱਗ ਸਕਦੈ ਵੱਡਾ ਝਟਕਾ, ਛੱਡਣਾ ਪੈ ਸਕਦੈ ਮੁਲਕ

ਚੰਡੀਗੜ੍ਹ/ਏ.ਟੀ.ਨਿਊਜ਼: ਕੈਨੇਡਾ ਅਤੇ ਭਾਰਤ ਦਰਮਿਆਨ ਦੁਸ਼ਮਣੀ ਨੇ ਉਨ੍ਹਾਂ ਨੌਜਵਾਨਾਂ ਦੇ ਸੁਪਨੇ ਚੂਰ-ਚੂਰ ਕਰ ਦਿੱਤੇ ਹਨ ਜੋ ਬਿਹਤਰ ਸੰਭਾਵਨਾਵਾਂ ਅਤੇ ਉੱਚ ਸਿੱਖਿਆ ਲਈ ਕੈਨੇਡਾ ਪ੍ਰਵਾਸ ਕਰਨਾ ਚਾਹੁੰਦੇ ਸਨ। ਕੈਨੇਡਾ ਨੇ ਭਾਰਤੀਆਂ ਦੇ ਦਾਖਲੇ ਨੂੰ ਰੋਕਣ ਲਈ ਇਮੀਗ੍ਰੇਸ਼ਨ ਨਿਯਮਾਂ ਨੂੰ ਸਖ਼ਤ ਕੀਤਾ ਹੈ। ਕੈਨੇਡਾ ਸਰਕਾਰ ਦੇ ਨਵੇਂ ਫ਼ੈਸਲੇ ਮੁਤਾਬਕ ਹੁਣ ਭਾਰਤੀਆਂ ਨੂੰ 10 ਸਾਲ ਦਾ ਵਿਜ਼ਟਰ ਵੀਜ਼ਾ ਨਹੀਂ ਮਿਲੇਗਾ। ਨਵੇਂ ਨਿਯਮਾਂ ਤਹਿਤ ਹੁਣ ਸਿਰਫ਼ ਇੱਕ ਮਹੀਨੇ ਦਾ ਵਿਜ਼ਟਰ ਵੀਜ਼ਾ ਜਾਰੀ ਕੀਤਾ ਜਾਵੇਗਾ। ਇਸ ਬਦਲਾਅ ਤੋਂ ਬਾਅਦ ਕੈਨੇਡਾ 'ਚ ਰਹਿ ਰਹੇ 4.5 ਲੱਖ ਪੰਜਾਬੀਆਂ ਨੂੰ ਜਾਂ ਤਾਂ ਨਵਾਂ ਵੀਜ਼ਾ ਲੈਣਾ ਪਵੇਗਾ ਜਾਂ ਫਿਰ ਕੈਨੇਡਾ ਛੱਡਣਾ ਪਵੇਗਾ।




ਕੈਨੇਡਾ ਸਰਕਾਰ ਵੱਲੋਂ ਇਹ ਕਦਮ ਵੀਜ਼ਾ ਪ੍ਰਣਾਲੀ ਵਿੱਚ ਸਖ਼ਤ ਪ੍ਰਬੰਧਾਂ ਨੂੰ ਲਾਗੂ ਕਰਨ ਦੇ ਉਦੇਸ਼ ਨਾਲ ਚੁੱਕਿਆ ਗਿਆ ਹੈ, ਜਿਸ ਕਾਰਨ ਭਾਰਤੀ ਨਾਗਰਿਕਾਂ ਲਈ ਲੰਬੇ ਸਮੇਂ ਦੇ ਵੀਜ਼ੇ ਦੀ ਸਹੂਲਤ ਖ਼ਤਮ ਹੋ ਜਾਵੇਗੀ। ਇਸ ਦਾ ਸਭ ਤੋਂ ਵੱਧ ਅਸਰ ਪੰਜਾਬੀ ਭਾਈਚਾਰੇ ਦੇ ਲੋਕਾਂ 'ਤੇ ਪਵੇਗਾ, ਜੋ ਕੈਨੇਡਾ ਆਉਂਦੇ-ਜਾਂਦੇ ਰਹਿੰਦੇ ਹਨ। ਨਵੇਂ ਨਿਯਮ ਨੇ ਕੈਨੇਡਾ ਵਿੱਚ 10 ਲੱਖ ਲੋਕਾਂ ਨੂੰ ਮੁਸੀਬਤ ਵਿੱਚ ਪਾ ਦਿੱਤਾ ਹੈ, ਜੋ ਵਿਜ਼ਟਰ ਜਾਂ ਮਲਟੀਪਲ ਵੀਜ਼ਾ 'ਤੇ ਕੈਨੇਡਾ ਵਿੱਚ ਹਨ। ਇਨ੍ਹਾਂ ਵਿੱਚੋਂ 4.5 ਲੱਖ ਦੇ ਕਰੀਬ ਪੰਜਾਬ ਮੂਲ ਦੇ ਹਨ। ਕੈਨੇਡਾ ਸਥਿਤ ਲੇਖਕਾਂ ਅਤੇ ਮਾਹਿਰਾਂ ਨੇ ਵੀ ਇਨ੍ਹਾਂ ਤਬਦੀਲੀਆਂ 'ਤੇ ਪ੍ਰਤੀਕਿਰਿਆ ਦਿੱਤੀ ਹੈ। ਵੈਨਕੂਵਰ ਦੇ ਲੇਖਕ ਸੁਖਵਿੰਦਰ ਸਿੰਘ ਚੋਹਲਾ ਦਾ ਕਹਿਣਾ ਹੈ ਕਿ ਨਵੇਂ ਨਿਯਮਾਂ ਵਿੱਚ ਸੁਪਰ ਵੀਜ਼ਾ ਦਾ ਕੋਈ ਜ਼ਿਕਰ ਨਹੀਂ ਹੈ, ਜਿਸ ਕਾਰਨ ਭੰਬਲਭੂਸੇ ਦੀ ਸਥਿਤੀ ਬਣੀ ਹੋਈ ਹੈ। ਸੁਪਰ ਵੀਜ਼ਾ ਉਹਨਾਂ ਮਾਪਿਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਦੇ ਬੱਚੇ ਕੈਨੇਡਾ ਦੇ ਸਥਾਈ ਨਿਵਾਸੀ ਜਾਂ ਨਾਗਰਿਕ ਹਨ। ਐਡਮਿੰਟਨ ਦੇ ਇਮੀਗ੍ਰੇਸ਼ਨ ਮਾਹਿਰ ਪਰਵਿੰਦਰ ਸਿੰਘ ਮੌਂਟ ਨੇ ਦੱਸਿਆ ਕਿ ਕੈਨੇਡਾ ਸਰਕਾਰ ਵੱਲੋਂ ਕੀਤੀ ਗਈ ਇਸ ਤਬਦੀਲੀ ਨਾਲ ਉਨ੍ਹਾਂ ਪਰਿਵਾਰਾਂ 'ਤੇ ਅਸਰ ਪਿਆ ਹੈ ਜੋ ਅਕਸਰ ਲੰਬੇ ਸਮੇਂ ਲਈ ਕੈਨੇਡਾ ਜਾਂਦੇ ਹਨ। ਕੈਨੇਡਾ 'ਚ 28 ਅਗਸਤ ਨੂੰ ਵਿਜ਼ਟਰ ਵੀਜ਼ੇ 'ਤੇ ਆਉਣ ਵਾਲੇ ਲੋਕਾਂ ਦੇ ਵਰਕ ਪਰਮਿਟ ਬੰਦ ਕਰ ਦਿੱਤੇ ਗਏ ਸਨ। ਪੰਜਾਬ ਤੋਂ ਹਰ ਸਾਲ ਡੇਢ ਲੱਖ ਬੱਚੇ ਪੜ੍ਹਾਈ ਲਈ ਆਉਂਦੇ ਹਨ, ਉਨ੍ਹਾਂ ਦੇ ਮਾਪੇ ਕਈ ਵਾਰ 6-6 ਮਹੀਨੇ ਕੈਨੇਡਾ ਰਹਿੰਦੇ ਸਨ, ਪਰ ਹੁਣ ਉਹ ਇਕ ਮਹੀਨੇ ਤੋਂ ਵੱਧ ਨਹੀਂ ਰਹਿ ਸਕਣਗੇ।

## ਇੱਕ ਪੱਖ ਇਹ ਵੀ...

# ਸਿਆਸਤ ਦਾ ਧੁਰਾ ਬਣੀਆਂ ਮੁਫ਼ਤ ਸਹੂਲਤਾਂ



- ➢ ਚੋਣਾਂ ਜਿੱਤਣ ਦੀ ਗਾਰੰਟੀ ਬਣ ਰਿਹੈ 'ਰਿਉੜੀ ਸੱਭਿਆਚਾਰ'
- ➢ ਪੰਜਾਬ ਦੀਆਂ ਜ਼ਿਮਨੀ ਚੋਣਾਂ 'ਚ ਵੀ 'ਮੁਫ਼ਤ ਸਹੂਲਤਾਂ' ਦਾ ਮੁੱਦਾ ਹੋਇਆ ਭਾਰੂ
- ➢ ਵਾਤਾਵਰਣ, ਜਲ, ਜੰਗਲ ਤੇ ਜ਼ਮੀਨ ਬਚਾਉਣ ਦੇ ਮੁੱਦੇ ਹੋਏ ਗ਼ਾਇਬ
- ➢ ਮੁਫ਼ਤ ਸਹੂਲਤਾਂ ਦੀ ਮਹਿੰਗੀ ਸਿਆਸਤ ਨੇ ਪੰਜਾਬ ਦੇ ਖ਼ਜ਼ਾਨੇ ਦਾ ਕੱਢਿਆ ਧੂੰਆਂ

*ਕੋਈ ਸਮਾਂ ਸੀ ਜਦੋਂ ਚੋਣ ਮੈਨੀਫ਼ੈਸਟੋ ਸਿਆਸੀ ਪਾਰਟੀਆਂ ਦੀ ਵਿਚਾਰਧਾਰਾ, ਨੀਤੀਆਂ ਅਤੇ ਸਿਆਸੀ ਫ਼ਲਸਫ਼ੇ ਨੂੰ ਦਰਸਾਉਂਦੇ ਸਨ ਪਰ ਅੱਜ ਚੋਣ ਮੈਨੀਫ਼ੈਸਟੋ ਮਹਿਜ਼ 'ਮੁਫ਼ਤ ਦਾ ਬੰਡਲ' ਬਣ ਕੇ ਰਹਿ ਗਏ ਹਨ, ਅਰਥਾਤ 'ਰਿਉੜੀ ਵੰਡਣ ਦੀ ਗਾਰੰਟੀ'*

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਦਿਵਾਲੀ ਮੌਕੇ ਚਲਾਏ ਗਏ ਪਟਾਕਿਆਂ ਅਤੇ ਜ਼ਿਮਨੀ ਚੋਣਾਂ ਦੇ ਰੌਲ਼ੇ ਗੌਲੇ ਕਾਰਨ ਪੰਜਾਬ ਦਾ ਕੁਦਰਤੀ ਤੇ ਸਿਆਸੀ ਵਾਤਾਵਰਣ ਇਸ ਸਮੇਂ ਧੁਆਂਖਿਆ ਹੋਇਆ ਹੈ। ਇਸ ਦੇ ਬਾਵਜੂਦ ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਬਰਨਾਲਾ, ਗਿੱਦੜਬਾਹਾ, ਚੱਬੇਵਾਲ ਅਤੇ ਡੇਰਾ ਬਾਬਾ ਨਾਨਕ ਦੀਆਂ ਜ਼ਿਮਨੀ ਚੋਣਾਂ ਵਿੱਚ ਵਾਤਾਵਰਣ, ਜਲ, ਜੰਗਲ ਤੇ ਜ਼ਮੀਨ ਬਚਾਉਣ ਦੇ ਮੁੱਦੇ ਪੂਰੀ ਤਰ੍ਹਾਂ ਗਾਇਬ ਹਨ, ਜਦੋਂਕਿ ਇਹਨਾਂ ਚੋਣਾਂ ਦੌਰਾਨ ਪੰਜਾਬੀਆਂ ਨੂੰ ਵੱਧ ਤੋਂ ਵੱਧ ਮੁਫ਼ਤ ਸਹੂਲਤਾਂ ਦੇਣ ਦੇ ਵਾਅਦੇ ਕਰਨ ਦੀ ਜ਼ਿਮਨੀ ਚੋਣਾਂ ਲੜ ਰਹੀਆਂ ਸਾਰੀਆਂ ਸਿਆਸੀ ਪਾਰਟੀਆਂ ਵਿੱਚ ਦੌੜ ਲੱਗੀ ਹੋਈ ਹੈ। ਜ਼ਿਮਨੀ ਚੋਣਾਂ ਦੌਰਾਨ ਕਈ ਸਿਆਸੀ ਆਗੂ ਪੰਜਾਬੀਆਂ ਨਾਲ ਅਜਿਹੇ ਵਾਅਦੇ ਵੀ ਕਰ ਰਹੇ ਹਨ ਜਿਨ੍ਹਾਂ ਨੂੰ ਚੋਣਾਂ ਜਿੱਤਣ ਤੋਂ ਬਾਅਦ ਵੀ ਕਿਸੇ ਵੀ ਤਰ੍ਹਾਂ ਪੂਰਾ ਕਰਨਾ ਸੰਭਵ ਹੀ ਨਹੀਂ।

ਅਸਲੀਅਤ ਤਾਂ ਇਹ ਹੈ ਕਿ ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਹੀ ਮੁਫ਼ਤ ਸਹੂਲਤਾਂ ਸਿਆਸਤ ਦਾ ਧੁਰਾ ਬਣ ਗਈਆਂ ਹਨ। ਅਜੇ ਕੁਝ ਸਮਾਂ ਪਹਿਲਾਂ ਹੀ ਹਰਿਆਣਾ ਅਤੇ ਜੰਮੂ - ਕਸ਼ਮੀਰ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਸਿਆਸੀ ਪਾਰਟੀਆਂ ਵਿੱਚ ਮੁਫ਼ਤ ਸਹੂਲਤਾਂ ਭਾਵ ਰਿਉੜੀਆਂ ਵੰਡਣ ਦੀ ਦੌੜ ਲੱਗੀ ਰਹੀ ਸੀ। ਇਸ ਤੋਂ ਪਹਿਲਾਂ ਦੀਆਂ ਹਰ ਤਰ੍ਹਾਂ ਦੀਆਂ ਚੋਣਾਂ ਵਿੱਚ ਵੀ ਸਿਆਸੀ ਪਾਰਟੀਆਂ ਇੱਕ ਦੂਜੇ ਤੋਂ ਵੱਧ ਕੇ ਵੋਟਰਾਂ ਨੂੰ ਮੁਫ਼ਤ ਸਹੂਲਤਾਂ ਦੇਣ ਦੇ ਵਾਅਦੇ ਕਰਦੀਆਂ ਰਹੀਆਂ। ਚੋਣਾਂ ਜਿੱਤਣ ਤੋਂ ਬਾਅਦ ਇਹ ਮੁਫ਼ਤ ਸਹੂਲਤਾਂ ਦੇਣ ਦੇ ਵਾਅਦੇ ਕੁਝ ਹੱਦ ਤਕ ਪੂਰੇ ਵੀ ਕੀਤੇ ਜਾਂਦੇ ਹਨ, ਜਿਸ ਕਾਰਨ ਸੂਬਿਆਂ ਦੀਆਂ ਸਰਕਾਰਾਂ ਕਰਜ਼ਾਈ ਹੋ ਜਾਂਦੀਆਂ ਹਨ। ਇਥੇ ਪੰਜਾਬ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਪੰਜਾਬ ਸਰਕਾਰ ਵੱਲੋਂ ਪੰਜਾਬ ਵਾਸੀਆਂ ਨੂੰ ਦਿੱਤੀਆਂ ਅਨੇਕਾਂ ਮੁਫ਼ਤ ਸਹੂਲਤਾਂ ਕਾਰਨ ਪੰਜਾਬ ਸਰਕਾਰ ਸਿਰ ਕਰਜ਼ੇ ਦੀ ਪੰਡ ਦਿਨੋਂ ਦਿਨ ਭਾਰੀ ਹੋ ਰਹੀ ਹੈ, ਪੰਜਾਬ ਦੀ ਆਮਦਨ ਦਾ ਵੱਡਾ ਹਿਸਾ ਕਰਜ਼ੇ ਦੇ ਵਿਆਜ ਦੇਣ ਵਿੱਚ ਚਲਾ ਜਾਂਦਾ ਹੈ। ਪੰਜਾਬ ਵਿੱਚ ਔਰਤਾਂ ਨੂੰ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਵੀ ਦਿੱਤੀ ਗਈ ਹੈ, ਜੋ ਕਿ ਪੰਜਾਬ ਦੇ ਖ਼ਜ਼ਾਨੇ 'ਤੇ ਭਾਰੀ ਪੈ ਰਹੀ ਹੈ। ਵੋਟਾਂ ਲੈਣ ਲਈ ਸਰਕਾਰ ਵੱਲੋਂ ਔਰਤਾਂ ਨੂੰ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਜਾਰੀ ਰੱਖੀ ਹੋਈ ਹੈ। ਪੰਜਾਬ ਵਿੱਚ 300 ਯੂਨਿਟ ਪ੍ਰਤੀ ਮਹੀਨਾ ਬਿਜਲੀ ਵੀ ਮੁਫ਼ਤ ਦਿੱਤੀ ਜਾ ਰਹੀ ਹੈ। ਖੇਤਾਂ ਵਿਚਲੇ ਟਿਊਬਵੈਲਾਂ ਨੂੰ ਦਿੱਤੀ ਜਾ ਰਹੀ ਮੁਫ਼ਤ ਬਿਜਲੀ ਇਸ ਤੋਂ ਵੱਖਰੀ ਹੈ। ਇਸੇ ਤਰ੍ਹਾਂ ਪੰਜਾਬ ਵਿੱਚ ਹੋਰ ਵੀ ਕਈ ਮੁਫ਼ਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਸਾਰਾ ਬੋਝ ਪੰਜਾਬ ਦੇ ਖ਼ਜ਼ਾਨੇ 'ਤੇ ਹੀ ਪੈ ਰਿਹਾ ਹੈ। ਇਸ ਤਰ੍ਹਾਂ ਇਹ ਮੁਫ਼ਤ ਸਹੂਲਤਾਂ ਪੰਜਾਬ ਸਰਕਾਰ ਦੇ ਗਲੇ ਦੀ ਹੱਡੀ ਬਣ ਰਹੀਆਂ ਹਨ।



ਜੇਕਰ ਅਸੀਂ ਭਾਰਤ ਵਿੱਚ ਮੁਫ਼ਤ ਸਹੂਲਤਾਂ ਭਾਵ ਰਿਊੜੀ ਕਲਚਰ ਦੀ ਸ਼ੁਰੂਆਤ ਦੀ ਗੱਲ ਕਰੀਏ ਤਾਂ 2006 ਉਹ ਸਾਲ ਸੀ ਜਦੋਂ ਰਿਉੜੀ ਕਲਚਰ ਦੀ ਸ਼ੁਰੂਆਤ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਨਾਲ ਹੋਈ ਸੀ। ਉਸ ਸਮੇਂ ਡੀ.ਐਮ.ਕੇ. ਨੇ ਵਾਅਦਾ ਕੀਤਾ ਸੀ ਕਿ ਜੇਕਰ ਉਹ ਚੋਣਾਂ ਜਿੱਤਦੇ ਹਨ ਭਾਵ ਉਨ੍ਹਾਂ ਦੀ ਸਰਕਾਰ ਬਣ ਜਾਂਦੀ ਹੈ ਤਾਂ ਰਾਜ ਦੇ ਹਰ ਪਰਿਵਾਰ ਨੂੰ ਮੁਫ਼ਤ ਰੰਗੀਨ ਟੈਲੀਵਿਜ਼ਨ ਸੈੱਟ ਮੁਹੱਈਆ ਕਰਵਾਏ ਜਾਣਗੇ ਅਤੇ ਇਸ ਦੇ ਪਿੱਛੇ ਤਰਕ ਸੀ ਕਿ ਇਸ ਨਾਲ ਔਰਤਾਂ ਦੀ ਸਾਖਰਤਾ ਵਿੱਚ ਵਾਧਾ ਹੋਵੇਗਾ। ਇਸ ਦਾ ਅਸਰ ਇਹ ਹੋਇਆ ਕਿ ਸੀ ਕਿ ਡੀ.ਐਮ.ਕੇ. ਪਾਰਟੀ ਚੋਣ ਜਿੱਤ ਗਈ ਅਤੇ ਇਸ 'ਤੇ 750 ਕਰੋੜ ਰੁਪਏ ਖਰਚ ਕੀਤੇ ਗਏ। ਇਹ ਵੱਖਰੀ ਗੱਲ ਹੈ ਕਿ 2011 ਵਿੱਚ ਇਸ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਸੀ, ਪਰ 2011 ਦੀਆਂ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਵਿੱਚ ਏ.ਆਈ.ਏ.ਡੀ.ਐਮ.ਕੇ. ਨੇ ਇਸ ਤਰ੍ਹਾਂ ਦੇ ਕਈ ਵਾਅਦੇ ਕੀਤੇ ਅਤੇ ਏ.ਆਈ.ਏ.ਡੀ.ਐਮ.ਕੇ. ਦੀ ਸਰਕਾਰ ਬਣੀ। ਇਸ ਦਾ ਮਤਲਬ ਹੈ ਕਿ ਮੁਫ਼ਤ ਸਹੂਲਤਾਂ ਯਾਨੀ ਰਿਉੜੀ ਸੱਭਿਆਚਾਰ ਚੋਣਾਂ ਜਿੱਤਣ ਦੀ ਗਾਰੰਟੀ ਹੈ ਅਤੇ ਉਦੋਂ ਤੋਂ, ਸਾਰੇ ਵਿਰੋਧਾਂ ਦੇ ਬਾਵਜੂਦ, ਮੁਫ਼ਤ ਸਹੂਲਤਾਂ ਯਾਨੀ ਰਿਉੜੀ ਸੱਭਿਆਚਾਰ ਭਾਰਤ ਦਾ ਰਾਜਨੀਤੀ ਦਾ ਅਹਿਮ ਹਿੱਸਾ ਬਣ ਗਿਆ ਹੈ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਅਜਿਹੇ ਮੁਫ਼ਤ ਤੋਹਫ਼ਿਆਂ ਯਾਨੀ ਮੁਫ਼ਤ ਸਕੀਮਾਂ ਨਾਲ ਚੋਣਾਂ ਜਿੱਤਣਾ ਕਿਸੇ ਵੀ ਤਰ੍ਹਾਂ ਸਰਲ ਜਾਂ ਆਸਾਨ ਹੈ? ਕੀ ਰਿਉੜੀ ਕਲਚਰ ਚੋਣਾਂ ਜਿੱਤਣ ਦੀ ਗਾਰੰਟੀ ਹੈ? ਸਵਾਲ ਇਹ ਵੀ ਹੈ ਕਿ ਕੀ ਆਜ਼ਾਦਾਨਾ ਐਲਾਨਾਂ ਤੋਂ ਬਿਨਾਂ ਚੋਣਾਂ ਜਿੱਤਣਾ ਅਸੰਭਵ ਹੈ? ਆਖ਼ਰ, ਮੁਫ਼ਤ ਸਹੂਲਤਾਂ ਚੋਣ ਰਾਜਨੀਤੀ ਦਾ ਧੁਰਾ ਕਿਉਂ ਬਣ ਰਹੀਆਂ ਹਨ?

ਹੈਰਾਨੀ ਦੀ ਗੱਲ ਹੈ ਕਿ ਜਿਨ੍ਹਾਂ 'ਮੁਫ਼ਤ ਸਕੀਮਾਂ' ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਰੈਵੇਰੀ ਕਲਚਰ' ਕਹਿ ਕੇ ਸਵਾਲ ਕੀਤੇ ਸਨ, ਅੱਜ ਉਨ੍ਹਾਂ ਦੀ ਆਪਣੀ ਪਾਰਟੀ ਵੱਲੋਂ ਹੀ ਚੋਣਾਂ ਵਿੱਚ ਵੱਡੀਆਂ-ਵੱਡੀਆਂ ਮੁਫ਼ਤ ਸਕੀਮਾਂ ਦਾ ਐਲਾਨ ਕੀਤਾ ਜਾ ਰਿਹਾ ਹੈ। ਇਰਾਦਾ ਸਾਫ਼ ਹੈ ਕਿ ਕਿਸੇ ਵੀ ਤਰੀਕੇ ਨਾਲ ਚੋਣਾਂ ਜਿੱਤੀਆਂ ਜਾਣ। ਅੱਜ ਸਾਰੀਆਂ ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰ ਇਨ੍ਹਾਂ ਮੁਫ਼ਤ ਸਹੂਲਤਾਂ ਯਾਨੀ 'ਮੁਫ਼ਤ ਸਕੀਮਾਂ' 'ਤੇ ਆਧਾਰਿਤ ਸਿਆਸੀ ਵਾਅਦਿਆਂ ਅਤੇ ਦਾਅਵਿਆਂ ਨਾਲ ਭਰੇ ਹੁੰਦੇ ਹਨ।




ਇਸ ਸਮੇਂ ਭਾਰਤ ਦੇ ਵੱਖ- ਵੱਖ ਰਾਜਾਂ ਵਿੱਚ ਜ਼ਿਮਨੀ ਚੋਣਾਂ ਹੋ ਰਹੀਆਂ ਹਨ ਅਤੇ ਝਾਰਖੰਡ ਸਮੇਤ ਕੁਝ ਸੂਬਿਆਂ ਵਿੱਚ ਵਿਧਾਨ ਸਭਾ ਚੋਣਾਂ ਕਰਵਾਉਣ ਦੀ ਤਿਆਰੀ ਹੋ ਚੁੱਕੀ ਹੈ। ਜਿਸ ਕਰਕੇ ਸਿਆਸੀ ਪਾਰਟੀਆਂ ਵੱਲੋਂ ਵੋਟਾਂ ਪੱਕੀਆਂ ਕਰਨ ਲਈ ਮੁਫ਼ਤ ਸਹੂਲਤਾਂ ਦਾ ਐਲਾਨ ਲਗਾਤਾਰ ਕੀਤਾ ਜਾ ਰਿਹਾ ਹੈ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਮੁਫ਼ਤ ਸਹੂਲਤਾਂ ਦਾ ਮੀਂਹ ਪੈ ਰਿਹਾ ਹੈ। ਅਜਿਹੀਆਂ ਨੀਤੀਆਂ, ਯੋਜਨਾਵਾਂ ਜਾਂ ਪ੍ਰੋਗਰਾਮਾਂ ਦਾ ਵਿਰੋਧ ਕਰਨ ਵਾਲੇ ਇਸ ਨੂੰ 'ਰੇਵ ਕਲਚਰ' ਕਹਿੰਦੇ ਹਨ, ਜਦਕਿ ਇਸ ਦੇ ਸਮਰਥਕ ਇਸ ਨੂੰ 'ਕਲਿਆਣਕਾਰੀ ਯੋਜਨਾਵਾਂ' ਕਹਿੰਦੇ ਹਨ। ਮੁਫ਼ਤ ਸਕੀਮਾਂ ਯਾਨੀ ਰੇਵ ਕਲਚਰ ਨਾਲ ਅਸਹਿਮਤ ਹੋਣ ਵਾਲੇ ਲੋਕ ਦਲੀਲ ਦਿੰਦੇ ਹਨ ਕਿ ਇਸ ਨਾਲ ਸਰਕਾਰੀ ਖ਼ਜ਼ਾਨੇ 'ਤੇ ਬੋਝ ਪੈਂਦਾ ਹੈ, ਸਰਕਾਰ 'ਤੇ ਕਰਜ਼ੇ ਦਾ ਬੋਝ ਵਧਦਾ ਹੈ, ਜੋ ਆਖ਼ਰਕਾਰ ਆਰਥਿਕਤਾ ਲਈ ਵਿਨਾਸ਼ਕਾਰੀ, ਘਾਤਕ ਅਤੇ ਨੁਕਸਾਨਦਾਇਕ ਸਾਬਤ ਹੁੰਦਾ ਹੈ। ਸਿਆਸੀ ਪਾਰਟੀਆਂ ਆਪਣੇ ਸਿਆਸੀ ਨਫ਼ੇ-ਨੁਕਸਾਨ ਲਈ ਅਜਿਹਾ ਕਰਦੀਆਂ ਹਨ। ਇਸ ਦੇ ਸਮਰਥਕਾਂ ਦਾ ਮੰਨਣਾ ਹੈ ਕਿ ਇਹ ਗਰੀਬਾਂ ਦੀ ਮਦਦ ਕਰਦੀਆਂ ਹਨ।

ਹਰ ਸਿਆਸੀ ਪਾਰਟੀ ਦੂਸਰੀ ਪਾਰਟੀ 'ਤੇ ਦੋਸ਼ ਲਗਾ ਰਹੀ ਹੈ ਕਿ ਮੁਫ਼ਤ ਤੋਹਫ਼ੇ ਯਾਨੀ ਮੁਫ਼ਤ ਸਹੂਲਤਾਂ ਲਈ ਦੂਜੀ ਪਾਰਟੀ ਜ਼ਿੰਮੇਵਾਰ ਹੈ, ਉਨ੍ਹਾਂ ਦੀ ਪਾਰਟੀ ਸਿਰਫ਼ ਠੋਸ ਸਕੀਮਾਂ ਦੀ ਗੱਲ ਕਰਦੀ ਹੈ। ਸਿਆਸੀ ਪਾਰਟੀਆਂ ਆਪਣੀ ਪਾਰਟੀ ਦੇ ਐਲਾਨਾਂ ਨੂੰ ਲੋਕ ਭਲਾਈ ਸਕੀਮਾਂ ਦੱਸ ਕੇ ਦੂਜੀਆਂ ਪਾਰਟੀਆਂ ਦੀਆਂ ਸਕੀਮਾਂ ਨੂੰ 'ਰਿਉੜੀ', ਸੂਬੇ ਅਤੇ ਦੇਸ਼ ਦੇ ਹਿੱਤਾਂ ਦੇ ਉਲਟ ਅਤੇ ਲੋਕ ਹਿੱਤਾਂ ਲਈ ਵਿਨਾਸ਼ਕਾਰੀ ਕਰਾਰ ਦੇ ਰਹੀਆਂ ਹਨ।

ਆਰ.ਬੀ.ਆਈ. ਦੀ 31 ਮਾਰਚ 2023 ਤੱਕ ਦੀ ਰਿਪੋਰਟ ਵਿੱਚ ਖੁਲਾਸਾ ਹੋਇਆ ਸੀ ਕਿ ਮੱਧ ਪ੍ਰਦੇਸ਼, ਰਾਜਸਥਾਨ, ਪੰਜਾਬ, ਪੱਛਮੀ ਬੰਗਾਲ ਵਰਗੇ ਰਾਜ ਮੁਫ਼ਤ ਸਕੀਮਾਂ 'ਤੇ ਕੁੱਲ ਟੈਕਸ ਆਮਦਨ ਦਾ 35 ਪ੍ਰਤੀਸ਼ਤ ਖਰਚ ਕਰਦੇ ਹਨ। ਪੰਜਾਬ ਸਰਕਾਰ 35.4 ਫ਼ੀਸਦੀ ਦੇ ਨਾਲ ਸਭ ਤੋਂ ਉੱਪਰ ਹੈ। ਇਹ ਹਿੱਸਾ ਮੱਧ ਪ੍ਰਦੇਸ਼ ਵਿੱਚ 28.8 ਫ਼ੀਸਦੀ ਅਤੇ ਰਾਜਸਥਾਨ ਵਿੱਚ 28.6 ਫ਼ੀਸਦੀ ਹੈ। ਆਂਧਰਾ ਪ੍ਰਦੇਸ਼ ਆਪਣੀ ਆਮਦਨ ਦਾ 30.3 ਫ਼ੀਸਦੀ, ਝਾਰਖੰਡ 26.7 ਫ਼ੀਸਦੀ ਅਤੇ ਬੰਗਾਲ 23.8 ਫ਼ੀਸਦੀ ਮੁਫ਼ਤ ਸਹੂਲਤਾਂ ਦੇ ਨਾਂਅ 'ਤੇ ਖਰਚ ਕਰ ਰਿਹਾ ਹੈ।

ਭਾਰਤ ਦੀ ਸਿਆਸਤ ਵਿੱਚ ਰਿਉੜੀ ਕਲਚਰ ਦਾ ਵੱਧ ਰਿਹਾ ਰੁਝਾਨ ਮੰਦਭਾਗਾ ਹੈ, ਇਸ ਨੂੰ ਲੋਕਤੰਤਰ ਲਈ ਵੀ ਚੰਗਾ ਨਹੀਂ ਕਿਹਾ ਜਾ ਸਕਦਾ। ਮੁਫ਼ਤ ਸਹੂਲਤਾਂ ਦਾ ਹੜ੍ਹ ਪਤਾ ਨਹੀਂ ਭਾਰਤ ਦੀ ਸਿਆਸਤ ਨੂੰ ਕਿਹੜੇ ਪਾਸੇ ਲੈ ਜਾਵੇਗਾ। ਅਸਲ ਵਿੱਚ ਸਿਆਸੀ ਪਾਰਟੀਆਂ ਮੁਫ਼ਤ ਸਹੂਲਤਾਂ ਦਾ ਰੌਲਾ ਪਾ ਕੇ ਵੋਟਰਾਂ ਦਾ ਧਿਆਨ ਉਹਨਾਂ ਦੇ ਵੱਡੇ ਮਸਲਿਆਂ ਤੋਂ ਹਟਾਉਣ ਦਾ ਯਤਨ ਕਰਦੀਆਂ ਹਨ ਅਤੇ ਇਸ ਵਿੱਚ ਉਹ ਸਫ਼ਲ ਵੀ ਹੋ ਜਾਂਦੀਆਂ ਹਨ। ਮੁਫ਼ਤ ਸਹੂਲਤਾਂ ਦੇ ਲਾਲਚ ਵਿੱਚ ਅਕਸਰ ਵੋਟਰ ਆਪਣੇ ਵੱਡੇ ਮਸਲੇ ਅਤੇ ਵੱਡੀਆਂ ਸਮੱਸਿਆਵਾਂ ਨੂੰ ਭੁੱਲ ਜਾਂਦੇ ਹਨ। ਇਸ ਤਰ੍ਹਾਂ ਪੰਜਾਬ ਸਮੇਤ ਪੂਰੇ ਭਾਰਤ ਦੀ ਸਿਆਸਤ ਵਿੱਚ ਮੁਫ਼ਤ ਸਹੂਲਤਾਂ ਦੀ ਮਹਿੰਗੀ ਸਿਆਸਤ ਹੋ ਰਹੀ ਹੈ।







# ਕਿਰਪਾਨ ’ਤੇ ਪਾਬੰਦੀ: ਕੇਂਦਰ ਨੂੰ ਮਿਲੇਗਾ ਸ਼੍ਰੋਮਣੀ ਕਮੇਟੀ ਦਾ ਵਫ਼ਦ

## ਸਿੱਖ ਸੰਸਥਾ ਦੀ ਨਵੀਂ ਅੰਤ੍ਰਿੰਗ ਕਮੇਟੀ ਦੀ ਪਲੇਠੀ ਮੀਟਿੰਗ ’ਚ ਲਿਆ ਫ਼ੈਸਲਾ

## ਸਿੱਖ ਸ਼ਰਧਾਲੂਆਂ ਦੇ ਵੱਡੀ ਗਿਣਤੀ ਵੀਜ਼ੇ ਕੱਟੇ ਜਾਣ ਦਾ ਲਿਆ ਨੋਟਿਸ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਵੀਂ ਅੰਤ੍ਰਿੰਗ ਕਮੇਟੀ ਦੀ ਪਲੇਠੀ ਮੀਟਿੰਗ ਵਿੱਚ ਦੇਸ਼ ਦੇ ਹਵਾਈ ਅੱਡਿਆਂ ਅੰਦਰ ਅੰਮ੍ਰਿਤਧਾਰੀ ਕਰਮਚਾਰੀਆਂ ਨੂੰ ਕਿਰਪਾਨ ਪਾਉਣ ਤੋਂ ਰੋਕਣ ਦੇ ਆਦੇਸ਼ ਖ਼ਿਲਾਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫਦ ਵੱਲੋਂ ਕੇਂਦਰ ਸਰਕਾਰ ਨਾਲ ਮੁਲਾਕਾਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਮੀਟਿੰਗ ਵਿੱਚ ਕੈਨੇਡਾ ਘਟਨਾ ਮਾਮਲੇ ’ਚ ਸਿੱਖਾਂ ਖ਼ਿਲਾਫ਼ ਸਿਰਜੇ ਜਾ ਰਹੇ ਬਿਰਤਾਂਤ, ਪਾਕਿਸਤਾਨ ਦੂਤਾਵਾਸ ਵੱਲੋਂ ਸਿੱਖ ਸ਼ਰਧਾਲੂਆਂ ਦੇ ਵੱਡੀ ਗਿਣਤੀ ਵਿੱਚ ਵੀਜ਼ੇ ਕੱਟੇ ਜਾਣ ਅਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਬਣ ਰਹੀਆਂ ਵੋਟਰ ਸੂਚੀਆਂ ਸਮੇਤ ਹੋਰ ਪੰਥਕ ਮਾਮਲਿਆਂ ’ਤੇ ਵੀ ਅਹਿਮ ਮਤੇ ਪਾਸ ਕੀਤੇ ਗਏ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦੇਸ਼ ਦੇ ਹਵਾਈ ਅੱਡਿਆਂ ’ਤੇ ਸਿੱਖ ਕਰਮਚਾਰੀਆਂ ਨੂੰ ਕਿਰਪਾਨ ਪਾ ਕੇ ਡਿਊਟੀ ਕਰਨ ਤੋਂ ਰੋਕਣਾ ਸਿੱਖਾਂ ਦੀ ਧਾਰਮਿਕ ਆਜ਼ਾਦੀ ’ਤੇ ਵੱਡਾ ਹਮਲਾ ਹੈ। ਇਹ ਰੋਕ ਭਾਰਤੀ ਸੰਵਿਧਾਨ ਦੀ ਵੀ ਉਲੰਘਣਾ ਹੈ। ਸਿੱਖਾਂ ਨੂੰ ਕਕਾਰਾਂ ਸਮੇਤ ਦੇਸ਼ ਅੰਦਰ ਹਵਾਈ ਸਫ਼ਰ ਕਰਨ ਅਤੇ ਆਪਣੀਆਂ ਧਾਰਮਿਕ ਮਾਨਤਾਵਾਂ ਨਿਭਾਉਣ ਦਾ ਪੂਰਾ ਅਧਿਕਾਰ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਗੰਭੀਰ ਮਾਮਲੇ ’ਤੇ ਹਰ ਪੱਧਰ ’ਤੇ ਆਵਾਜ਼ ਉਠਾਏਗੀ। ਇਸ ਮਾਮਲੇ ਨੂੰ ਸਰਕਾਰ ਨਾਲ ਵਿਚਾਰਨ ਲਈ ਜਲਦ ਹੀ ਸ਼੍ਰੋਮਣੀ ਕਮੇਟੀ ਦਾ ਵਫ਼ਦ ਭੇਜਿਆ ਜਾਵੇਗਾ। ਇਸ ਵਫ਼ਦ ਵਿੱਚ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਸਕੱਤਰ ਪ੍ਰਤਾਪ ਸਿੰਘ ਅਤੇ ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ ਦੇ ਨਾਂ ਸ਼ਾਮਲ ਕੀਤੇ ਗਏ ਹਨ।



ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਦੇ ਵੱਡੀ ਗਿਣਤੀ ’ਚ ਵੀਜ਼ੇ ਕੱਟੇ ਜਾਣ ’ਤੇ ਸਿੱਖ ਸੰਸਥਾਂ ਨੇ ਸਖਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਸ਼ਰਧਾਲੂਆਂ ਲਈ ਖੁੱਲ੍ਹੇ ਵੀਜ਼ਿਆਂ ਦੀ ਮੰਗ ਕਰਦੀ ਹੈ ਪਰ ਸਰਕਾਰਾਂ ਨੇ ਸਿੱਖ ਸੰਸਥਾ ਨੂੰ ਪਹਿਲਾਂ ਮਿਲਦੇ ਵੀਜ਼ਿਆਂ ’ਚ ਵੀ ਵੱਡੀ ਕਟੌਤੀ ਕਰਕੇ ਸਿੱਖ ਭਾਵਨਾਵਾਂ ਨੂੰ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਪਾਕਿਸਤਾਨ ਦੂਤਾਵਾਸ ਨਾਲ ਗੱਲਬਾਤ ਕਰਨ ਲਈ ਸ਼੍ਰੋਮਣੀ ਕਮੇਟੀ ਦਾ ਇੱਕ ਵਫ਼ਦ ਭੇਜਿਆ ਜਾਵੇਗਾ। ਅੰਤ੍ਰਿੰਗ ਕਮੇਟੀ ਵੱਲੋਂ ਗੁਰਦੁਆਰਾ ਚੋਣਾਂ ਦੇ ਮੁੱਖ ਕਮਿਸ਼ਨਰ ਨੂੰ ਵੀ ਸ਼੍ਰੋਮਣੀ ਕਮੇਟੀ ਦੀਆਂ ਬਣ ਰਹੀਆਂ ਵੋਟਰ ਸੂਚੀਆਂ ਦਾ ਮਸੌਦਾ ਪ੍ਰਕਾਸ਼ਤ ਕਰਨ ਸਮੇਂ ਇਹ ਯਕੀਨੀ ਬਣਾਉਣ ਦੀ ਅਪੀਲ ਕੀਤੀ ਕਿ ਨਿਯਮਾਂ ਅਤੇ ਸ਼ਰਤਾਂ ਖ਼ਿਲਾਫ਼ ਕਿਸੇ ਵੀ ਅਯੋਗ ਵਿਅਕਤੀ ਦਾ ਨਾਂ ਵੋਟਰ ਸੂਚੀ ਵਿੱਚ ਪ੍ਰਕਾਸ਼ਤ ਨਾ ਹੋਵੇ।

ਕੈਨੇਡਾ ਘਟਨਾ ਮਾਮਲੇ ’ਚ ਸਿੱਖਾਂ ਖ਼ਿਲਾਫ਼ ਸਿਰਜੇ ਜਾ ਰਹੇ ਬਿਰਤਾਂਤ ਦੀ ਨਿਖੇਧੀ

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੈਨੇਡਾ ਘਟਨਾ ਮਾਮਲੇ ’ਚ ਸਿੱਖਾਂ ਖ਼ਿਲਾਫ਼ ਸਿਰਜੇ ਜਾ ਰਹੇ ਬਿਰਤਾਂਤ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਕੈਨੇਡਾ ਅੰਦਰ ਆਪਸੀ ਵਿਚਾਰਾਂ ਦੇ ਵਖਰੇਵੇਂ ਅਤੇ ਟਕਰਾਅ ਨੂੰ ਹਿੰਦੂ ਮੰਦਰ ’ਤੇ ਸਿੱਖਾਂ ਵੱਲੋਂ ਹਮਲਾ ਪ੍ਰਚਾਰ ਕੇ ਸਿੱਖਾਂ ਦੇ ਅਕਸ ਨੂੰ ਢਾਅ ਲਗਾਉਣ ਦੀ ਨੀਵੇਂ ਪੱਧਰ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦਾ ਨੋਟਿਸ ਲੈਂਦਿਆਂ ਅੰਤ੍ਰਿੰਗ ਕਮੇਟੀ ਵੱਲੋਂ ਨਿੰਦਾ ਮਤਾ ਪਾਸ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਆਮ ਨਹੀਂ ਸਗੋਂ ਇੱਕ ਸੋਚੀ-ਸਮਝੀ ਨੀਤੀ ਦਾ ਹਿੱਸਾ ਲੱਗਦਾ ਹੈ। ਇਕ ਪਾਸੇ ਵਿਦੇਸ਼ਾਂ ਅੰਦਰ ਹੋਏ ਸਿੱਖਾਂ ਦੇ ਕਤਲਾਂ ਸਬੰਧੀ ਸਰਕਾਰਾਂ ’ਤੇ ਲੱਗ ਰਹੇ ਦੋਸ਼ ਸਵਾਲ ਪੈਦਾ ਕਰ ਰਹੇ ਹਨ ਅਤੇ ਦੂਜੇ ਪਾਸੇ ਜਾਂਚ ਦੀ ਥਾਂ ਜਾਣਬੁਝ ਕੇ ਸਿੱਖਾਂ ਨੂੰ ਭੰਡਿਆ ਜਾ ਰਿਹਾ ਹੈ।

# ਬੇਅਦਬੀ ਮਾਮਲੇ ’ਚ ਡੇਰਾ ਸਿਰਸਾ ਮੁਖੀ ਖ਼ਿਲਾਫ਼ ਮੁਕੱਦਮੇ ਦੀ ਕਾਰਵਾਈ ਕੀਤੇ ਜਾਣ ਲਈ ਰਾਹ ਪੱਧਰਾ

## ਮਾਮਲੇ ਦੀ ਅਗਲੀ ਸੁਣਵਾਈ ਚਾਰ ਹਫ਼ਤਿਆਂ ਬਾਅਦ ਹੋਵੇਗੀ

ਚੰਡੀਗੜ੍ਹ/ਏ.ਟੀ.ਨਿਊਜ਼: ਸੁਪਰੀਮ ਕੋਰਟ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਖ਼ਿਲਾਫ਼ 2015 ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਕੇਸਾਂ ਵਿੱਚ ਮੁਕੱਦਮੇ ਦੀ ਕਾਰਵਾਈ ਕੀਤੇ ਜਾਣ ਲਈ ਰਾਹ ਪੱਧਰਾ ਕਰ ਦਿੱਤਾ ਹੈ। ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਕੇ.ਵੀ. ਵਿਸ਼ਵਨਾਥਨ ਦੇ ਡਿਵੀਜ਼ਨ ਬੈਂਚ ਨੇ ਇਸ ਕਾਰਵਾਈ ਉਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਲਾਈ ਗਈ ਰੋਕ ਨੂੰ ਹਟਾ ਦਿੱਤਾ ਹੈ।

ਸਿਖਰਲੀ ਅਦਾਲਤ ਨੇ ਨਾਲ ਹੀ ਡੇਰਾ ਮੁਖੀ ਨੂੰ ਹਦਾਇਤ ਦਿੱਤੀ ਹੈ ਕਿ ਉਹ ਇਸ ਮਾਮਲੇ ਵਿੱਚ ਆਪਣਾ ਜਵਾਬ ਦਾਖ਼ਲ ਕਰੇ। ਅਦਾਲਤ ਨੇ ਇਹ ਹੁਕਮ ਪੰਜਾਬ ਸਰਕਾਰ ਵੱਲੋਂ ਦਾਇਰ ਇੱਕ ਅਪੀਲ ਦੀ ਸੁਣਵਾਈ ਕਰਦਿਆਂ ਜਾਰੀ ਕੀਤੇ ਹਨ। ਮਾਮਲੇ ਦੀ ਅਗਲੀ ਸੁਣਵਾਈ ਚਾਰ ਹਫ਼ਤਿਆਂ ਬਾਅਦ ਹੋਵੇਗੀ।



ਪੰਜਾਬ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਸੀ ਕਿ ਡੇਰਾ ਮੁਖੀ ਖ਼ਿਲਾਫ਼ ਫ਼ਰੀਦਕੋਟ ਜ਼ਿਲ੍ਹੇ ਦੇ ਬਾਜਾਖ਼ਾਨਾ ਥਾਣੇ ਵਿੱਚ ਦਰਜ ਕੀਤੇ ਗਏ ਤਿੰਨ ਕੇਸਾਂ ਦੀ ਕਾਰਵਾਈ ਉਤੇ ਹਾਈ ਕੋਰਟ ਵੱਲੋਂ ਜਾਰੀ ਸਟੇਅ ਆਰਡਰ ਉਤੇ ਰੋਕ ਲਾਈ ਜਾਵੇ। ਸੁਪਰੀਮ ਕੋਰਟ ਨੇ ਇਸ ਗੱਲ ਉਤੇ ਗ਼ੌਰ ਕਰਦਿਆਂ ਕਿ ਮਾਮਲਾ ਅਦਾਲਤੀ ਨਿਰਖ-ਪਰਖ ਦੀ ਮੰਗ ਕਰਦਾ ਹੈ, ਇਸ ਸਬੰਧੀ ਰਾਮ ਰਹੀਮ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।

ਇਹ ਵੀ ਗ਼ੌਰਤਲਬ ਹੈ ਕਿ ਸੁਪਰੀਮ ਕੋਰਟ ਨੇ ਫਰਵਰੀ 2023 ਵਿੱਚ ਸੌਦਾ ਸਾਧ ਅਤੇ ਉਸ ਦੇ ਪੈਰੋਕਾਰਾਂ ਖ਼ਿਲਾਫ਼ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਫ਼ਰੀਦਕੋਟ ਤੋਂ ਬਦਲ ਕੇ ਚੰਡੀਗੜ੍ਹ ਦੀ ਅਦਾਲਤ ਵਿੱਚ ਕੀਤੇ ਜਾਣ ਦੇ ਹੁਕਮ ਦਿੱਤੇ ਸਨ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

Capital
DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



### ਮਾਮਲਾ ਭਗਵੇਂ ਅੱਤਵਾਦ ਤੇ ਮਾਲੇਗਾਓਂ ਬੰਬ ਧਮਾਕਿਆਂ ਦਾ

# ਦੋਸ਼ੀ ਸਾਧਵੀ ਪ੍ਰਗਿਆ ਸਿੰਘ ਠਾਕੁਰ ਬਾਰੇ ਐਨ.ਆਈ.ਏ. ਅਦਾਲਤ ਸਖ਼ਤ

## ਹਸਪਤਾਲ ਵਿੱਚ ਦਾਖ਼ਲ ਪ੍ਰਗਿਆ ਨੇ ਕਿਹਾ ਕਿ ਜਿਉਂਦੀ ਰਹੀ ਤਾਂ ਅਦਾਲਤ ਵਿੱਚ ਹਾਜ਼ਰ ਹੋਵੇਗੀ

ਮਾਲੇਗਾਓਂ ਬੰਬ ਧਮਾਕੇ ਦੀ ਦੋਸ਼ੀ ਸਾਧਵੀ ਪ੍ਰਗਿਆ ਸਿੰਘ ਠਾਕੁਰ ਨੇ ਖੁਲਾਸਾ ਕੀਤਾ ਹੈ ਕਿ ਉਸ ਦੀ ਬਿਮਾਰੀ ਕਾਰਨ ਉਸਦੀ ਜਾਨ ਨੂੰ ਖ਼ਤਰਾ ਹੈ। ਪ੍ਰਗਿਆ ਦਾ ਕਹਿਣਾ ਹੈ ਕਿ ਜੇਕਰ ਉਹ ਜ਼ਿੰਦਾ ਰਹੀ ਤਾਂ ਉਹ ਨਿਸ਼ਚਿਤ ਤੌਰ ’ਤੇ ਅਦਾਲਤ ਜਾਵੇਗੀ। ਦੱਸ ਦੇਈਏ ਕਿ ਲੋਕ ਸਭਾ ਚੋਣਾਂ 2019 ਵਿੱਚ ਭਾਜਪਾ ਨੇ ਭੋਪਾਲ ਤੋਂ ਸਾਧਵੀ ਪ੍ਰਗਿਆ ਸਿੰਘ ਠਾਕੁਰ ਨੂੰ ਉਮੀਦਵਾਰ ਬਣਾਇਆ ਸੀ। ਅਭੇਦ ਗੜ੍ਹ ਭੋਪਾਲ ਵਿੱਚ ਬੀ.ਜੇ.ਪੀ. ਦੀ ਬਾਜ਼ੀ ਜ਼ਬਰਦਸਤ ਕਾਮਯਾਬ ਰਹੀ। ਪ੍ਰਗਿਆ ਸਿੰਘ ਨੇ ਭੋਪਾਲ ਵਿੱਚ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਤੇ ਦਿੱਗਜ ਕਾਂਗਰਸੀ ਆਗੂ ਦਿਗਵਿਜੇ ਸਿੰਘ ਨੂੰ ਵੱਡੇ ਫਰਕ ਨਾਲ ਹਰਾ ਕੇ ਭਾਜਪਾ ਦਾ ਝੰਡਾ ਬੁਲੰਦ ਕੀਤਾ ਸੀ।



ਪ੍ਰਗਿਆ ਸਿੰਘ ਨੇ ਐਕਸ ’ਤੇ ਲਿਖਿਆ – ‘ਕਾਂਗਰਸ ਦਾ ਤਸ਼ੱਦਦ, ਸਿਰਫ਼ ਏ.ਟੀ.ਐਸ. ਹਿਰਾਸਤ ਮੇਰੇ ਪੂਰੇ ਜੀਵਨ ਲਈ ਘਾਤਕ ਦੁੱਖ ਦਾ ਕਾਰਨ ਬਣ ਗਿਆ ਹੈ। ਦਿਮਾਗ ਵਿੱਚ ਸੋਜ, ਨਜ਼ਰ ਘਟਣਾ, ਸੁਣਨ ਵਿੱਚ ਕਮੀ, ਬੋਲਣ ਵਿੱਚ ਅਸੰਤੁਲਨ... ਸਟੀਰੋਇਡ ਅਤੇ ਨਿਊਰੋ ਦਵਾਈਆਂ ਕਾਰਨ ਪੂਰੇ ਸਰੀਰ ਵਿੱਚ ਸੋਜ, ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਜੇਕਰ ਮੈਂ ਜਿਉਂਦਾ ਰਹੀ ਤਾਂ ਅਦਾਲਤ ਵਿੱਚ ਜ਼ਰੂਰ ਆਵਾਂਗੀ।’

ਐਕਸ ’ਤੇ ਪੋਸਟ ਕੀਤੀ ਗਈ ਤਸਵੀਰ ਪ੍ਰਗਿਆ ਸਿੰਘ ਦੇ ਚਿਹਰੇ ’ਤੇ ਜ਼ਬਰਦਸਤ ਸੋਜ ਦੀ ਗਵਾਹੀ ਦੇ ਰਹੀ ਹੈ। ਪ੍ਰਗਿਆ ਸਿੰਘ ਦੇ ਕਰੀਬੀ ਸੂਤਰਾਂ ਨੇ ਕਿਹਾ, ‘ਦੀਦੀ ਦਿੱਲੀ ਦੇ ਇੱਕ ਹਸਪਤਾਲ ਵਿੱਚ ਦਾਖਲ ਹੈ। ਉਸ ਦੇ ਚਿਹਰੇ ’ਤੇ ਸੋਜ ਹੈ। ਸੋਜ ਕਾਰਨ ਉਸ ਨੂੰ ਦੇਖਣ ਵਿੱਚ ਦਿੱਕਤ ਆ ਰਹੀ ਹੈ। ਹੋਰ ਵੀ ਬਹੁਤ ਸਾਰੀਆਂ ਸਮੱਸਿਆਵਾਂ ਹਨ।

**ਪ੍ਰਗਿਆ ਅਦਾਲਤ ਵਿੱਚ ਕਿਉਂ ਪੇਸ਼ ਨਹੀਂ ਹੋ ਰਹੀ?**

ਐਨ.ਆਈ.ਏ. ਕੋਰਟ ਨੇ ਮਾਲੇਗਾਓਂ ਧਮਾਕੇ ਮਾਮਲੇ ਵਿੱਚ ਸਾਧਵੀ ਪ੍ਰਗਿਆ ਸਿੰਘ ਠਾਕੁਰ ਦੇ ਖ਼ਿਲਾਫ਼ 10,000 ਰੁਪਏ ਦਾ ਜ਼ਮਾਨਤੀ ਵਾਰੰਟ ਜਾਰੀ ਕੀਤਾ ਹੈ। ਇਸ ਦੇ ਨਾਲ ਹੀ ਉਸ ਨੂੰ 13 ਨਵੰਬਰ ਤੱਕ ਅਦਾਲਤ ਵਿੱਚ ਪੇਸ਼ ਹੋਣ ਲਈ ਕਿਹਾ ਗਿਆ ਹੈ। ਇਸ ਤੋਂ ਪਹਿਲਾਂ ਅਦਾਲਤ ਨੇ ਪ੍ਰਗਿਆ ਨੂੰ ਇਲਾਜ ਲਈ ਮੁੰਬਈ ਵਿੱਚ ਰਹਿਣ ਅਤੇ ਅਦਾਲਤ ਵੀ ਵਿੱਚ ਪੇਸ਼ ਹੋਣ ਦਾ ਹੁਕਮ ਦਿੱਤਾ ਸੀ। ਪ੍ਰਗਿਆ ਠਾਕੁਰ ਸਿਹਤ ਖਰਾਬ ਹੋਣ ਕਾਰਨ ਕਾਫੀ ਸਮੇਂ ਤੋਂ ਅਦਾਲਤ ਵਿੱਚ ਪੇਸ਼ ਨਹੀਂ ਹੋ ਰਹੀ ਸੀ। ਖ਼ਰਾਬ ਸਿਹਤ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਦੇ ਵਕੀਲ ਜੇ.ਪੀ. ਮਿਸ਼ਰਾ ਨੇ ਅਦਾਲਤ ਨੂੰ ਉਨ੍ਹਾਂ ਨੂੰ ਪੇਸ਼ੀ ਤੋਂ ਛੋਟ ਦੇਣ ਦੀ ਅਪੀਲ ਕੀਤੀ ਸੀ। ਪਰ ਅਦਾਲਤ ਨੇ ਬੀਤੇ ਮੰਗਲਵਾਰ ਨੂੰ ਸੁਣਵਾਈ ਦੌਰਾਨ ਇਸ ਅਪੀਲ ਨੂੰ ਰੱਦ ਕਰ ਦਿੱਤਾ ਸੀ। ਅਦਾਲਤ ਨੇ ਕਿਹਾ ਕਿ ਹੁਣ ਕੇਸ ਵਿੱਚ ਅੰਤਿਮ ਬਹਿਸ ਚੱਲ ਰਹੀ ਹੈ ਅਤੇ ਇਸ ਦੌਰਾਨ ਉਸ ਦਾ ਹਾਜ਼ਰ ਹੋਣਾ ਲਾਜ਼ਮੀ ਹੈ।

ਇਸ ਤੋਂ ਪਹਿਲਾਂ ਮਾਰਚ ਵਿੱਚ ਵੀ ਪ੍ਰਗਿਆ ਠਾਕੁਰ ਖ਼ਿਲਾਫ਼ 10,000 ਰੁਪਏ ਦਾ ਜ਼ਮਾਨਤੀ ਵਾਰੰਟ ਜਾਰੀ ਕੀਤਾ ਗਿਆ ਸੀ। ਹੁਣ ਇੱਕ ਵਾਰ ਫਿਰ ਅਦਾਲਤ ਨੇ ਉਸ ਦੇ ਖ਼ਿਲਾਫ਼ 10,000 ਰੁਪਏ ਦਾ ਜ਼ਮਾਨਤੀ ਵਾਰੰਟ ਜਾਰੀ ਕੀਤਾ ਹੈ। ਆਖਰੀ ਤਰੀਕ 13 ਨਵੰਬਰ ਹੈ। ਇਸ ਦਾ ਮਤਲਬ ਹੈ ਕਿ ਉਸ ਨੂੰ 13 ਨਵੰਬਰ ਤੱਕ ਅਦਾਲਤ ਵਿੱਚ ਪੇਸ਼ ਹੋਣਾ ਪਵੇਗਾ। ਪ੍ਰਗਿਆ ਸਿੰਘ ਠਾਕੁਰ 2008 ਦੇ ਮਾਲੇਗਾਓਂ ਧਮਾਕੇ ਮਾਮਲੇ ਦੀ ਦੋਸ਼ੀ ਹੈ। 29 ਸਤੰਬਰ 2008 ਨੂੰ ਮਹਾਰਾਸ਼ਟਰ ਦੇ ਮਾਲੇਗਾਓਂ ਵਿੱਚ ਹੋਏ ਬੰਬ ਧਮਾਕੇ ਵਿੱਚ ਛੇ ਲੋਕ ਮਾਰੇ ਗਏ ਸਨ ਅਤੇ 100 ਤੋਂ ਵੱਧ ਜ਼ਖ਼ਮੀ ਹੋ ਗਏ ਸਨ। ਇਸ ਮਾਮਲੇ ਵਿੱਚ ਸੱਤ ਮੁਲਜ਼ਮਾਂ ਖ਼ਿਲਾਫ਼ ਕੇਸ ਚੱਲ ਰਿਹਾ ਹੈ। ਇਨ੍ਹਾਂ ਮੁਲਜ਼ਮਾਂ ਵਿੱਚ ਲੈਫਟੀਨੈਂਟ ਕਰਨਲ (ਸੇਵਾਮੁਕਤ) ਪ੍ਰਸਾਦ ਪੁਰੋਹਿਤ, ਮੇਜਰ (ਸੇਵਾਮੁਕਤ) ਰਮੇਸ਼ ਉਪਾਧਿਆਏ, ਅਜੇ ਰਹੀਰਕਰ, ਸੁਧਾਕਰ ਚਤੁਰਵੇਦੀ, ਸਮੀਰ ਕੁਲਕਰਨੀ ਅਤੇ ਸੁਧਾਕਰ ਦਿਵੇਦੀ ਸਮੇਤ ਭੋਪਾਲ ਦੀ ਸਾਬਕਾ ਸੰਸਦ ਪ੍ਰਗਿਆ ਠਾਕੁਰ ਦੇ ਨਾਮ ਸ਼ਾਮਲ ਹਨ। (ਬਾਕੀ ਸਫ਼ਾ 31 ’ਤੇ)

## ਮੋਦੀ ਕਿਉਂ ਨਰਾਜ਼ ਹਨ ਸਾਧਵੀ ਪ੍ਰਗਿਆ ਨਾਲ





ਸਾਧਵੀ ਪ੍ਰਗਿਆ ਸਿੰਘ ਠਾਕੁਰ ਆਪਣੀ ਚੋਣਾਂਵੀ ਸਿਆਸੀ ਪਾਰੀ ਦੇ ਸ਼ੁਰੂਆਤੀ ਦੌਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਅੱਖਾਂ ਦਾ ਤਾਰਾ ਬਣ ਗਈ ਸੀ। ਦਰਅਸਲ, ਸਾਧਵੀ ਨੇ ਮਹਾਤਮਾ ਗਾਂਧੀ ਦੀ ਵਿਰੋਧਤਾ ਅਤੇ ਉਨ੍ਹਾਂ ਦੇ ਕਾਤਲ ਨੱਥੂਰਾਮ ਗੋਡਸੇ ਦੀ ਵਕਾਲਤ ਕੀਤੀ ਸੀ। ਪ੍ਰਗਿਆ ਦਾ ਇਹ ਬਿਆਨ ਰਾਸ਼ਟਰੀ ਮੀਡੀਆ ਦੀ ਸੁਰਖੀਆਂ ਬਣ ਗਿਆ। ਵਿਰੋਧ ਹੋਣ ਕਾਰਨ ਪ੍ਰਗਿਆ ਸਿੰਘ ਨੇ ਆਪਣੇ ਬਿਆਨ ਉੱਪਰ ਅਫਸੋਸ ਪ੍ਰਗਟ ਕੀਤਾ ਸੀ ਤੇ ਮੁਆਫੀ ਮੰਗੀ ਸੀ। ਪਰ ਵਿਰੋਧੀ ਪਾਰਟੀਆਂ ਵੱਲੋਂ ਪ੍ਰਧਾਨ ਮੰਤਰੀ ਮੋਦੀ ਅਤੇ ਉਨ੍ਹਾਂ ਦੇ ਪੂਰੇ ਗਰੁੱਪ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਪੀ.ਐਮ. ਮੋਦੀ ਨੂੰ ਕਹਿਣਾ ਪਿਆ, ‘ਉਹ ਪ੍ਰਗਿਆ ਸਿੰਘ ਠਾਕੁਰ ਨੂੰ ਕਦੇ ਮੁਆਫ਼ ਨਹੀਂ ਕਰਨਗੇ।’ ਪੂਰੇ ਪੰਜ ਸਾਲ ਤੱਕ ਸਾਧਵੀ ਨੂੰ ਲੈ ਕੇ ਸੰਸਦ ਦੇ ਗਲਿਆਰਿਆਂ ਵਿੱਚ ਮੋਦੀ ਦੀ ‘ਨਾਰਾਜ਼ਗੀ’ ਨਜ਼ਰ ਆ ਰਹੀ ਸੀ। ਲੋਕ ਸਭਾ ਚੋਣਾਂ 2024 ਲਈ ਟਿਕਟ ਪੱਕੀ ਹੋਣ ਤੋਂ ਬਾਅਦ ਮੋਦੀ ਨਾਰਾਜ਼ ਹਨ। ਉਸ ਨੇ ਪ੍ਰਗਿਆ ਸਿੰਘ ਨੂੰ ਮੁਆਫ਼ ਨਹੀਂ ਕੀਤਾ ਹੈ।

ਉਨ੍ਹਾਂ ਦੇ ਵਿਵਾਦਿਤ ਬਿਆਨਾਂ ਕਾਰਨ ਟਿਕਟ ਤੋਂ ਇਨਕਾਰ ਕੀਤੇ ਜਾਣ ਤੋਂ ਬਾਅਦ ਉਹ ਲੋਕ ਸਭਾ ਚੋਣਾਂ ਵਿੱਚ ਸਰਗਰਮ ਨਜ਼ਰ ਨਹੀਂ ਆਈ। ਚੋਣਾਂ ਤੋਂ ਬਾਅਦ ਵੀ ਉਹ ਜ਼ਿਆਦਾ ਨਜ਼ਰ ਨਹੀਂ ਆਈ। ਭਾਜਪਾ ਵੱਲੋਂ ‘ਬੇਚੈਨੀ’ ਵਧਾਉਣ ਲਈ ਚੁੱਕੇ ਗਏ ਕਦਮਾਂ ਅਤੇ ਹਲਚਲ ਪੈਦਾ ਕਰਨ ਵਾਲੇ ਬਿਆਨ ਵੀ ਉਸ ਦੇ ਅਨੁਕੂਲ ਨਹੀਂ ਹੋਏ।

# ਹਰਿਆਣਾ ਵਿੱਚ ਕੈਂਸਰ ਦਾ ਕਹਿਰ; ਹਰ ਮਹੀਨੇ 3 ਹਜ਼ਾਰ ਨਵੇਂ ਮਰੀਜ਼, 1500 ਦੀ ਮੌਤ

ਪੰਚਕੂਲਾ/ਏ.ਟੀ.ਨਿਊਜ਼: ਦੁੱਧ-ਦਹੀਂ ਖਾਣ ਵਾਲਿਆਂ ਦੇ ਨਾਮ ਨਾਲ ਮਸ਼ਹੂਰ ਹਰਿਆਣਾ ਦੀ ਇੱਕ ਭਿਆਨਕ ਤਸਵੀਰ ਸਾਹਮਣੇ ਹੈ। ਕੈਂਸਰ ਹੁਣ ਹਰਿਆਣੇ ਲਈ ਰੋਗ ਬਣਦਾ ਜਾ ਰਿਹਾ ਹੈ। ਸਥਿਤੀ ਇਹ ਹੈ ਕਿ ਸੂਬੇ ਵਿੱਚ ਹਰ ਮਹੀਨੇ ਕੈਂਸਰ ਦੇ 2916 ਨਵੇਂ ਮਰੀਜ਼ ਸਾਹਮਣੇ ਆ ਰਹੇ ਹਨ ਅਤੇ ਇੱਕ ਸਾਲ ਵਿੱਚ ਇਨ੍ਹਾਂ ਦੀ ਗਿਣਤੀ 35 ਹਜ਼ਾਰ ਦੇ ਕਰੀਬ ਪਹੁੰਚ ਜਾਂਦੀ ਹੈ। ਕੈਂਸਰ ਦੇ ਮਰੀਜਾਂ ਦੀ ਮੌਤ ਦੀ ਗੱਲ ਕਰੀਏ ਤਾਂ ਹਰਿਆਣਾ ਵਿੱਚ ਹਰ ਮਹੀਨੇ 1500 ਕੈਂਸਰ ਦੇ ਮਰੀਜ਼ ਮਰ ਰਹੇ ਹਨ ਅਤੇ ਇਹ ਅੰਕੜਾ ਇੱਕ ਸਾਲ ਵਿੱਚ 18 ਹਜ਼ਾਰ ਹੈ।

ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਸੂਬੇ ’ਚ 30 ਸਾਲ ਤੋਂ ਵੱਧ ਉਮਰ ਦੇ 1 ਲੱਖ ਲੋਕਾਂ ’ਚੋਂ 102 ਲੋਕਾਂ ’ਚ ਕੈਂਸਰ ਦੇ ਲੱਛਣ ਪਾਏ ਗਏ। ਹਰਿਆਣਾ ਦੇ ਸਿਹਤ ਵਿਭਾਗ ਨੇ ਸਕਰੀਨਿੰਗ ਅਤੇ ਇਲਾਜ ਲਈ ਆਉਣ ਵਾਲੇ ਮਰੀਜ਼ਾਂ ਦੇ ਅੰਕੜਿਆਂ ਨੂੰ ਮਿਲਾ ਕੇ ਇਹ ਡਾਟਾ ਤਿਆਰ ਕੀਤਾ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ ਹਰ ਸਾਲ ਦੇਸ਼ ਭਰ ਵਿੱਚ ਕੈਂਸਰ ਦੇ 15.5 ਲੱਖ ਨਵੇਂ ਮਰੀਜ਼ ਪੈਦਾ ਹੁੰਦੇ ਹਨ ਅਤੇ ਇਨ੍ਹਾਂ ਵਿੱਚੋਂ ਇੱਕ ਸਾਲ ਵਿੱਚ 9 ਲੱਖ ਲੋਕ ਆਪਣੀ ਜਾਨ ਗੁਆ ਲੈਂਦੇ ਹਨ।

ਨਿਰੋਗੀ ਹਰਿਆਣਾ ਮੁਹਿੰਮ ਤਹਿਤ 30 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਜਾਂਚ ਕੀਤੀ ਜਾ ਰਹੀ ਹੈ।

**ਸਾਲ ਕੈਂਸਰ ਦੇ ਮਰੀਜ਼ ਦੀ ਕੈਂਸਰ ਕਾਰਨ ਮੌਤ ਹੋ ਗਈ**

| ਸਾਲ | ਮਰੀਜ਼ | ਮੌਤਾਂ |
|---|---|---|
| 2013 | 11717 | 845 |
| 2014 | 11776 | 2715 |
| 2015 | 13697 | 3317 |
| 2016 | 16180 | 3668 |





ਹੁਣ ਤੱਕ 69 ਫੀਸਦੀ ਲੋਕਾਂ ਦੀ ਜਾਂਚ ਪੂਰੀ ਹੋ ਚੁੱਕੀ ਹੈ। ਜੇਕਰ ਹਰਿਆਣਾ ਵਿੱਚ 30 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਗੱਲ ਕਰੀਏ ਤਾਂ ਇਹ ਅੰਕੜਾ 1.07 ਕਰੋੜ ਹੈ। ਇਨ੍ਹਾਂ ਵਿੱਚੋਂ 62 ਲੱਖ ਲੋਕਾਂ ਦੇ ਮੂੰਹ ਦੀ ਜਾਂਚ ਅਤੇ 33 ਲੱਖ ਔਰਤਾਂ ਦੀ ਛਾਤੀ ਦੀ ਜਾਂਚ ਕੀਤੀ ਗਈ ਹੈ। ਇਨ੍ਹਾਂ ਤੋਂ ਇਲਾਵਾ 12.50 ਲੱਖ ਬੱਚਿਆਂ ਦੀ ਜਾਂਚ ਕੀਤੀ ਗਈ ਹੈ। ਖਾਸ ਕਰ ਕੇ ਮਰਦਾਂ ਵਿੱਚ ਮੂੰਹ ਦੇ ਕੈਂਸਰ ਅਤੇ ਔਰਤਾਂ ਵਿੱਚ ਛਾਤੀ ਦੇ ਕੈਂਸਰ ਦੇ ਜ਼ਿਆਦਾ ਮਾਮਲੇ ਸਾਹਮਣੇ ਆ ਰਹੇ ਹਨ।

ਅੱਠ ਸਾਲਾਂ ਵਿੱਚ ਮਰੀਜ਼ਾਂ ਦੇ ਨਾਲ-ਨਾਲ ਮੌਤਾਂ ਦੀ ਗਿਣਤੀ ਵੀ ਤੇਜ਼ੀ ਨਾਲ ਵਧੀ ਹੈ।

ਹਰਿਆਣਾ ਵਿੱਚ ਪਿਛਲੇ ਅੱਠ ਸਾਲਾਂ ਵਿੱਚ ਕੈਂਸਰ ਤੇਜ਼ੀ ਨਾਲ ਫੈਲਿਆ ਹੈ। ਇਨ੍ਹਾਂ ਸਾਲਾਂ ’ਚ ਨਾ ਸਿਰਫ ਨਵੇਂ ਮਰੀਜ਼ਾਂ ਦੀ ਗਿਣਤੀ ਵਧੀ ਹੈ, ਸਗੋਂ ਮੌਤ ਦੇ ਮਾਮਲੇ ਵੀ ਵਧ ਰਹੇ ਹਨ। ਰਾਜ ਵਿੱਚ 2013 ਵਿੱਚ 11717, 2014 ਵਿੱਚ 11776, 2015 ਵਿੱਚ 13697 ਅਤੇ 2016 ਵਿੱਚ 16180 ਕੈਂਸਰ ਦੇ ਮਰੀਜ਼ ਪਾਏ ਗਏ ਸਨ। ਇਸੇ ਤਰ੍ਹਾਂ ਮੌਤਾਂ ਦੇ ਅੰਕੜੇ ਹਨ, 2013 ਵਿੱਚ 1845, 2014 ਵਿੱਚ 2715, 2015 ਵਿੱਚ 3317 ਅਤੇ 2016 ਵਿੱਚ 3668 ਮਰੀਜ਼ਾਂ ਦੀ ਮੌਤ ਹੋਈ।

ਸਮੇਂ ਸਿਰ ਜਾਂਚ ਅਤੇ ਇਲਾਜ ਨਾਲ ਕੈਂਸਰ ਨੂੰ ਠੀਕ ਕੀਤਾ ਜਾ ਸਕਦਾ ਹੈ

ਇਹ ਪਹਿਲੀ ਅਤੇ ਦੂਜੀ ਸਟੇਜ ਦੇ ਕੈਂਸਰ ਦਾ ਸਫਲ ਇਲਾਜ ਹੈ। ਇਸ ਦੇ ਲਈ ਜ਼ਰੂਰੀ ਹੈ ਕਿ ਲੋਕਾਂ ਦਾ ਟੈਸਟ ਕਰਵਾਇਆ ਜਾਵੇ, ਤਾਂ ਜੋ ਸਮੇਂ ਸਿਰ ਕੈਂਸਰ ਤੋਂ ਬਚਾਅ ਹੋ ਸਕੇ। ਨਰਸਾਂ ਤੋਂ ਲੈ ਕੇ ਹੋਰ ਸਟਾਫ ਨੂੰ ਸਕਰੀਨਿੰਗ ਲਈ ਟ੍ਰੇਨਿੰਗ ਦਿੱਤੀ ਗਈ ਹੈ। ਅਟਲ ਕੇਅਰ ਸੈਂਟਰ ਅੰਬਾਲਾ, ਨੈਸ਼ਨਲ ਕੈਂਸਰ ਇੰਸਟੀਚਿਊਟ ਝੱਜਰ ਅਤੇ ਪੀਜੀਆਈ ਰੋਹਤਕ ਵਿਖੇ ਕੈਂਸਰ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ ਅਤੇ ਦਵਾਈਆਂ ਵੀ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਕੈਂਸਰ ਤੋਂ ਬਚਣ ਦਾ ਪਹਿਲਾ ਤਰੀਕਾ ਹੈ ਨਸ਼ਿਆਂ ਅਤੇ ਸਿਗਰਟਨੋਸ਼ੀ ਤੋਂ ਬਚਣਾ ਅਤੇ ਨਿਯਮਿਤ ਰੋਜ਼ਾਨਾ ਰੁਟੀਨ ਬਣਾਈ ਰੱਖਣਾ।

# ਭਾਰਤ ’ਚ ਹਵਾ ਪ੍ਰਦੂਸ਼ਣ ਕੈਂਸਰ ਦਾ ਕਾਰਨ: ਮਾਹਿਰ

## ਜੀਵਨ ਸ਼ੈਲੀ, ਸ਼ਰਾਬ ਤੇ ਸਿਗਰਟਨੋਸ਼ੀ ਅਤੇ ਖਾਣ-ਪੀਣ ਦੀਆਂ ਬੁਰੀਆਂ ਆਦਤਾਂ ਕਾਰਨ ਕੇਸ ਵਧੇ



ਨਵੀਂ ਦਿੱਲੀ/ਏ.ਟੀ.ਨਿਊਜ਼: ਕੇਂਦਰੀ ਸਿਹਤ ਮੰਤਰਾਲੇ ਦੇ ਅਨੁਮਾਨ ਮੁਤਾਬਕ ਹਵਾ ਵਿੱਚ ਮੌਜੂਦ ਕਾਰਸੀਨੋਜੈਨਸ ਦੇ ਵਧੇਰੇ ਸੰਪਰਕ ਵਿੱਚ ਆਉਣ ਕਰਕੇ ਭਾਰਤ ਵਿੱਚ ਫੇਫੜਿਆਂ, ਬਲੈਡਰ, ਛਾਤੀ, ਗਦੂਦ ਅਤੇ ਬਲੱਡ ਕੈਂਸਰ ਰਿਹੇ ਮਾਮਲੇ ਵੱਧ ਰਹੇ ਹਨ। ਮਾਹਿਰਾਂ ਦੀ ਮੰਨੀਏ ਤਾਂ ਜੀਵਨ ਸ਼ੈਲੀ ਵਿੱਚ ਬਦਲਾਅ, ਤਮਾਕੂ ਦੀ ਵਰਤੋਂ, ਖਾਣ ਪੀਣ ਨਾਲ ਜੁੜੀਆਂ ਬੁਰੀਆਂ ਆਦਤਾਂ ਤੇ ਲੋੜੋਂ ਘੱਟ ਸਰੀਰਕ ਸਰਗਰਮੀਆਂ ਕਰਕੇ ਕੈਂਸਰ ਦੇ ਕੇਸਾਂ ਵਿੱਚ ਤੇਜ਼ੀ ਨਾਲ ਇਜ਼ਾਫ਼ਾ ਹੋਇਆ ਹੈ।

ਸਿਹਤ ਮੰਤਰਾਲੇ ਦੇ ਅਨੁਮਾਨ ਮੁਤਾਬਕ ਸਾਲਾਨਾ ਲੱਖਾਂ ਕੈਂਸਰ ਦੇ ਨਵੇਂ ਕੇਸ ਸਾਹਮਣੇ ਆਉਣ ਦੀ ਸੰਭਾਵਨਾ ਹੈ। ਇਨ੍ਹਾਂ ਵਿਚੋਂ ਤੰਬਾਕੂ ਕਾਰਨ 35 ਤੋਂ 50 ਫੀਸਦ ਕੇਸ ਪੁਰਸ਼ਾਂ ਤੇ 17 ਫੀਸਦ ਮਹਿਲਾਵਾਂ ਵਿੱਚ ਦੇਖੇ ਗਏ ਹਨ। ਏਮਸ ਵਿੱਚ ਡਾ. ਬੀ.ਆਰ. ਅੰਬੇਦਕਰ ਇੰਸਟੀਚਿਊਟ ਰੋਟੇਰੀ ਕੈਂਸਰ ਹਸਪਤਾਲ ਦੇ ਰੈਡੀਏਸ਼ਨ ਓਨਕੋਲੋਜੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਅਭਿਸ਼ੇਕ ਸ਼ੰਕਰ ਨੇ ਕਿਹਾ, “ਤੰਬਾਕੂ ਤੇ ਸ਼ਰਾਬ ਦੀ ਵਰਤੋਂ, ਐੱਚ.ਪੀ.ਵੀ. ਜਿਹੀ ਲਾਗ, ਹੈਪਾਟਾਈਟਸ ਵਾਇਰਸ ਤੇ ਹੈਲੀਕੋਬੈਕਟਰ ਪਾਇਲੋਰੀ, ਜੀਵਨ ਸ਼ੈਲੀ ਵਿੱਚ ਬਦਲਾਅ, ਵਾਤਾਵਰਨ ਕਾਰਨ, ਮਾੜੀਆਂ ਖਾਣ ਆਦਤਾਂ ਤੇ ਆਲਸੀ ਜੀਵਨਸ਼ੈਲੀ ਇਸ ਦੇ ਪ੍ਰਮੁੱਖ ਕਾਰਨਾਂ ਵਿੱਚ ਸ਼ੁਮਾਰ ਹਨ। ਉਨ੍ਹਾਂ ਕਿਹਾ, “ਹਵਾ ਪ੍ਰਦੂਸ਼ਣ ਦਾ ਸਿਖਰਲਾ (ਬਾਕੀ ਸਫ਼ਾ 31 ’ਤੇ)

## ਦਰਪਣ ਝੂਠ ਨਹੀਂ ਬੋਲਦਾ

### ਆਸਟ੍ਰੇਲੀਆ ਨੇ ਦਿੱਤਾ ਸਿੱਖ ਪੰਥ ਨੂੰ ਵੱਡਾ ਤੋਹਫ਼ਾ

# ਪ੍ਰਕਾਸ਼ ਪੁਰਬ ਤੋਂ ਪਹਿਲਾਂ ਲੇਕ ਦਾ ਨਾਮ ਰੱਖਿਆ 'ਗੁਰੂ ਨਾਨਕ ਲੇਕ'

## ਗੁਰਪੁਰਬ ਦੇ ਮੱਦੇਨਜ਼ਰ ਵਿਕਟੋਰੀਆ ਵਿੱਚ ਲੰਗਰਾਂ ਲਈ 6 ਲੱਖ ਡਾਲਰ ਵੀ ਦਿੱਤੇ






ਸਿੱਖ ਇਹ ਨਹੀਂ ਜਾਣਦੇ ਕਿ ਉਨ੍ਹਾਂ ਦੀ ਤਾਕਤ ਤੇ ਪਛਾਣ ਗੁਰੂ ਸਾਹਿਬਾਨ ਦੇ ਹੁਕਮ ਤੇ ਸਿਧਾਂਤ ਨੂੰ ਅਪਨਾਕੇ ਨਿੱਜੀ, ਸਮਾਜਿਕ, ਸੱਭਿਆਚਾਰਕ ਤੇ ਰਾਜਨੀਤਕ ਜ਼ਿੰਦਗੀ ਨਿਭਾਉਣ ਵਿੱਚ ਹੈ। ਮਨੁੱਖੀ ਸੇਵਾ ਤੇ ਸਰਬੱਤ ਦਾ ਭਲਾ ਉਸਦੀ ਪਛਾਣ ਬਣ ਚੁਕੀ ਹੈ। ਕੋਈ ਸੰਸਾਰੀ ਤਾਕਤ ਉਸ ਦੇ ਵਜੂਦ ਨੂੰ ਨਹੀਂ ਮਿਟਾ ਸਕਦੀ। ਦੁਨੀਆਂ ਦੇ ਸਭ ਲੋਕ ਤੇ ਵਿਸ਼ਵ ਦੀਆਂ ਸੁਪਰ ਤਾਕਤਾਂ ਉਸਦੇ ਧਰਮ ਕਰਮ ਤੋਂ ਪ੍ਰਭਾਵਿਤ ਹੋ ਰਹੀਆਂ ਹਨ। ਅਮਰੀਕਾ, ਕੈਨੇਡਾ ,ਇੰਗਲੈਂਡ, ਯੂਰਪ ਹੀ ਨਹੀਂ, ਆਸਟ੍ਰੇਲੀਆ ਵਿੱਚ ਉਨ੍ਹਾਂ ਨੂੰ ਵਿਸ਼ੇਸ਼ ਮਾਨਤਾ ਮਿਲਣੀ ਸ਼ੁਰੂ ਹੋ ਗਈ ਹੈ। ਆਉਣ ਵਾਲੇ ਸਮੇਂ ਦੌਰਾਨ ਪੱਛਮੀ ਲੋਕ ਸਿੱਖ ਧਰਮ ਨੂੰ ਵੱਡੀ ਗਿਣਤੀ ਵਿੱਚ ਅਪਨਾਉਣਾ ਸ਼ੁਰੂ ਕਰ ਦੇਣਗੇ। ਯਹੂਦੀ ਅਖਬਾਰਾਂ ਤੇ ਮੀਡੀਆ ਤੁਸੀਂ ਦੇਖ ਸਕਦੇ ਹੋ ਕਿ ਕਿਵੇਂ ਉਹ ਯਹੂਦੀ ਭਾਈਚਾਰੇ ਤੇ ਸਿੱਖ ਪੰਥ ਦੀ ਸਾਂਝ ਤੇ ਮੇਲ ਦਿਖਾ ਰਹੀਆਂ ਹਨ ਤੇ ਸਿੱਖ ਧਰਮ ਦੀ ਤਾਰੀਫ਼ ਕਰ ਰਹੀਆਂ ਹਨ। ਗੂਗਲ ਵਿੱਚ ਤੁਸੀਂ ਇਸ ਬਾਰੇ ਸਰਚ ਕਰ ਸਕਦੇ ਹੋ। ਮਸਲਾ ਏਨਾ ਹੀ ਹੈ ਅਸੀਂ ਜਾਤੀਵਾਦ ਤੇ ਨਸਲਵਾਦ ਤੇ ਹਿੰਸਾ ਤੋਂ ਉਪਰ ਉਠਕੇ ਸਰਬੱਤ ਦੇ ਭਲੇ ਤੇ ਸਾਂਝੀਵਾਲਤਾ ਦੇ ਗੁਰੂ ਉਪਦੇਸ਼ ਨੂੰ ਆਪਣੀ ਅਮਲੀ ਜ਼ਿੰਦਗੀ ਰਾਹੀਂ ਪ੍ਰਮੋਟ ਕਰੀਏ।

ਹੁਣੇ ਜਿਹੇ ਆਸਟ੍ਰੇਲੀਆ ਦੇ ਸੂਬੇ ਵਿਕਟੋਰੀਆ ਦੀ ਐਲਨ ਲੇਬਰ ਸਰਕਾਰ ਨੇ ਸਿੱਖ ਭਾਈਚਾਰੇ ਦੀਆਂ ਮਨੁੱਖਤਾ ਦੇ ਹਿੱਤ ਵਿੱਚ ਸੇਵਾਵਾਂ ਦਾ ਸਨਮਾਨ ਕਰਦੇ ਹੋਏ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਗੁਰੂ ਜੀ ਦੇ ਸਨਮਾਨ ਵਿੱਚ ਬਰਵਿਕ ਸਪਰਿੰਗਜ਼ ਝੀਲ ਦਾ ਨਾਂ ਬਦਲ ਕੇ 'ਗੁਰੂ ਨਾਨਕ ਲੇਕ' ਰੱਖ ਦਿੱਤਾ ਹੈ। ਇਹ ਝੀਲ ਮੈਲਬੌਰਨ ਦੇ ਦੱਖਣ ਪੂਰਬ ਵਿੱਚ ਸਥਿਤ ਇਲਾਕੇ ਬੈਰਵਿਕ ਵਿਖੇ ਸਥਿਤ ਹੈ ਤੇ ਇਹ ਝੀਲ ਕੁਦਰਤੀ ਰੰਗਾਂ ਨਾਲ ਭਰਪੂਰ ਹੈ। ਇਸ ਤੋਂ ਇਲਾਵਾ ਗੁਰਪੁਰਬ ਦੇ ਮੱਦੇਨਜ਼ਰ ਵਿਕਟੋਰੀਆ ਵਿੱਚ ਲੰਗਰ ਸਮਾਗਮਾਂ ਲਈ 6 ਲੱਖ ਡਾਲਰ ਵੀ ਦਿਤੇ ਗਏ ਹਨ।

ਇਸ ਮੌਕੇ ਨਵੇਂ ਨਾਂ ਦੇ ਸਮਰਪਣ ਨੂੰ ਸਿੱਖ ਧਰਮ ਦੀਆਂ ਰਵਾਇਤੀ ਰਸਮਾਂ, ਅਰਦਾਸ ਦੇ ਨਾਲ ਕੀਤਾ ਗਿਆ। ਇਸ ਮੌਕੇ ਸੂਬਾ ਸਰਕਾਰ ਵੱਲੋਂ ਆਏ ਬੁਲਾਰਿਆਂ ਵੱਲੋਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਵਿਕਟੋਰੀਆ ਸੂਬਾ ਸਾਂਝੀਵਾਲਤਾ ਅਤੇ ਬਹੁ-ਸੰਸਕ੍ਰਿਤਿਕ ਮੂਲ ਪਿਛੋਕੜਾਂ ਦੀਆਂ ਕਦਰਾਂ ਦਾ ਪ੍ਰਤੀਕ ਹੈ ਅਤੇ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਸਿੱਖਿਆਵਾਂ ਦਾ ਆਦਰ ਕਰਦਾ ਹੈ, ਜੋ ਸਾਰਿਆਂ ਲਈ ਦਇਆ, ਸਮਾਨਤਾ ਅਤੇ ਨਿਸ਼ਕਾਮ ਸੇਵਾ ਦਾ ਸੁਨੇਹਾ ਦਿੰਦੇ ਹਨ।

ਇਸ ਮੌਕੇ ਕਰਵਾਏ ਇੱਕ ਸਮਾਗਮ ਵਿੱਚ ਬਹੁ-ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਇੰਗਰਿਡ ਸਟਿਟ ਨੇ ਕਿਹਾ, "ਮੈਨੂੰ ਵਿਕਟੋਰੀਆ ਵਿੱਚ ਸਾਡੇ ਸਿੱਖ ਭਾਈਚਾਰੇ ਦੇ ਮਹੱਤਵਪੂਰਨ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਖੁਸ਼ੀ ਹੋ ਰਹੀ ਹੈ ਅਤੇ ਇੱਕ ਇਤਿਹਾਸਕ ਸਥਾਨ ਦਾ ਨਾਮ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਵਿਕਟੋਰੀਆ ਵਿੱਚ ਸਿੱਖ ਭਾਈਚਾਰੇ ਨੂੰ ਲੋਕ ਭਲਾਈ ਦੇ ਕਾਰਜਾਂ ਵਿੱਚ ਪਾਏ ਜਾ ਰਹੇ ਯੋਗਦਾਨ ਦੇ ਲਈ ਜਾਣਿਆ ਜਾਂਦਾ ਹੈ ਭਾਵੇਂ ਉਹ ਕੁਦਰਤੀ ਆਫਤ ਹੋਵੇ, ਕੋਵਿਡ ਮਹਾਂਮਾਰੀ ਹੋਵੇ ਜਾਂ ਜੰਗਲੀ ਅੱਗ ਹੋਵੇ ਹਰ ਫਰੰਟ 'ਤੇ ਸੇਵਾ ਪ੍ਰਦਾਨ ਕਰਨ ਲਈ ਸਿੱਖ ਭਾਈਚਾਰੇ ਨੇ ਮਨੁੱਖਤਾ ਦੇ ਹਿੱਤ ਵਿੱਚ ਕਦਮ ਚੁੱਕੇ ਹਨ।

ਇਸ ਮੌਕੇ ਮੌਜੂਦ ਵਿਕਟੋਰੀਆ ਦੀ ਯੋਜਨਾ ਮੰਤਰੀ ਸੋਨੀਆ ਕਿਲਕੇਨੀ ਨੇ ਇੱਕ ਵੰਨ-ਸੁਵੰਨੇ ਅਤੇ ਸਮਾਵੇਸ਼ੀ ਸੂਬੇ ਪ੍ਰਤੀ ਸਰਕਾਰ ਦੀ ਵਚਨਬੱਧਤਾ ਦੇ ਹਿੱਸੇ ਵਜੋਂ ਇਸ ਸੰਕੇਤ ਨੂੰ ਉਜਾਗਰ ਕਰਦਿਆਂ ਕਿਹਾ ਕਿ ਸਿੱਖ ਭਾਈਚਾਰੇ ਦੇ ਲੰਮੇ ਸਮੇਂ ਤੋਂ ਚੱਲੇ ਆ ਰਹੇ ਸਹਿਯੋਗ ਅਤੇ ਆਸਟ੍ਰੇਲੀਆਈ ਸਮਾਜ ਲਈ ਯੋਗਦਾਨ ਦੀ ਸ਼ਲਾਘਾ ਕੀਤੀ। ਨਾਲ ਹੀ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਗੁਰੂ ਨਾਨਕ ਲੇਕ ਸੂਬੇ ਵਿੱਚ ਵੱਖ-ਵੱਖ ਸੱਭਿਆਚਾਰਾਂ ਵਿਚਕਾਰ ਆਪਸੀ ਭਾਈਚਾਰੇ ਦਾ ਸੁਨੇਹਾ ਪ੍ਰਦਾਨ ਕਰੇਗੀ।

ਇਸ ਸਬੰਧੀ ਵਿਕਟੋਰੀਆ ਸਰਕਾਰ ਵੱਲੋਂ ਰਸਮੀ ਤੌਰ 'ਤੇ ਰੱਖੇ ਇੱਕ ਸਮਾਗਮ ਵਿੱਚ ਵਿਕਟੋਰੀਆ ਦੇ ਮਲਟੀਕਲਚਰਲ ਮੰਤਰੀ ਇੰਗ੍ਰਿਡ ਸਟੀਟ, ਯੋਜਨਾ ਮੰਤਰੀ ਸੋਨੀਆ ਕਿਲਕੇਨੀ , ਸੰਸਦ ਮੈਂਬਰ, ਵਿਕਟੋਰੀਆ ਮਲਟੀਕਲਚਰਲ ਕਮਿਸ਼ਨ ਦੀ ਸੀ.ਈ.ਓ. ਵਿਵ ਨਗੁਇਨ, ਸਥਾਨਕ ਅਧਿਕਾਰੀ ਅਤੇ ਕਈ ਸਿੱਖ ਸੰਸਥਾਵਾਂ ਦੇ ਮੈਂਬਰ ਸ਼ਾਮਲ ਸਨ।

ਇਹ ਸਾਧਾਰਨ ਗੱਲ ਨਹੀਂ। ਆਸਟ੍ਰੇਲੀਆ ਨੇ ਸਿੱਖ ਭਾਈਚਾਰੇ ਦਾ ਦੁਨੀਆਂ ਨੂੰ ਵੱਡਾ ਸੁਨੇਹਾ ਦਿਤਾ ਹੈ ਕਿ ਸਿੱਖ ਪੰਥ ਸਰਬਤ ਦੇ ਭਲੇ ਤੇ ਸਾਂਝੀਵਾਲਤਾ ਦਾ ਦੂਤ ਹੈ ਤੇ ਮਨੁੱਖਤਾ ਨੂੰ ਪਿਆਰ ਕਰਦਾ ਹੈ ਤੇ ਉਨ੍ਹਾਂ ਦੇ ਰਹਿਬਰ ਸਤਿਗੁਰੂ ਨਾਨਕ ਦੀਆਂ ਸਿਖਿਆਵਾਂ ਸਮੁੱਚੀ ਮਨੁੱਖਤਾ ਲਈ ਰਾਹ ਦਸੇਰਾ ਹਨ।

# ਕੀ ਨਵਜੋਤ ਸਿੰਘ ਸਿੱਧੂ ਨਾਰਾਜ਼ ਹਨ ਕਾਂਗਰਸ ਨਾਲ ?

## ਪੰਜਾਬ ਦੇ ਮੁੱਖ ਮੰਤਰੀ ਬਣਨ ਦੇ ਸੁਪਨੇ ਦੇਖਣ ਵਾਲੇ ਖ਼ਤਮ ਹੋਏ: ਸਿੱਧੂ



ਅੱਜ ਕੱਲ੍ਹ ਨਵਜੋਤ ਸਿੰਘ ਸਿੱਧੂ ਕਾਂਗਰਸ ਨਾਲ ਦੂਰੀ ਬਣਾਕੇ ਬੈਠੇ ਹਨ। ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਵਿੱਚ ਕਈ ਲੋਕਾਂ ਨੇ ਮੁੱਖ ਮੰਤਰੀ ਬਣਨ ਦਾ ਸੁਪਨਾ ਦੇਖਿਆ ਸੀ ਪਰ ਉਹ ਹਾਰ ਗਏ। ਸਿੱਧੂ ਨੇ ਕਿਹਾ ਕਿ ਜੇਲ੍ਹ ਜਾਣਾ ਮੇਰਾ ਸਭ ਤੋਂ ਵਧੀਆ ਸਮਾਂ ਸੀ। ਮੈਂ ਸਿਆਸੀ ਕਾਰਨਾਂ ਕਰਕੇ ਜੇਲ੍ਹ ਗਿਆ ਸੀ। ਗਾਂਧੀ ਜੀ, ਭਗਤ ਸਿੰਘ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਜੇਲ੍ਹ ਗਏ ਸਨ। ਉਹ ਸਾਡੇ ਹੀਰੋ ਹਨ। ਧਾਰਾ 323 ਤਹਿਤ ਕਿਸੇ ਨੂੰ 2 ਦਿਨ ਦੀ ਕੈਦ ਨਹੀਂ ਹੈ। ਇਸ ਧਾਰਾ ਵਿੱਚ ਕਾਂਸਟੇਬਲ ਮੌਕੇ 'ਤੇ ਹੀ ਜ਼ਮਾਨਤ ਦੇ ਦਿੰਦਾ ਹੈ। ਮੈਨੂੰ ਇੱਕ ਹਜ਼ਾਰ ਰੁਪਏ ਦੇ ਕੇ ਛੱਡ ਦਿੱਤਾ। ਬਾਅਦ ਵਿੱਚ ਕੇਸ ਨੂੰ ਦੁਬਾਰਾ ਖੋਲ੍ਹਿਆ ਗਿਆ। ਉੱਥੇ ਮੇਰੇ ਉੱਤੇ ਬੋਝ ਪਾਇਆ। ਅੱਜ ਵੀ ਮੈਂ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨੂੰ ਸਮਰਪਿਤ ਹਾਂ। ਅੱਜ ਵੀ ਮੈਂ ਉਸ ਨਾਲ ਕੀਤੇ ਵਾਅਦੇ 'ਤੇ ਕਾਇਮ ਹਾਂ। ਸਿੱਧੂ ਨੇ ਕਿਹਾ ਕਿ ਮੈਂ ਮੰਨਦਾ ਹਾਂ ਕਿ ਪਤਨੀ ਨੇ ਹਾਲ ਹੀ ਵਿੱਚ ਇੱਕ ਭਾਜਪਾ ਨੇਤਾ ਨਾਲ ਮੁਲਾਕਾਤ ਕੀਤੀ ਸੀ।

ਇਥੇ ਜ਼ਿਕਰਯੋਗ ਹੈ ਕਿ ਬੀਤੇ ਹਫਤੇ ਸਾਬਕਾ ਵਿਧਾਇਕਾ ਡਾ. ਨਵਜੋਤ ਕੌਰ ਸਿੱਧੂ ਦੀ ਭਾਜਪਾ ਆਗੂ ਤਰਨਜੀਤ ਸਿੰਘ ਸੰਧੂ ਨਾਲ ਹੋਈ ਮੁਲਾਕਾਤ ਨੇ ਸਿਆਸੀ ਹਲਕਿਆਂ ਵਿੱਚ ਨਵੀਂ ਚਰਚਾ ਛੇੜ ਦਿੱਤੀ ਸੀ। ਤਰਨਜੀਤ ਸਿੰਘ ਸੰਧੂ ਨੇ ਭਾਜਪਾ ਵੱਲੋਂ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਸੰਸਦ ਦੀ ਚੋਣ ਲੜੀ ਸੀ, ਪਰ ਉਹ ਚੋਣ ਹਾਰ ਗਏ ਸਨ। ਸੰਧੂ ਨੇ ਸੋਸ਼ਲ ਮੀਡੀਆ ਮੰਚ 'ਤੇ ਇਹ ਤਸਵੀਰਾਂ ਜਨਤਕ ਕਰਦਿਆਂ ਕਿਹਾ ਸੀ ਕਿ ਅੰਮ੍ਰਿਤਸਰ ਦੇ ਵਿਕਾਸ ਤੇ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਹੋਇਆ ਹੈ। ਸਿਆਸੀ ਹਲਕਿਆਂ ਵਿੱਚ ਚਰਚਾ ਹੈ ਕਿ ਸਿੱਧੂ ਪਰਿਵਾਰ ਨੇ ਸਿਆਸਤ ਵਿੱਚ ਵਾਪਸੀ ਕਰਨੀ ਸ਼ੁਰੂ ਕਰ ਦਿੱਤੀ ਹੈ। ਹੋ ਸਕਦਾ ਹੈ ਕਿ ਉਹ ਭਾਜਪਾ ਵਿੱਚ ਚਲੇ ਜਾਣ। ਇਸ ਮੁਲਾਕਾਤ ਨੂੰ ਲੈ ਕੇ ਭਾਜਪਾ ਆਗੂਆਂ ਨੇ ਵੀ ਫਿਲਹਾਲ ਚੁੱਪ ਧਾਰੀ ਹੋਈ ਹੈ ।ਸਿੱਧੂ ਨੇ ਦਾਅਵਾ ਕੀਤਾ ਕਿ ਭਾਜਪਾ ਵਾਲੇ ਬਾਦਲ ਪਰਿਵਾਰ ਨਾਲੋਂ ਨਾਤਾ ਤੋੜਨਾ ਨਹੀਂ ਚਾਹੁੰਦੇ ਸਨ। ਭਾਜਪਾ ਨਾਲ ਮੇਰੇ ਕਈ ਮੁੱਦਿਆਂ 'ਤੇ ਮਤਭੇਦ ਸਨ। ਇਸ ਲਈ ਮੈਂ ਪੰਜਾਬ ਨੂੰ ਚੁਣਿਆ ਸੀ। ਜੇਤਲੀ ਸਾਬ ਮੇਰੇ ਵੱਡੇ ਸਨ। ਜੇਤਲੀ ਸਾਹਿਬ ਪੰਜਾਬ ਆਏ ਤਾਂ ਉਨ੍ਹਾਂ ਨੇ ਮੈਨੂੰ ਕੁਰੂਕਸ਼ੇਤਰ ਤੋਂ ਚੋਣ ਲੜਨ ਦੀ ਸਲਾਹ ਦਿੱਤੀ। ਨਾਲ ਹੀ ਕਿਹਾ ਕਿ ਤੁਸੀਂ 2 ਲੱਖ ਵੋਟਾਂ ਨਾਲ ਚੋਣ ਜਿੱਤੋਗੇ। ਮੈਂ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਲੋਕਾਂ ਵਿੱਚ ਉਨ੍ਹਾਂ (ਬਾਦਲਾਂ ਖ਼ਿਲਾਫ਼) ਬਹੁਤ ਗੁੱਸਾ ਹੈ, ਉਹ ਚੋਣ ਨਾ ਲੜਨ ਪਰ ਮੇਰੀ ਗੱਲ ਮੰਨੀ ਨਹੀਂ ਗਈ ਤੇ ਉਹ ਚੋਣ ਹਾਰ ਗਏ। ਉਨ੍ਹਾਂ ਕਿਹਾ ਕਿ ਉਹ ਭਵਿੱਖ ਦੀ ਰਾਜਨੀਤੀ ਬਾਰੇ ਸੋਚਣਗੇ। ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਵਿੱਚ ਸੁਧਾਰ ਦੀ ਲੋੜ ਹੈ।

# ਨਿਊਯਾਰਕ ਟਾਈਮਜ਼ ਨੇ ਆਪਣੀ ਸੰਪਾਦਕੀ ਵਿੱਚ ਡੋਨਾਲਡ ਟਰੰਪ ਦੇ ਬਖੀਏ ਉਧੇੜੇ

## ਕਿਹਾ ਕਿ ਜਮਹੂਰੀਅਤ ਲਈ ਖ਼ਤਰਾ ਬਣੇ ਟਰੰਪ ਦੀ ਜਿੱਤ 'ਚ ਚਰਚ ਦਾ ਵੱਡਾ ਰੋਲ



ਚੋਣਾਂ ਤੋਂ ਪਹਿਲਾਂ ਅਮਰੀਕਾ ਦੀ ਜਿਸ ਨਾਮੀ ਅਖਬਾਰ 'ਨਿਊ ਯਾਰਕ ਟਾਈਮਜ਼' ਨੇ ਆਪਣੀ ਸੰਪਾਦਕੀ ਵਿੱਚ ਡੋਨਾਲਡ ਟਰੰਪ ਦੇ ਬਖੀਏ ਉਧੇੜ ਦਿੱਤੇ, ਉਸ ਨੂੰ ਝੂਠਾ, ਗਰੀਬਾਂ ਤੇ ਮੱਧ ਵਰਗ ਨੂੰ ਤਬਾਹ ਕਰਨ ਵਾਲਾ ਕਰਾਰ ਦਿੱਤਾ, ਜਮਹੂਰੀਅਤ ਲਈ ਖਤਰਾ ਤੇ ਤਾਨਾਸ਼ਾਹੀ ਨੂੰ ਉਤਸ਼ਾਹਿਤ ਕਰਨ ਵਾਲਾ ਦੱਸਿਆ, ਉਸੇ ਟਰੰਪ ਨੇ ਅਮਰੀਕੀ ਰਾਸ਼ਟਰਪਤੀ ਚੋਣ 'ਚ ਸ਼ਾਨਦਾਰ ਜਿੱਤ ਦਰਜ ਕੀਤੀ। ਇਹ ਚਮਤਕਾਰ ਕਿਵੇਂ ਹੋਇਆ ?

ਟਰੰਪ ਦੀ ਟੋਲੀ ਦੀਆਂ ਹੋਰਨਾਂ ਤਰਕੀਬਾਂ ਤੋਂ ਇਲਾਵਾ ਇਹ ਗੱਲ ਵੀ ਉਭਰ ਕੇ ਸਾਹਮਣੇ ਆਈ ਹੈ ਕਿ ਉਸ ਨੇ ਚਰਚਾਂ ਨੂੰ ਖੂਬ ਵਰਤਿਆ। ਸ਼ਹਿਰਾਂ ਤੋਂ ਦੂਰ ਪਿੰਡਾਂ ਵਿੱਚ ਚਰਚਾਂ ਦੀ ਤਕੜੀ ਪਕੜ ਹੈ ਅਤੇ ਲੋਕ ਅਕਸਰ ਆਪਣੀ ਜ਼ਿੰਦਗੀ ਦੇ ਫੈਸਲੇ ਤੱਕ ਲੈਣ ਲਈ ਚਰਚਾਂ 'ਤੇ ਨਿਰਭਰ ਕਰਦੇ ਹਨ। ਟਰੰਪ ਦੀ ਟੋਲੀ ਨੇ ਡੈਮੋਕਰੇਟਾਂ ਨੂੰ ਨਾ ਸਿਰਫ ਇੱਕ ਵਿਰੋਧੀ ਪਾਰਟੀ ਦੇ ਮੈਂਬਰ, ਸਗੋਂ ਦੇਸ਼ਧ੍ਰੋਹੀਆਂ ਤੇ ਅਫਰਾਤਫਰੀ ਦੇ ਏਜੰਟਾਂ ਦੇ ਰੂਪ ਵਿੱਚ ਪੇਸ਼ ਕੀਤਾ। ਗਰਭਪਾਤ ਦੀ ਆਗਿਆ ਦੇਣ ਦੇ ਮਾਮਲੇ ਵਿੱਚ ਡੈਮੋਕਰੇਟ ਉਮੀਦਵਾਰ ਕਮਲਾ ਹੈਰਿਸ ਦੇ ਰੁਖ ਨੂੰ ਚਰਚ ਵੈਸੇ ਵੀ ਈਸ਼ਵਰ ਵਿਰੋਧੀ ਮੰਨ ਰਹੇ ਸਨ। ਕਾਲਮ ਨਵੀਸ ਰੁਚਿਰਾ ਗੁਪਤਾ ਨੇ 'ਦੀ ਏਸ਼ੀਅਨ ਏਜ' ਵਿੱਚ ਲਿਖੇ ਇੱਕ ਲੇਖ ਵਿੱਚ ਦੱਸਿਆ ਹੈ ਕਿ ਜਦ ਉਹ ਚੋਣ ਪ੍ਰਚਾਰ ਦੌਰਾਨ ਪੈਨਸਿਲਵੇਨੀਆ ਦੇ ਵਿੱਚੋ-ਵਿੱਚ ਲੰਘੀ ਤਾਂ ਘਰ, ਸਕੂਲ ਤੇ ਹਸਪਤਾਲ ਮੀਲਾਂ ਦੇ ਵਕਫੇ ਵਿੱਚ ਨਜ਼ਰ ਆਏ। ਚਰਚਾਂ ਤੋਂ ਇਲਾਵਾ ਲੋਕਾਂ ਨੂੰ ਜੋੜਨ ਵਾਲਾ ਕੁਝ ਵੀ ਨਾਂਹ ਦੇ ਬਰਾਬਰ ਨਜ਼ਰ ਆਇਆ। ਇਹ ਸਿਰਫ ਪ੍ਰਾਰਥਨਾ ਕੇਂਦਰ ਹੀ ਨਹੀਂ, ਸਗੋਂ ਬੱਚਿਆਂ ਦੀ ਦੇਖਭਾਲ, ਸਿੱਖਿਆ, ਸਮਾਜੀ ਸੇਵਾ ਤੇ ਇੱਥੋਂ ਤੱਕ ਕਿ ਸਿਆਸੀ ਪਾਠ ਪੜ੍ਹਾਉਣ ਵਾਲੇ ਸਨ। ਅਜਿਹੇ ਭਾਈਚਾਰਿਆਂ, ਜਿੱਥੇ ਸਥਾਨਕ ਬੁਨਿਆਦੀ ਢਾਂਚਾ ਕਮਜ਼ੋਰ ਤੇ ਅਲੱਗ-ਥਲੱਗ ਹੋਵੇ, ਵਿੱਚ ਚਰਚ ਅਜਿਹੀ ਭੂਮਿਕਾ ਨਿਭਾਉਂਦੇ ਹਨ, ਜਿਸ ਦਾ ਵਿਖਿਆਨ ਕਰਨਾ ਵੀ ਮੁਸ਼ਕਿਲ ਹੈ। ਜਿਨ੍ਹਾਂ ਲੋਕਾਂ ਨਾਲ ਗੱਲ ਕੀਤੀ, ਉਨ੍ਹਾਂ 'ਚ ਇਹ ਗੱਲ ਘਰ ਕਰ ਚੁੱਕੀ ਸੀ ਕਿ ਟਰੰਪ ਹੀ ਅਮਰੀਕਾ ਨੂੰ ਬਚਾਉਣ ਵਾਲਾ ਸ਼ਖਸ ਹੈ। ਇੱਕ ਟੈਕਸੀ ਡਰਾਈਵਰ ਦੀਆਂ ਗੱਲਾਂ ਤੋਂ ਲੱਗਿਆ ਕਿ ਟਰੰਪ ਇੱਕ ਤਰ੍ਹਾਂ ਨਾਲ ਬਾਈਬਲ ਦਾ ਪਾਤਰ ਹੈ, ਜਿਹੜਾ ਅਫਰਾਤਫਰੀ ਵੱਲ ਵਧ ਰਹੀ ਦੁਨੀਆਂ ਦੇ ਖ਼ਿਲਾਫ਼ ਖੜ੍ਹਾ ਹੈ। ਉਸ ਲਈ ਡੈਮੋਕਰੇਟ ਸਿਰਫ ਵਿਰੋਧੀ ਪਾਰਟੀ ਦੇ ਮੈਂਬਰ ਨਹੀਂ ਸਨ, ਬਲਕਿ ਚੀਨ ਨਾਲ ਮਿਲ ਕੇ ਅਮਰੀਕਾ ਨੂੰ ਤਬਾਹ ਕਰਨ ਦੀਆਂ ਸਾਜ਼ਿਸ਼ਾਂ ਘੜਨ ਵਾਲੇ ਸਨ। ਜਦੋਂ ਉਸ ਨੂੰ ਪੁੱਛਿਆ ਕਿ ਤੈਨੂੰ ਇਹ ਸਭ ਕਿੱਥੋਂ ਪਤਾ ਲੱਗਿਆ ਤਾਂ ਉਸ ਨੇ ਜਵਾਬ ਦਿੱਤਾ, ਚਰਚ ਤੋਂ। ਇੱਕ ਢਾਬੇ 'ਤੇ ਗੱਲਬਾਤ ਦੌਰਾਨ ਵੀ ਲੋਕਾਂ ਨੇ ਅਜਿਹੀਆਂ ਗੱਲਾਂ ਕੀਤੀਆਂ। ਪੁੱਛਣ 'ਤੇ ਉਨ੍ਹਾਂ ਵੀ ਕਿਹਾ ਕਿ ਇਹ ਗੱਲਾਂ ਚਰਚ ਤੋਂ ਪਤਾ ਲੱਗੀਆਂ। ਨਿਊ ਯਾਰਕ ਦੇ ਇੱਕ ਹੋਟਲ ਦੀ ਮਹਿਲਾ ਮੁਲਾਜ਼ਮ ਨਾਲ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਉਹ ਇੱਕ ਵੱਡੇ ਚਰਚ ਵਿੱਚ ਜਾਂਦੀ ਹੈ, ਜਿੱਥੇ ਪਾਦਰੀ ਅਪ੍ਰਵਾਸ, ਗਰਭਪਾਤ ਤੇ ਕੌਮੀ ਸੁਰੱਖਿਆ ਨੂੰ ਖਤਰਾ ਦੇ ਮੁੱਦਿਆਂ 'ਤੇ ਗੱਲ ਕਰਦੇ ਹਨ। ਇਹ ਇੰਝ ਸੀ, ਜਿਵੇਂ ਇੱਕ ਮੁਹਿੰਮ ਚਲਾਈ ਹੋਈ ਸੀ। ਰੁਚਿਰਾ ਨੇ ਨਤੀਜਾ ਕੱਢਿਆ ਕਿ ਕਮਲਾ ਹੈਰਿਸ ਸਿਰਫ਼ ਆਪਣੀਆਂ ਨੀਤੀਆਂ ਜਾਂ ਪਛਾਣ ਕਾਰਨ ਨਹੀਂ ਹਾਰੀ, ਸਗੋਂ ਇਸ ਕਰਕੇ ਹਾਰੀ ਕਿ ਉਸ ਦਾ ਸੰਦੇਸ਼ ਚਰਚਾਂ ਦੇ ਵਿਸ਼ਾਲ ਨੈੱਟਵਰਕ ਵਿੱਚ ਪ੍ਰਵੇਸ਼ ਨਹੀਂ ਕਰ ਸਕਿਆ।

# ਕੇਂਦਰ ਨੇ ਪਰਾਲ਼ੀ ਪ੍ਰਬੰਧਨ ਲਈ ਪਿਛਲੇ ਸੱਤ ਸਾਲਾਂ ’ਚ ਪੰਜਾਬ ਨੂੰ ਦਿੱਤੇ 1,681 ਕਰੋੜ ਰੁਪਏ

## ਇਸ ਦੇ ਬਾਵਜੂਦ ਪਰਾਲ਼ੀ ਸਾੜਨ ਦੇ ਮਾਮਲਿਆਂ ’ਤੇ ਨਹੀਂ ਪਾਇਆ ਜਾ ਰਿਹਾ ਕਾਬੂ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਵਿੱਚ ਪਰਾਲੀ ਸਾੜਨ ਦਾ ਸਿਲਸਿਲਾ ਜਾਰੀ ਹੈ। ਹਰ ਰੋਜ਼ ਕਿਸਾਨ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਪਰਾਲੀ ਸਾੜ ਰਹੇ ਹਨ। ਪੰਜਾਬ ਸਰਕਾਰ ਪਰਾਲੀ ਦੇ ਪ੍ਰਬੰਧਨ ਲਈ ਕੇਂਦਰ ਸਰਕਾਰ ਤੋਂ ਵਾਧੂ ਫੰਡਾਂ ਦੀ ਮੰਗ ਕਰ ਰਹੀ ਹੈ। ਸੂਬਾ ਸਰਕਾਰ ਨੇ ਕੇਂਦਰ ਤੋਂ 1200 ਕਰੋੜ ਰੁਪਏ ਜਾਰੀ ਕਰਨ ਦੀ ਮੰਗ ਕੀਤੀ ਸੀ, ਜਿਸ ਨੂੰ ਕੇਂਦਰ ਨੇ ਰੱਦ ਕਰ ਦਿੱਤਾ ਹੈ।

ਜੇਕਰ ਪਿਛਲੇ ਸੱਤ ਸਾਲਾਂ ਦੇ ਰਿਕਾਰਡ ’ਤੇ ਨਜ਼ਰ ਮਾਰੀਏ ਤਾਂ ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ 1681 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ ਪਰ ਇਸ ਦੇ ਬਾਵਜੂਦ ਪਰਾਲੀ ਸਾੜਨ ਦੇ ਮਾਮਲਿਆਂ ’ਤੇ ਕਾਬੂ ਨਹੀਂ ਪਾਇਆ ਜਾ ਰਿਹਾ ਹੈ। ਸੂਬਾ ਸਰਕਾਰ ਵੱਲੋਂ ਪਰਾਲੀ ਪ੍ਰਬੰਧਨ ਲਈ ਇੱਕ ਐਕਸ਼ਨ ਯੋਜਨਾ ਤਿਆਰ ਕੀਤੀ ਗਈ ਹੈ, ਤਾਂ ਜੋ ਸਾਉਣੀ ਦੇ ਸੀਜ਼ਨ ਦੌਰਾਨ ਪਰਾਲੀ ਦਾ ਸਹੀ ਢੰਗ ਨਾਲ ਪ੍ਰਬੰਧਨ ਕੀਤਾ ਜਾ ਸਕੇ। ਇਸ ਵਿੱਚ ਕੇਂਦਰ ਆਪਣੇ ਹਿੱਸੇ ਦਾ ਫੰਡ ਜਾਰੀ ਕਰਦਾ ਹੈ, ਜਦੋਂ ਕਿ ਸੂਬਾ ਸਰਕਾਰ ਖੁਦ ਵੀ ਫੰਡ ਅਲਾਟ ਕਰਦੀ ਹੈ।

ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੂੰ ਇੱਕ ਰਿਪੋਰਟ ਸੌਂਪੀ ਗਈ ਹੈ, ਜਿਸ ਵਿੱਚ ਪਰਾਲੀ ਪ੍ਰਬੰਧਨ ਲਈ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਜਾਰੀ ਕੀਤੇ ਫੰਡਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਪੰਜਾਬ ਦਾ ਫੰਡ ਪਹਿਲਾਂ ਨਾਲੋਂ ਘਟਿਆ ਹੈ, ਪਰ ਹਾਲੇ ਵੀ ਹਰਿਆਣਾ ਨਾਲੋਂ ਵੱਧ ਹੈ। 2018-19 ਤੋਂ 2024-25 ਤੱਕ ਪੰਜਾਬ ਨੂੰ ਕੁੱਲ 1,681 ਕਰੋੜ ਰੁਪਏ ਜਾਰੀ ਕੀਤੇ ਗਏ ਹਨ, ਜਦਕਿ ਹਰਿਆਣਾ ਨੂੰ 1,081 ਕਰੋੜ ਰੁਪਏ ਜਾਰੀ ਕੀਤੇ ਗਏ ਹਨ।

ਇਸ ਫੰਡ ਦੀ ਵਰਤੋਂ ਸੀ.ਆਰ.ਐਮ. ਸਕੀਮ ਤਹਿਤ ਪਰਾਲੀ ਪ੍ਰਬੰਧਨ ਮਸ਼ੀਨਰੀ ਖਰੀਦਣ ਲਈ ਕੀਤੀ ਜਾਂਦੀ ਹੈ, ਤਾਂ ਜੋ ਇਹ ਮਸ਼ੀਨਾਂ ਕਿਸਾਨਾਂ ਨੂੰ ਉਪਲਬਧ ਕਰਵਾਈਆਂ ਜਾ ਸਕਣ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਐਨ.ਜੀ.ਟੀ. ਵਿੱਚ ਇੱਕ ਰਿਪੋਰਟ ਦਿੱਤੀ ਸੀ, ਜਿਸ ਵਿੱਚ ਦੱਸਿਆ ਗਿਆ ਸੀ ਕਿ ਸੂਬੇ ਵਿੱਚ 30 ਲੱਖ ਹੈਕਟੇਅਰ ਰਕਬੇ ਵਿੱਚ ਝੋਨੇ ਦੀ ਬਿਜਾਈ ਹੁੰਦੀ ਹੈ, ਜਿਸ ਤੋਂ 187 ਲੱਖ ਮੀਟ੍ਰਿਕ ਟਨ ਪਰਾਲੀ ਪੈਦਾ ਹੁੰਦੀ ਹੈ।

49 ਫੀਸਦੀ ਪਰਾਲੀ ਨੂੰ ਖੇਤਾਂ ਦੇ ਅੰਦਰ ਹੀ ਨਿਪਟਾਇਆ ਜਾਂਦਾ ਹੈ ਅਤੇ ਬਾਕੀ 51 ਫੀਸਦੀ ਪਰਾਲੀ ਨੂੰ ਕਿਸਾਨ ਸਾੜ ਦਿੰਦੇ ਹਨ। ਪੂਰੀ 100 ਪ੍ਰਤੀਸ਼ਤ ਪਰਾਲੀ ਦਾ ਪ੍ਰਬੰਧਨ ਵੀ ਕੀਤਾ ਜਾ ਸਕਦਾ ਹੈ। ਹਾਂ, ਪਰ ਇਸ ਨੂੰ ਵਿਸ਼ੇਸ਼ ਪ੍ਰੋਤਸਾਹਨ ਦੀ ਲੋੜ ਹੈ। ਇਸ ਤੋਂ ਬਾਅਦ ਹੀ ਸਰਕਾਰ ਨੇ ਕੇਂਦਰ ਅੱਗੇ ਵਾਧੂ ਫੰਡਾਂ ਦੀ ਮੰਗ ਰੱਖੀ ਸੀ, ਜਿਸ ਨੂੰ ਪ੍ਰਵਾਨ ਨਹੀਂ ਕੀਤਾ ਗਿਆ।



### ਕੇਂਦਰ ਵੱਲੋਂ ਹੁਣ ਤੱਕ ਜਾਰੀ ਕੀਤੀ ਗਈ ਰਾਸ਼ੀ

| ਸਾਲ | ਰਾਸ਼ੀ |
|---|---|
| 2018-19 | 269.38 |
| 2019-20 | 273.80 |
| 2020-21 | 272.50 |
| 2021-22 | 331.94 |
| 2022-23 | 278.83 |
| 2023-24 | 105.00 |
| 2024-25 | 150.00 |
| ਕੁੱਲ | 1681.85 |

# ਪਰਾਲ਼ੀ ਸਾੜਨ ਵਾਲੇ ਕਿਸਾਨਾਂ ਨੂੰ ਹੁਣ ਦੁੱਗਣਾ ਜੁਰਮਾਨਾ

## ਪੰਜ ਏਕੜ ਤੋਂ ਵੱਧ ਰਕਬੇ ਵਾਲੇ ਕਿਸਾਨਾਂ ਨੂੰ ਕਰਨੀ ਪਵੇਗੀ 30 ਹਜ਼ਾਰ ਰੁਪਏ ਦੀ ਅਦਾਇਗੀ

ਨਵੀਂ ਦਿੱਲੀ/ਏ.ਟੀ.ਨਿਊਜ਼: ਕੇਂਦਰ ਸਰਕਾਰ ਨੇ ਦਿੱਲੀ ਐੱਨ.ਸੀ.ਆਰ. ਖੇਤਰ ਦੀ ਵਿਗੜਦੀ ਹਵਾ ਗੁਣਵੱਤਾ ਦੇ ਮੱਦੇਨਜ਼ਰ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਲੱਗਦੇ ਜੁਰਮਾਨੇ ਦੀ ਰਾਸ਼ੀ ਦੁੱਗਣੀ ਕਰ ਦਿੱਤੀ ਹੈ। ਪੰਜ ਏਕੜ ਤੋਂ ਵੱਧ ਜ਼ਮੀਨ ਵਾਲਾ ਕਿਸਾਨ ਜੇ ਪਰਾਲੀ ਸਾੜਦਾ ਹੈ ਤਾਂ ਉਸ ਨੂੰ ਹੁਣ 30,000 ਰੁਪਏ ਦਾ ਜੁਰਮਾਨਾ ਲੱਗੇਗਾ। ਸਰਕਾਰ ਵੱਲੋਂ ਪ੍ਰਕਾਸ਼ਿਤ ਨੋਟੀਫਿਕੇਸ਼ਨ ਸੁਪਰੀਮ ਕੋਰਟ ਦੇ ਸਖ਼ਤ ਸਟੈਂਡ ਮਗਰੋਂ ਜਾਰੀ ਕੀਤਾ ਗਿਆ ਹੈ। ਨੋਟੀਫਿਕੇਸ਼ਨ ਮੁਤਾਬਕ ਦੋ ਏਕੜ ਤੋਂ ਘੱਟ ਰਕਬੇ ਵਾਲੇ ਕਿਸਾਨਾਂ ਨੂੰ ਵਾਤਾਵਰਨ ਮੁਆਵਜ਼ੇ ਵਜੋਂ 2500 ਦੀ ਥਾਂ ਹੁਣ 5,000 ਰੁਪਏ ਦੀ ਅਦਾਇਗੀ ਕਰਨੀ ਹੋਵੇਗੀ। ਦੋ ਤੋਂ ਪੰਜ ਏਕੜ ਦੀ ਮਾਲਕੀ ਵਾਲੇ ਕਿਸਾਨਾਂ ਨੂੰ 10,000 ਰੁਪਏ ਦਾ ਜੁਰਮਾਨ ਤਾਰਨਾ ਹੋਵੇਗਾ। ਵਾਹਨਾਂ ਦੇ ਧੂੰਏਂ ਦੀ ਨਿਕਾਸੀ, ਝੋਨੇ ਦੇ ਨਾੜ ਨੂੰ ਅੱਗ ਲਾਉਣ, ਪਟਾਕੇ ਤੇ ਹੋਰਨਾਂ ਸਥਾਨਕ ਪ੍ਰਦੂਸ਼ਣ ਵਸੀਲਿਆਂ ਕਰਕੇ ਦਿੱਲੀ ਐੱਨ.ਸੀ.ਆਰ. ਵਿੱਚ ਪੱਤਝੜ ਦੇ ਅਖੀਰ ਤੇ ਸਰਦੀਆਂ ਮੌਕੇ ਹਵਾ ਦੀ ਗੁਣਵੱਤਾ ਲਗਾਤਾਰ ਨਿੱਘਰਦੀ ਜਾ ਰਹੀ ਹੈ।



ਦਿੱਲੀ ਪ੍ਰਦੂਸ਼ਣ ਕੰਟਰੋਲ ਬੋਰਡ (ਡੀ.ਪੀ.ਸੀ.ਸੀ.) ਵੱਲੋਂ ਕੀਤੀ ਸਮੀਖਿਆ ਮੁਤਾਬਕ ਦਿੱਲੀ ਵਿੱਚ 1 ਤੋਂ 15 ਨਵੰਬਰ ਦਰਮਿਆਨ ਪ੍ਰਦੂਸ਼ਣ ਸਿਖਰ ਉੱਤੇ ਹੁੰਦਾ ਹੈ ਕਿਉਂਕਿ ਇਨ੍ਹਾਂ ਦਿਨਾਂ ਵਿੱਚ ਪੰਜਾਬ ਤੇ ਹਰਿਆਣਾ ਵਿੱਚ ਪਰਾਲੀ ਸਾੜਨ ਦੇ ਮਾਮਲੇ ਵੱਧ ਜਾਂਦੇ ਹਨ। ਪਰਾਲੀ ਸਾੜਨ ਪਿਛਲੇ ਪ੍ਰਮੁੱਖ ਕਾਰਨਾਂ ਵਿੱਚ ਝੋਨੇ ਤੇ ਕਣਕ ਦਾ ਫ਼ਸਲੀ ਚੱਕਰ, ਲੰਬੇ ਸਮੇਂ ਤੱਕ ਚੱਲਣ ਵਾਲੀਆਂ ਝੋਨੇ ਦੀਆਂ ਕਿਸਮਾਂ ਦੀ ਕਾਸ਼ਤ, ਮਸ਼ੀਨੀ ਕਟਾਈ ਜੋ ਖੇਤ ਵਿੱਚ ਖੜ੍ਹੀ ਫ਼ਸਲ ਦੀ ਪਰਾਲੀ ਨੂੰ ਛੱਡ ਦਿੰਦੀ ਹੈ, ਮਜ਼ਦੂਰਾਂ ਦੀ ਘਾਟ ਅਤੇ ਫਸਲਾਂ ਦੀ ਰਹਿੰਦ-ਖੂੰਹਦ(ਪਰਾਲੀ) ਲਈ ਵਿਹਾਰਕ ਮੰਡੀ ਦੀ ਘਾਟ ਆਦਿ ਸ਼ਾਮਲ ਹਨ। ਅਧਿਐਨਾਂ ਦੇ ਅਨੁਮਾਨਾਂ ਮੁਤਾਬਕ ਪਰਾਲੀ ਸਾੜਨ ਦੀ ਸਿਖਰ ਦੌਰਾਨ ਖੇਤਾਂ ਵਿਚ ਰਹਿੰਦ ਖੂੰਹਦ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਦਿੱਲੀ ਐੱਨ.ਸੀ.ਆਰ. ਤੇ ਨੇੜਲੇ ਇਲਾਕਿਆਂ ਵਿੱਚ ਪੀ.ਐੱਮ. ਦੇ ਪੱਧਰ ਵਿੱਚ 30 ਫ਼ੀਸਦੀ ਤੱਕ ਯੋਗਦਾਨ ਪਾਉਂਦੀਆਂ ਹਨ। ਹਾਲਾਂਕਿ ਸੀਨੀਅਰ ਵਾਤਾਵਰਨ ਮਾਹਿਰ ਸੁਨੀਤਾ ਨਰੈਣ ਨੇ ਕਿਹਾ ਕਿ ਕਿਸਾਨਾਂ ਵੱਲੋਂ ਸਰਦੀਆਂ ਵਿੱਚ ਪਰਾਲੀ ਨੂੰ ਅੱਗ ਲਾਉਣਾ ਦਿੱਲੀ ਐੱਨ.ਸੀ.ਆਰ. ਵਿੱਚ ਮਾੜੀ ਹਵਾ ਗੁਣਵੱਤਾ ਦੀ ਵਜ੍ਹਾ ਨਹੀਂ ਹੈ। ਟਰਾਂਸਪੋਰਟ ਤੇ ਇੰਡਸਟਰੀਆਂ ਸ਼ਹਿਰ ਵਿੱਚ ਪ੍ਰਦੂਸ਼ਣ ਦਾ ਮੁੱਖ ਸਰੋਤ ਹਨ। ਇਸ ਦੌਰਾਨ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਨੇ ਕੌਮੀ ਗ੍ਰੀਨ ਟ੍ਰਿਬਿਊਨਲ (ਐੱਨ.ਜੀ.ਟੀ.) ਨੂੰ ਦੱਸਿਆ ਕਿ ਸੂਬੇ ਵਿੱਚ ਸਤੰਬਰ ਤੇ ਨਵੰਬਰ ਮਹੀਨੇ ਦੌਰਾਨ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ‘ਵੱਡੀ ਕਮੀ’ ਆਈ ਹੈ। ਟ੍ਰਿਬਿਊਨਲ ਨੇ ਬੋਰਡ ਤੋਂ ਇਸ ਸਬੰਧੀ ਰਿਪੋਰਟ ਮੰਗੀ ਸੀ। ਐੱਨ.ਜੀ.ਟੀ. ਦੀ ਵੈੱਬਸਾਈਟ ਉੱਤੇ ਅਪਲੋਡ ਕੀਤੀ ਰਿਪੋਰਟ ਮੁਤਾਬਕ ਪੰਜਾਬ ਪੁਲਿਸ ਨੇ 18 ਸਤੰਬਰ ਤੋਂ 30 ਅਕਤੂਬਰ ਦੇ ਅਰਸੇ ਦਰਮਿਆਨ ਹੁਕਮਾਂ ਦੀ ਉਲੰਘਣਾ ਲਈ 1626 ਕੇਸ ਦਰਜ ਕੀਤੇ ਗਏ ਹਨ। ਰਿਪੋਰਟ ਮੁਤਾਬਕ ਇਸ ਸਾਲ 15 ਸਤੰਬਰ ਤੋਂ 4 ਨਵੰਬਰ ਤੱਕ ਪਰਾਲੀ ਨੂੰ ਅੱਗ ਲਾਉਣ ਦੇ 4145 ਮਾਮਲੇ ਸਾਹਮਣੇ ਆਏ ਹਨ ਜਦੋਂਕਿ 2022 ਵਿੱਚ ਇਹ ਅੰਕੜਾ 26,583 ਤੇ ਪਿਛਲੇ ਸਾਲ 14,173 ਸੀ।

### ਜੁਰਮਾਨੇ ਵਧਾਉਣਾ ਮਸਲੇ ਦਾ ਹੱਲ ਨਹੀਂ: ਕਿਸਾਨ ਜਥੇਬੰਦੀਆਂ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਪਰਾਲੀ ਨੂੰ ਅੱਗ ਲਾਉਣ ਬਦਲੇ ਜੁਰਮਾਨੇ ਦੁੱਗਣੇ ਕਰਨ ਦੇ ਕੇਂਦਰ ਸਰਕਾਰ ਦੇ ਫੈਸਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਜਥੇਬੰਦੀਆਂ ਨੇ ਕਿਹਾ ਕਿ ਕਿਸਾਨ ਮਜਬੂਰੀਵੱਸ ਪਰਾਲੀ ਨੂੰ ਅੱਗ ਲਾਉਂਦਾ ਹੈ ਅਤੇ ਜੁਰਮਾਨੇ ਵਧਾਉਣਾ ਮਸਲੇ ਦਾ ਹੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਜਿਹੀਆਂ ‘ਜੁਗਤਾਂ’ ਦੀ ਥਾਂ ਕਣਕ ਦੀ ਬਿਜਾਈ ਲਈ ਡੀ.ਏ.ਪੀ. ਖਾਦ ਦੀ ਕਿੱਲਤ ਵੱਲ ਧਿਆਨੇ ਦੇਵੇ। ਬੀ.ਕੇ.ਯੂ. (ਏਕਤਾ ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕੇਂਦਰ ਸਰਕਾਰ ਦੇ ਫੈਸਲੇ ਨੂੰ ‘ਕਿਸਾਨ ਵਿਰੋਧੀ’ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਦਰ ਸਰਕਾਰ ਅਜਿਹੀਆਂ ‘ਜੁਗਤਾਂ’ ਜ਼ਰੀਏ ਕਿਸਾਨਾਂ ’ਤੇ ਦਬਾਅ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ, “ਜਿਨ੍ਹਾਂ ਕਿਸਾਨਾਂ ਕੋਲ ਪਰਾਲੀ ਪ੍ਰਬੰਧਨ ਦੀ

# ਪਰਾਲ਼ੀ ਸਾੜਨ ਕਾਰਨ ਧੁਆਂਖ ਗਈ ਪੰਜਾਬ ਦੀ ਹਵਾ: ਮਾਹਿਰ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਦਾ ਅਸਰ ਪੰਜਾਬ ਦੇ ਨਾਲ-ਨਾਲ ਚੰਡੀਗੜ੍ਹ ਵਿੱਚ ਵੀ ਦੇਖਣ ਨੂੰ ਮਿਲ ਰਿਹਾ ਹੈ। ਆਲਮ ਇਹ ਹੈ ਕਿ ਤੇਜ਼ੀ ਨਾਲ ਵੱਧ ਰਹੇ ਪ੍ਰਦੂਸ਼ਣ ਕਾਰਨ ਚੰਡੀਗੜ੍ਹ ਰੈੱਡ ਜ਼ੋਨ ਵਿੱਚ ਪਹੁੰਚ ਗਿਆ ਹੈ ਜਦਕਿ ਪੰਜਾਬ ਦੇ 5 ਜ਼ਿਲ੍ਹੇ ਔਰੇਂਜ ਅਲਰਟ ’ਤੇ ਹਨ। ਸੂਤਰਾਂ ਮੁਤਾਬਕ ਪੰਜਾਬ ਵਿੱਚ ਪਰਾਲੀ ਸਾੜਣ ਦੇ ਹੁਣ ਤੱਕ 5299 ਕੇਸ ਦਰਜ ਹੋ ਚੁੱਕੇ ਹਨ। ਜਿਨ੍ਹਾਂ ਵਿਚੋਂ ਪਿਛਲੇ 10 ਦਿਨਾਂ ਵਿੱਚ ਹੀ 3162 ਕੇਸ ਦਰਜ ਕੀਤੇ ਗਏ ਹਨ। ਪੰਜਾਬ ਵਿੱਚ ਸਖ਼ਤੀ ਦੇ ਬਾਵਜੂਦ ਇਸ ਨੂੰ ਰੋਕਿਆ ਨਹੀਂ ਜਾ ਸਕਿਆ। ਇਨ੍ਹਾਂ ਪ੍ਰਬੰਧਾਂ ਨੂੰ ਦੇਖਣ ਲਈ ਇੱਕ ਟੀਮ 13 ਨਵੰਬਰ ਨੂੰ ਪੰਜਾਬ ਪਹੁੰਚ ਰਹੀ ਹੈ।

ਜਾਣਕਾਰੀ ਮੁਤਾਬਕ ਚੰਡੀਗੜ੍ਹ ਦਾ ਏਅਰ ਕੁਆਲਿਟੀ ਇੰਡੈਕਸ (ਏ.ਕਿਊ.ਆਈ.) ਸ਼ਨੀਵਾਰ ਅੱਧੀ ਰਾਤ ਨੂੰ 325 ਅਤੇ ਵੱਧ ਤੋਂ ਵੱਧ 408 ਦਰਜ ਕੀਤਾ ਗਿਆ। ਇਸ ਦੇ ਨਾਲ ਹੀ, ਪੰਜਾਬ ਦੇ ਮੰਡੀ ਗੋਬਿੰਦਗੜ੍ਹ ਵਿੱਚ ਸਭ ਤੋਂ ਵੱਧ ਏ.ਕਿਊ.ਆਈ. 280 ਦਰਜ ਕੀਤਾ ਗਿਆ, ਜਦੋਂ ਕਿ ਸਭ ਤੋਂ ਵੱਧ 360 ਦਰਜ ਕੀਤਾ ਗਿਆ। ਇਸ ਤੋਂ ਇਲਾਵਾ ਅੰਮ੍ਰਿਤਸਰ ਵਿੱਚ, ਏ.ਕਿਊ.ਆਈ. 240 ਸੀ, ਜਦਕਿ ਸਭ ਤੋਂ ਵੱਧ 312 ਤੱਕ ਪਹੁੰਚ ਗਿਆ ਸੀ। ਇਸੇ ਤਰ੍ਹਾਂ ਬਠਿੰਡਾ ਦਾ ਔਸਤ ਏ. ਕਿਊ. ਆਈ. 170, ਜਲੰਧਰ 173, ਖੰਨਾ 202, ਲੁਧਿਆਣਾ 216, ਪਟਿਆਲਾ 148 ਅਤੇ ਰੂਪਨਗਰ 225 ਦਰਜ ਕੀਤਾ ਗਿਆ ਹੈ।



ਪੰਜਾਬ ਵਿਚ ਪਰਾਲੀ ਸਾੜਨ ਦੇ ਸਭ ਤੋਂ ਵੱਧ ਮਾਮਲੇ ਸੰਗਰੂਰ ਵਿਚ ਦਰਜ ਕੀਤੇ ਗਏ ਹਨ। ਜਿੱਥੇ 887 ਐੱਫ.ਆਈ.ਆਰ. ਜਦੋਂ ਕਿ ਅੰਮ੍ਰਿਤਸਰ ਵਿੱਚ 633 ਅਤੇ ਤਰਨਤਾਰਨ ਵਿੱਚ 612 ਕੇਸ ਦਰਜ ਕੀਤੇ ਗਏ ਹਨ।

**ਕੀ ਕਿਹਾ ਮੌਸਮ ਵਿਭਾਗ ਨੇ**

ਮੌਸਮ ਵਿਭਾਗ ਤੋਂ ਫਿਲਹਾਲ ਕੋਈ ਰਾਹਤ ਦਾ ਸੰਕੇਤ ਨਹੀਂ ਮਿਲਿਆ ਹੈ। ਮੌਸਮ ਵਿਭਾਗ ਮੁਤਾਬਕ ਆਉਣ ਵਾਲੇ ਦਿਨਾਂ ’ਚ ਮੀਂਹ ਦੀ ਕੋਈ ਸੰਭਾਵਨਾ ਨਹੀਂ ਹੈ। ਇਹੀ ਕਾਰਨ ਹੈ ਕਿ ਪ੍ਰਦੂਸ਼ਣ ਅਤੇ ਗਰਮੀ ਤੋਂ ਰਾਹਤ ਨਹੀਂ ਮਿਲ ਰਹੀ ਹੈ। ਪੰਜਾਬ ਵਿੱਚ ਘੱਟੋ-ਘੱਟ ਤਾਪਮਾਨ ਅਜੇ ਵੀ ਆਮ ਨਾਲੋਂ 5.8 ਡਿਗਰੀ ਘੱਟ ਹੈ। ਉਦੋਂ ਤਕ ਪ੍ਰਦੂਸ਼ਣ ਤੋਂ ਪੂਰਨ ਤੌਰ ’ਤੇ ਰਾਹਤ ਨਹੀਂ ਮਿਲੇਗੀ ਜਦੋਂ ਮੀਂਹ ਨਹੀਂ ਪੈਂਦਾ। ਇਸ ਪ੍ਰਦੂਸ਼ਣ ਕਾਰਣ ਬੱਚਿਆਂ, ਬਜ਼ੁਰਗਾਂ ਤੋਂ ਗਰਭਵਤੀ ਔਰਤਾਂ ਤੋਂ ਇਲਾਵਾ ਸਾਹ ਦੇ ਮਰੀਜ਼ਾਂ ਨੂੰ ਸਭ ਤੋਂ ਵੱਧ ਖ਼ਤਰਾ ਹੈ, ਜਿਨ੍ਹਾਂ ਲਈ ਸਿਹਤ ਵਿਭਾਗ ਨੇ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਹਨ। ਸਿਹਤ ਵਿਭਾਗ ਨੇ ਆਖਿਆ ਹੈ ਕਿ ਬਿਨਾਂ ਮਾਸਕ ਤੋਂ ਬਿਲੁਕਲ ਵੀ ਬਾਹਰ ਨਾ ਨਿਕਲਿਆ ਜਾਵੇ।

### ਹਵਾਈ ਅੱਡਿਆਂ 'ਤੇ ਅੰਮ੍ਰਿਤਧਾਰੀ ਕਰਮਚਾਰੀਆਂ ਦੇ ਕਿਰਪਾਨ ਪਹਿਨਣ 'ਤੇ ਪਾਬੰਦੀ ਦਾ ਮਾਮਲਾ

# ਜਥੇਦਾਰ ਨੇ ਰੋਕ ਨੂੰ ਸਿੱਖਾਂ ਦੀ ਧਾਰਮਿਕ ਆਜ਼ਾਦੀ 'ਤੇ ਹਮਲਾ ਦੱਸਿਆ

## ਗਿ. ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਮਾਮਲਾ ਸਬੰਧਿਤ ਮੰਤਰਾਲਿਆਂ ਨਾਲ ਵਿਚਾਰਨ ਦੇ ਨਿਰਦੇਸ਼ ਦਿੱਤੇ

ਅੰਮ੍ਰਿਤਸਰ/ਏ.ਟੀ.ਨਿਊਜ਼: ਭਾਰਤ ਦੇ ਸ਼ਹਿਰੀ ਹਵਾਬਾਜ਼ੀ ਸੁਰੱਖਿਆ ਬਿਊਰੋ ਵੱਲੋਂ ਦੇਸ਼ ਦੇ ਹਵਾਈ ਅੱਡਿਆਂ 'ਤੇ ਸੁਰੱਖਿਆ ਸੇਵਾਵਾਂ ਵਿੱਚ ਤਾਇਨਾਤ ਅੰਮ੍ਰਿਤਧਾਰੀ ਕਰਮਚਾਰੀਆਂ ਦੇ ਕਿਰਪਾਨ ਪਹਿਨਣ 'ਤੇ ਲਾਈ ਪਾਬੰਦੀ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਿੱਖ ਕੌਮ ਦੀ ਧਾਰਮਿਕ ਆਜ਼ਾਦੀ 'ਤੇ ਹਮਲਾ ਕਰਾਰ ਦਿੱਤਾ ਹੈ। ਜਥੇਦਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭਾਰਤ ਦੇ ਗ੍ਰਹਿ ਮੰਤਰਾਲੇ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਨਾਲ ਸੰਪਰਕ ਕਰਕੇ ਇਸ ਪਾਬੰਦੀ ਖ਼ਿਲਾਫ਼ ਢੁੱਕਵੀ ਕਾਰਵਾਈ ਦੇ ਨਿਰਦੇਸ਼ ਦਿੱਤੇ ਹਨ।



ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਭਾਰਤ ਨੂੰ ਸਦੀਆਂ ਦੀ ਗ਼ੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਸਿੱਖਾਂ ਨੇ 80 ਫ਼ੀਸਦੀ ਤੋਂ ਵੱਧ ਕੁਰਬਾਨੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਕਿਰਪਾਨ ਸਿੱਖਾਂ ਨੂੰ ਗੁਰੂ ਸਾਹਿਬਾਨ ਵਲੋਂ ਕਕਾਰ ਵਜੋਂ ਦਿੱਤੀ ਗਈ ਹੈ, ਜੋ ਸਿੱਖੀ ਜੀਵਨ ਦਾ ਅਨਿੱਖੜਵਾਂ ਅੰਗ ਹੈ। ਲਿਹਾਜ਼ਾ ਭਾਰਤ ਦੇ ਹਵਾਈ ਅੱਡਿਆਂ 'ਤੇ ਨੌਕਰੀ ਕਰਨ ਵਾਲੇ



ਅੰਮ੍ਰਿਤਧਾਰੀ ਕਰਮਚਾਰੀਆਂ ਨੂੰ ਕਿਰਪਾਨ ਧਾਰਨ ਕਰਨ ਤੋਂ ਰੋਕਣਾ ਜਿੱਥੇ ਅਸਿੱਧੇ ਤੌਰ 'ਤੇ ਸਿੱਖਾਂ ਨੂੰ ਦੇਸ਼ ਦੀਆਂ ਵੱਖ-ਵੱਖ ਸੇਵਾਵਾਂ ਤੋਂ ਵਾਂਝੇ ਕਰਨ ਦੇ ਤੁਲ ਹੈ, ਉੱਥੇ ਸਿੱਖਾਂ ਦੀ ਧਾਰਮਿਕ ਆਜ਼ਾਦੀ 'ਤੇ ਸਿੱਧਾ ਤੇ ਅਸਹਿਣਯੋਗ ਹਮਲਾ ਹੈ।

ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਨਿਰਦੇਸ਼ ਦਿੱਤਾ ਕਿ ਫੌਰੀ ਭਾਰਤ ਦੇ ਗ੍ਰਹਿ ਮੰਤਰਾਲੇ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਨੂੰ ਪੱਤਰ ਲਿਖ ਕੇ ਇਸ ਪਾਬੰਦੀ ਵਿਰੁੱਧ ਸਿੱਖ ਕੌਮ ਦੀਆਂ ਭਾਵਨਾਵਾਂ ਤੋਂ ਜਾਣੂ ਕਰਵਾਇਆ ਜਾਵੇ ਅਤੇ ਜਲਦ ਹੀ ਭਾਰਤ ਸਰਕਾਰ ਦੇ ਨਾਲ ਇਸ ਸਬੰਧੀ ਗੱਲਬਾਤ ਕਰਕੇ ਹਵਾਈ ਅੱਡਿਆਂ 'ਤੇ ਨੌਕਰੀ ਕਰਦੇ ਅੰਮ੍ਰਿਤਧਾਰੀ ਕਰਮਚਾਰੀਆਂ ਨੂੰ ਕਿਰਪਾਨ ਧਾਰਨ ਕਰਨ ਦਾ ਅਧਿਕਾਰ ਦਿਵਾਉਣ ਸਬੰਧੀ ਇੱਕ ਉੱਚ ਪੱਧਰੀ ਵਫਦ ਬਣਾ ਕੇ ਭੇਜਿਆ ਜਾਵੇ।

**ਸ਼ਹਿਰੀ ਹਵਾਬਾਜ਼ੀ ਸੁਰੱਖਿਆ ਬਿਊਰੋ ਨੇ ਜਾਰੀ ਕੀਤਾ ਸੀ ਸਰਕੂਲਰ**

ਭਾਰਤ ਦੇ ਸ਼ਹਿਰੀ ਹਵਾਬਾਜ਼ੀ ਸੁਰੱਖਿਆ ਬਿਊਰੋ ਨੇ ਪਿਛਲੇ ਦਿਨੀਂ ਦੇਸ਼ ਦੇ ਹਵਾਈ ਅੱਡਿਆਂ 'ਤੇ ਸੁਰੱਖਿਆ ਸਬੰਧੀ ਸਰਕੂਲਰ ਜਾਰੀ ਕੀਤਾ ਹੈ। ਇਸ ਵਿੱਚ ਭਾਰਤ ਦੇ ਹਵਾਈ ਅੱਡਿਆਂ 'ਤੇ ਕੰਮ ਕਰਦੇ ਸਿੱਖ ਕਰਮਚਾਰੀਆਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਉਹ ਕਿਰਪਾਨ ਧਾਰਨ ਕਰਕੇ ਡਿਊਟੀ ਨਹੀਂ ਕਰ ਸਕਦੇ ਜਦੋਂਕਿ ਸਿੱਖ ਯਾਤਰੂਆਂ 'ਤੇ ਅਜਿਹੀ ਕੋਈ ਰੋਕ ਨਹੀਂ ਹੈ। ਇਹ ਮਾਮਲਾ ਸਾਹਮਣੇ ਆਉਣ ਮਗਰੋਂ ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਦੇ ਸਬੰਧਿਤ ਵਿਭਾਗ ਨੂੰ ਪੱਤਰ ਭੇਜਿਆ ਸੀ, ਪਰ ਹੁਣ ਤਕ ਕੇਂਦਰ ਸਰਕਾਰ ਵਲੋਂ ਕੋਈ ਜਵਾਬ ਨਹੀਂ ਆਇਆ ਹੈ।

## ਹਵਾਈ ਅੱਡਿਆਂ 'ਤੇ ਸਿੱਖ ਕਰਮਚਾਰੀਆਂ ਨੂੰ ਕਿਰਪਾਨ ਪਹਿਨ ਕੇ ਡਿਊਟੀ ਕਰਨ ਤੋਂ ਰੋਕਣਾ ਨਿੰਦਣਯੋਗ: ਧਾਲੀਵਾਲ

ਚੰਡੀਗੜ੍ਹ/ਏ.ਟੀ. ਨਿਊਜ਼: ਸਿਵਲ ਏਵੀਏਸ਼ਨ ਸੁਰੱਖਿਆ ਬਿਊਰੋ ਵਲੋਂ ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ ਨੂੰ ਕਿਰਪਾਨ ਪਹਿਨ ਕੇ ਹਵਾਈ ਅੱਡਿਆਂ ਉੱਤੇ ਡਿਊਟੀ ਕਰਨ ਤੋਂ ਰੋਕਣ ਸੰਬੰਧੀ ਜਾਰੀ ਹੁਕਮਾਂ ਦੀ ਨਿੰਦਿਆ ਕਰਦਿਆਂ ਪੰਜਾਬ ਦੇ ਐੱਨ.ਆਰ.ਆਈ. ਮਾਮਲਿਆਂ ਅਤੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਕਿਰਪਾਨ ਸਾਡਾ ਧਾਰਮਿਕ ਚਿੰਨ੍ਹ ਹੈ ਅਤੇ ਜਿਸ



ਵੀ ਵਿਅਕਤੀ ਨੇ ਅੰਮ੍ਰਿਤ ਛੱਕਿਆ ਹੈ, ਉਨ੍ਹਾਂ ਲਈ ਕਿਰਪਾਨ ਪਹਿਨਣਾ ਲਾਜ਼ਮੀ ਹੈ। ਇਸ ਲਈ ਕਿਰਪਾਨ ਪਹਿਨ ਕੇ ਡਿਊਟੀ ਨਾ ਕਰਨ ਸੰਬੰਧੀ ਜਾਰੀ ਫਰਮਾਨ ਨੂੰ ਕੇਂਦਰ ਸਰਕਾਰ ਦੁਆਰਾ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ।

# ਹਵਾਈ ਅੱਡਿਆਂ 'ਤੇ ਸਿੱਖ ਮੁਲਾਜ਼ਮਾਂ ਨੂੰ ਕਿਰਪਾਨ ਪਹਿਨਣ ਤੋਂ ਰੋਕਣ ਦਾ ਐਡਵੋਕੇਟ ਧਾਮੀ ਨੇ ਲਿਆ ਨੋਟਿਸ

## ਹਵਾਬਾਜ਼ੀ ਮੰਤਰੀ ਰਾਮਮੋਹਨ ਨਾਇਡੂ ਨੂੰ ਨੋਟੀਫ਼ਿਕੇਸ਼ਨ ਵਾਪਸ ਲੈਣ ਲਈ ਲਿਖਿਆ ਪੱਤਰ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਵਾਈ ਅੱਡਿਆਂ 'ਤੇ ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ ਨੂੰ ਕਕਾਰ (ਕਿਰਪਾਨ) ਪਹਿਨ ਕੇ ਡਿਊਟੀ ਕਰਨ ਤੋਂ ਰੋਕਣ ਦਾ ਸਖ਼ਤ ਨੋਟਿਸ ਲਿਆ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਿਵਲ ਏਵੀਏਸ਼ਨ ਸੁਰੱਖਿਆ ਬਿਊਰੋ ਵੱਲੋਂ ਹਾਲ ਹੀ ਵਿੱਚ ਜਾਰੀ ਕੀਤੇ ਆਦੇਸ਼ ਅਨੁਸਾਰ ਹਵਾਈ



ਅੱਡੇ 'ਤੇ ਡਿਊਟੀ ਕਰਨ ਵਾਲੇ ਸਿੱਖ ਕਰਮਚਾਰੀਆਂ ਦੇ ਡਿਊਟੀ ਦੌਰਾਨ ਕਿਰਪਾਨ ਪਹਿਨਣ 'ਤੇ ਰੋਕ ਲਗਾਉਣੀ ਸਿੱਖਾਂ ਨਾਲ ਧੱਕਾ ਹੈ।

ਇਸ ਮਾਮਲੇ ਨੂੰ ਲੈ ਕੇ ਐਡਵੋਕੇਟ ਧਾਮੀ ਨੇ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮਮੋਹਨ ਨਾਇਡੂ ਨੂੰ ਪੱਤਰ ਲਿਖ ਕੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਇਸ ਫ਼ੈਸਲੇ ਨੂੰ ਤੁਰੰਤ ਵਾਪਸ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਆਪਣੇ ਹੀ ਦੇਸ਼ ਅੰਦਰ ਇਹ ਵਿਤਕਰਾ ਦੇਸ਼ ਦੇ ਨਾਗਰਿਕ ਸਿੱਖਾਂ ਦੀ ਧਾਰਮਿਕ ਅਜ਼ਾਦੀ 'ਤੇ ਵੱਡਾ ਹਮਲਾ ਹੈ।

ਭਾਰਤ ਸਰਕਾਰ ਨੂੰ ਇਹ ਕਦੇ ਵੀ ਨਹੀਂ ਭੁੱਲਣਾ ਚਾਹੀਦਾ ਕਿ ਇਸ ਦੇਸ਼ ਦੀ ਅਜ਼ਾਦੀ ਲਈ ਸਿੱਖਾਂ ਦੀਆਂ ਵੱਡੀਆਂ ਕੁਰਬਾਨੀਆਂ ਹਨ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਦੇਸ਼ ਲਈ ਆਪਾ ਵਾਰਨ ਵਾਲੇ ਸਿੱਖਾਂ ਨਾਲ ਆਪਣੇ ਹੀ ਦੇਸ਼ ਵਿੱਚ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਅਜਿਹੀਆਂ ਗੱਲਾਂ ਤੋਂ ਗੁਰੇਜ ਕਰਨਾ ਚਾਹੀਦਾ ਹੈ, ਜਿਸ ਨਾਲ ਸਿੱਖਾਂ ਦੀ ਧਾਰਮਿਕ ਭਾਵਨਾਵਾਂ ਨੂੰ ਸੱਟ ਵੱਜਦੀ ਹੋਵੇ।

## ਨਿਹੰਗ ਅਵਤਾਰ ਸਿੰਘ ਮੌਨੀ ਨੇ 200 ਪੌਂਡ ਵਜ਼ਨ ਦੀ ਸਜਾਈ ਸਭ ਤੋਂ ਵੱਡੀ ਦਸਤਾਰ, ਬਣਾਇਆ ਗਿਨੀਜ਼ ਵਰਲਡ ਰਿਕਾਰਡ



ਚੰਡੀਗੜ੍ਹ/ਏ.ਟੀ.ਨਿਊਜ਼: ਸਿੱਖ ਆਮ ਤੌਰ 'ਤੇ 5 ਤੋਂ 8 ਮੀਟਰ ਲੰਬੀ ਪੱਗ ਬੰਨ੍ਹਦੇ ਹਨ ਪਰ ਨਿਹੰਗ ਅਵਤਾਰ ਸਿੰਘ ਨੇ 200 ਪੌਂਡ ਵਜ਼ਨ ਦਾ ਸਭ ਤੋਂ ਵੱਡਾ ਦੁਮਾਲਾ ਸਜਾ ਕੇ ਗਿਨੀਜ਼ ਵਰਲਡ ਰਿਕਾਰਡ ਬਣਾਇਆ। ਇਸ ਦੁਮਾਲੇ ਨੂੰ ਸਜਾਉਣ ਵਿੱਚ ਨਿਹੰਗ ਸਿੰਘ ਨੂੰ 7 ਘੰਟੇ ਤੋਂ ਵੱਧ ਦਾ ਸਮਾਂ ਲੱਗਦਾ ਹੈ ਅਤੇ ਇਸ ਨੂੰ ਉਤਾਰਨ ਵਿੱਚ ਵੀ 3 ਘੰਟੇ ਲੱਗ ਜਾਂਦੇ ਹਨ। ਅਵਤਾਰ ਸਿੰਘ ਨੇ ਇੱਕ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਪਿਛਲੇ ਕਈ ਸਾਲਾਂ ਤੋਂ ਦੇਸ਼ ਦੇ ਨੌਜਵਾਨਾਂ ਨੂੰ ਦਸਤਾਰਾਂ ਸਜਾਉਣ ਲਈ ਜਾਗਰੂਕ ਕਰ ਰਹੇ ਹਨ ਕਿਉਂਕਿ ਅੱਜ ਦੇ ਨੌਜਵਾਨ ਸਿਰਫ਼ 5 ਮੀਟਰ ਦੀ ਦਸਤਾਰ ਬੰਨ੍ਹ ਕੇ ਕਹਿੰਦੇ ਹਨ ਕਿ ਉਨ੍ਹਾਂ ਨੂੰ ਸਿਰ ਵਿੱਚ ਦਰਦ ਹੋ ਰਿਹਾ ਹੈ ਅਤੇ ਕੇਸ ਕਟਵਾ ਲੈਂਦੇ ਹਨ।

ਉਹ ਧਰਮ ਪ੍ਰਚਾਰ ਲਈ ਰੋਜ਼ਾਨਾ 45 ਕਿਲੋ ਵਜ਼ਨ ਦਾ ਦੁਮਾਲਾ ਸਜਾਉਂਦੇ ਹਨ ਅਤੇ ਬੁਲੇਟ ਚਲਾਉਂਦੇ ਹਨ। ਉਨ੍ਹਾਂ ਨੇ ਦੋਹਾਂ ਹੱਥਾਂ ਵਿੱਚ 5-5 ਕੜੇ ਪਾਏ ਹਨ। ਇਨ੍ਹਾਂ ਕੜਿਆਂ ਦਾ ਭਾਰ ਵੀ ਕਰੀਬ 20 ਕਿਲੋ ਹੈ।

## ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਮੰਨਣ ਵਾਲੀਆਂ ਸੰਪਰਦਾਵਾਂ ਨੂੰ ਸੱਦਾ ਦੇਣ ਜਥੇਦਾਰ : ਬੀਬੀ ਜਗੀਰ ਕੌਰ

ਅੰਮ੍ਰਿਤਸਰ/ਏ.ਟੀ.ਨਿਊਜ਼ : ਤਖ਼ਤਾਂ ਦੇ ਜਥੇਦਾਰਾਂ ਵੱਲੋਂ ਬੀਤੇ ਕੱਲ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦੇਣ ਸਮੇਤ ਹੋਰ ਪੰਥਕ ਮੁੱਦਿਆਂ 'ਤੇ ਸਿੱਖ ਬੁੱਧੀਜੀਵੀਆਂ ਦੀ ਸੱਦੀ ਮੀਟਿੰਗ ਦਾ ਵੱਖ- ਵੱਖ ਕਿਸਮ ਦਾ ਪ੍ਰਤੀਕਰਮ ਸਾਹਮਣੇ ਆ ਰਿਹਾ ਹੈ। ਜਥੇਦਾਰਾਂ ਵਲੋਂ ਅਗਲੀ ਮੀਟਿੰਗ ਵਿੱਚ ਵੱਖ- ਵੱਖ ਸੰਪਰਦਾਵਾਂ, ਸਿੱਖ ਸੰਸਥਾਵਾਂ ਅਤੇ ਪੰਥਕ ਜਥੇਬੰਦੀਆਂ ਨੂੰ ਸੱਦਾ ਦੇਣ ਦੇ ਕੀਤੇ ਐਲਾਨ ਦੇ ਪ੍ਰਤੀਕਰਮ ਵਜੋਂ ਸ਼੍ਰੋਮਣੀ ਕਮੇਟੀ ਦੇ ਸਾਬਕਾ



ਪ੍ਰਧਾਨ ਬੀਬੀ ਜਗੀਰ ਕੌਰ ਨੇ ਆਖਿਆ ਹੈ ਕਿ ਅਕਾਲ ਤਖ਼ਤ ਸਾਹਿਬ ਦੇ ਸਿਧਾਂਤ, ਵਿਚਾਰਧਾਰਾ, ਮਰਿਆਦਾ ਅਤੇ ਪ੍ਰੰਪਰਾਵਾਂ ਨੂੰ ਮੰਨਣ ਵਾਲੀਆਂ ਸੰਪਰਦਾਵਾਂ ਦੇ ਨੁਮਾਇੰਦਿਆਂ ਨੂੰ ਹੀ ਇਸ ਮੀਟਿੰਗ ਲਈ ਸੱਦਾ ਦਿਤਾ ਜਾਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਸਿੱਖ ਰਹਿਤ ਮਰਿਆਦਾ ਅਤੇ ਪੰਥਕ ਵਿਚਾਰਧਾਰਾ ਤੋਂ ਮੁਨਕਰ ਸੰਪਰਦਾਵਾਂ ਜਾਂ ਸੰਸਥਾਵਾਂ ਨੂੰ ਅਜਿਹੀਆਂ ਪੰਥਕ ਮੁੱਦਿਆਂ ਵਾਲੀਆਂ ਮੀਟਿੰਗਾਂ ਲਈ ਸੱਦਾ ਨਹੀਂ ਦੇਣਾ ਚਾਹੀਦਾ।

## ਪ੍ਰਕਾਸ਼ ਪੁਰਬ ਮੌਕੇ ਪਾਕਿ ਜਾਣ ਲਈ 3 ਹਜ਼ਾਰ ਸ਼ਰਧਾਲੂਆਂ ਨੂੰ ਵੀਜ਼ੇ ਮਿਲੇ

ਅੰਮ੍ਰਿਤਸਰ/ਏ.ਟੀ.ਨਿਊਜ਼:ਪਾਕਿਸਤਾਨੀ ਹਾਈ ਕਮਿਸ਼ਨ ਨੇ ਖੁਲਾਸਾ ਕੀਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰੂ ਧਾਮਾਂ ਦੀ ਯਾਤਰਾ ਲਈ ਲਗਪਗ 3000 ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਦਿੱਤੇ ਗਏ ਹਨ। ਇਹ ਖੁਲਾਸਾ ਦਿੱਲੀ ਸਥਿਤ ਪਾਕਿਸਤਾਨੀ ਹਾਈ ਕਮਿਸ਼ਨ ਦਫਤਰ ਵੱਲੋਂ ਸੋਸ਼ਲ ਮੀਡੀਆ ਮੰਚ ਰਾਹੀਂ ਕੀਤਾ ਗਿਆ ਹੈ। ਐਕਸ 'ਤੇ ਇਸ ਸਬੰਧੀ ਆਪਣੇ ਦਫਤਰੀ ਸਾਈਟ ਤੋਂ ਇਹ ਜਾਣਕਾਰੀ ਦਿੰਦਿਆਂ ਪਾਕਿਸਤਾਨ ਹਾਈ ਕਮਿਸ਼ਨ ਨੇ ਦੱਸਿਆ ਕਿ ਇਸ ਵਾਰ ਭਾਰਤ ਵਿੱਚੋਂ 3 ਹਜ਼ਾਰ ਸ਼ਰਧਾਲੂਆਂ ਨੂੰ ਵੀਜ਼ੇ ਦਿੱਤੇ ਗਏ ਹਨ।




ਇਹ ਯਾਤਰੂ 14 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਵਾਸਤੇ ਪਾਕਿਸਤਾਨ ਰਵਾਨਾ ਹੋਣਗੇ ਅਤੇ 23 ਨਵੰਬਰ ਨੂੰ ਵਾਪਸ ਭਾਰਤ ਆਉਣਗੇ। ਦੱਸਣਯੋਗ ਹੈ ਕਿ ਬੀਤੇ ਕੱਲ੍ਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਾਅਵਾ ਕੀਤਾ ਸੀ ਕਿ ਉਸ ਦੇ 1481 ਸ਼ਰਧਾਲੂਆਂ ਨੂੰ ਵੀਜ਼ੇ ਨਹੀਂ ਦਿੱਤੇ ਗਏ ਹਨ। ਸ਼੍ਰੋਮਣੀ ਕਮੇਟੀ ਨੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੁਲ 2244 ਸ਼ਰਧਾਲੂਆਂ ਦੇ ਪਾਸਪੋਰਟ ਦਿੱਲੀ ਸਥਿਤ ਪਾਕਿਸਤਾਨੀ ਦੂਤਾਵਾਸ ਨੂੰ ਵੀਜ਼ੇ ਲੱਗਣ ਵਾਸਤੇ ਭੇਜੇ ਸਨ ਜਿਨ੍ਹਾਂ ਵਿੱਚੋਂ 1481 ਸ਼ਰਧਾਲੂਆਂ ਨੂੰ ਵੀਜ਼ੇ ਦੇਣ ਤੋਂ ਨਾਂਹ ਕਰ ਦਿੱਤੀ ਗਈ ਹੈ ਅਤੇ ਸਿਰਫ 763 ਸ਼ਰਧਾਲੂਆਂ ਨੂੰ ਹੀ ਵੀਜ਼ੇ ਦਿੱਤੇ ਗਏ ਹਨ।

(ਬਾਕੀ ਸਫ਼ਾ 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਮਹਿੰਗਾਈ 'ਚ ਵਾਧੇ ਨੂੰ ਰੋਕਣ ਲਈ ਉਪਰਾਲੇ ਕਰੇ ਸਰਕਾਰ

ਅੱਜ ਦੇ ਸਮੇਂ ਵਿੱਚ ਵਿਗਿਆਨ ਦੀ ਮਦਦ ਨਾਲ ਮਨੁੱਖ ਨੇ ਸ਼ਲਾਘਾਯੋਗ ਤਰੱਕੀ ਕੀਤੀ ਹੈ। ਸਾਡੀ ਸਹੂਲਤ ਲਈ ਬਹੁਤ ਸਾਰੀਆਂ ਕਾਢਾਂ ਕੀਤੀਆਂ ਗਈਆਂ ਹਨ, ਜੋ ਸਾਡੀ ਜ਼ਿੰਦਗੀ ਨੂੰ ਬਹੁਤ ਆਸਾਨ ਬਣਾਉਂਦੀਆਂ ਹਨ।ਤੁਹਾਡੀ ਰੋਜ਼ੀ-ਰੋਟੀ ਚਲਾਉਣ ਲਈ ਸਾਰੀਆਂ ਲੋੜੀਂਦੀਆਂ ਸਹੂਲਤਾਂ ਉਪਲਬਧ ਹਨ। ਪਰ ਅੱਜ-ਕੱਲ੍ਹ ਵਧਦੀ ਆਬਾਦੀ ਕਾਰਨ ਇਹ ਸਹੂਲਤਾਂ ਸਾਰੇ ਲੋਕਾਂ ਨੂੰ ਨਹੀਂ ਮਿਲ ਰਹੀਆਂ।ਇਸ ਸਮੇਂ ਭਾਰਤ ਸਮੇਤ ਵੱਡੀ ਗਿਣਤੀ ਦੇਸ਼ਾਂ ਦੇ ਲੋਕ ਦਿਨੋਂ ਦਿਨ ਵੱਧ ਰਹੀ ਮਹਿੰਗਾਈ ਤੋਂ ਬਹੁਤ ਪ੍ਰੇਸ਼ਾਨ ਹਨ। ਸਮੇਂ ਦੇ ਨਾਲ ਕਿਸੇ ਵੀ ਦੇਸ਼ ਦੀ ਆਰਥਿਕਤਾ ਵਿੱਚ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਿੱਚ ਆਮ ਵਾਧੇ ਨੂੰ ਮਹਿੰਗਾਈ ਕਿਹਾ ਜਾਂਦਾ ਹੈ।ਦੂਜੇ ਸ਼ਬਦਾਂ ਵਿੱਚ, ਜਦੋਂ ਮੰਗ ਅਤੇ ਸਪਲਾਈ ਵਿੱਚ ਅਸੰਤੁਲਨ ਕਾਰਨ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਧਦੀਆਂ ਹਨ, ਤਾਂ ਇਸ ਨੂੰ ਮਹਿੰਗਾਈ ਕਿਹਾ ਜਾਂਦਾ ਹੈ।ਮਹਿੰਗਾਈ ਕਾਰਨ ਕਿਸੇ ਵੀ ਦੇਸ਼ ਦੀ ਕਰੰਸੀ ਦੀ ਖਰੀਦ ਸ਼ਕਤੀ ਵਿੱਚ ਭਾਰੀ ਗਿਰਾਵਟ ਆਉਂਦੀ ਹੈ।ਮਹਿੰਗਾਈ ਸਿਰਫ਼ ਇੱਕ ਦੇਸ਼ ਦੀ ਸਮੱਸਿਆ ਨਹੀਂ ਹੈ, ਸਗੋਂ ਇਹ ਇੱਕ ਵਿਸ਼ਵ-ਵਿਆਪੀ ਸਮੱਸਿਆ ਬਣਦੀ ਜਾ ਰਹੀ ਹੈ। ਦੁਨੀਆਂ ਵਿੱਚ ਨਿੱਤ ਨਵੀਆਂ ਕਾਢਾਂ ਕੱਢੀਆਂ ਜਾਂਦੀਆਂ ਹਨ, ਪਰ ਕੋਈ ਅਜਿਹੀ ਕਾਢ ਨਹੀਂ ਕੱਢੀ ਗਈ ਜੋ ਮਹਿੰਗਾਈ ਕਾਰਨ ਪੈਦਾ ਹੋਈ ਗਰੀਬੀ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਸਕੇ।ਬਾਜ਼ਾਰਾਂ ਵਿੱਚ ਚੀਜ਼ਾਂ ਦਿਨੋਂ ਦਿਨ ਮਹਿੰਗੀਆਂ ਹੁੰਦੀਆਂ ਜਾ ਰਹੀਆਂ ਹਨ। ਗਰੀਬ ਵਿਅਕਤੀ ਲਈ ਆਮ ਵਸਤੂਆਂ ਦੀ ਖਰੀਦਦਾਰੀ ਵੀ ਬਹੁਤ ਮਹਿੰਗੀ ਹੋ ਗਈ ਹੈ।ਆਮ ਲੋਕਾਂ ਦੀ ਆਮਦਨੀ ਦਿਨੋਂ ਦਿਨ ਘਟਦੀ ਜਾ ਰਹੀ ਹੈ, ਜਾਂ ਪਹਿਲਾਂ ਜਿੰਨੀ ਹੀ ਹੈ, ਪਰ ਮਹਿੰਗਾਈ ਵਿੱਚ ਵਾਧੇ ਕਾਰਨ ਖਰਚੇ ਦਿਨੋਂ ਦਿਨ ਵੱਧ ਰਹੇ ਹਨ। ਜਿਸ ਕਰਕੇ ਆਮ ਲੋਕਾਂ ਨੂੰ ਆਪਣੀ ਜ਼ਿੰਦਗੀ ਦੀਆਂ ਲੋੜੀਂਦੀਆਂ ਚੀਜ਼ਾਂ ਖਰੀਦਣ ਵਿੱਚ ਵੀ ਸਮੱਸਿਆ ਆ ਰਹੀ ਹੈ। ਪੈਸੇ ਦੀ ਕਮੀ ਅਤੇ ਮਹਿੰਗਾਈ ਕਾਰਨ ਅਨੇਕਾਂ ਚੀਜ਼ਾਂ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀਆਂ ਹਨ।

ਅੱਜ ਦੇ ਵਿਗਿਆਨਕ ਯੁੱਗ ਵਿੱਚ ਵੀ ਭਾਰਤ ਸਮੇਤ ਕਈ ਦੇਸ਼ ਅਜਿਹੇ ਹਨ, ਜਿਨ੍ਹਾਂ ਵਿੱਚ ਭਾਰੀ ਮਹਿੰਗਾਈ ਦੇਖਣ ਨੂੰ ਮਿਲਦੀ ਹੈ।ਸਰਕਾਰੀ ਅੰਕੜਿਆਂ ਅਨੁਸਾਰ ਖਾਣ-ਪੀਣ ਦੀਆਂ ਵਸਤਾਂ ਦੀ ਮਹਿੰਗਾਈ ਦਰ ਹਰ ਸਾਲ ਵਧ ਰਹੀ ਹੈ।ਮਹਿੰਗਾਈ ਕਾਰਨ ਦੇਸ਼ ਦੀ ਆਰਥਿਕਤਾ ਡੁੱਬ ਜਾਂਦੀ ਹੈ ਅਤੇ ਦੇਸ਼ ਦਾ ਵਿਕਾਸ ਰੁਕ ਜਾਂਦਾ ਹੈ।ਕਈ ਵਾਰ ਕੁਦਰਤੀ ਆਫ਼ਤਾਂ ਕਾਰਨ ਵੀ ਮਹਿੰਗਾਈ ਵਧਦੀ ਹੈ।ਮਹਿੰਗਾਈ ਕਾਰਨ ਵੱਡੀ ਗਿਣਤੀ 'ਚ ਆਮ ਲੋਕ ਰੋਜ਼ੀ-ਰੋਟੀ ਕਮਾਉਣ ਤੋਂ ਅਸਮਰੱਥ ਹਨ।

ਭਾਰਤ ਵਿੱਚ ਬੀਤਿਆ ਮਹੀਨਾ ਤਿਉਹਾਰਾਂ ਦਾ ਰਿਹਾ ਹੋਣ ਕਰਕੇ ਮਹਿੰਗਾਈ ਵਿੱਚ ਬਹੁਤ ਵਾਧਾ ਹੋਇਆ। ਹੁਣ ਭਾਰਤ ਵਿੱਚ ਵਿਆਹਾਂ ਦਾ ਸੀਜ਼ਨ ਸ਼ੁਰੂ ਹੋ ਗਿਆ ਹੈ, ਜਿਸ ਕਰਕੇ ਮਹਿੰਗਾਈ ਵਿੱਚ ਹੋਰ ਵਾਧਾ ਹੋ ਰਿਹਾ ਹੈ। ਵਿਆਹਾਂ 'ਤੇ ਵੀ ਪਿਛਲੇ ਸਾਲਾਂ ਨਾਲੋਂ ਇਸ ਸਾਲ ਵਧੇਰੇ ਖਰਚਾ ਆ ਰਿਹਾ ਹੈ। ਤਿਉਹਾਰਾਂ ਅਤੇ ਵਿਆਹਾਂ ਮੌਕੇ ਆਮ ਲੋਕ ਖੁੱਲ੍ਹ ਕੇ ਖਰਚਾ ਕਰਦੇ ਹਨ ਭਾਵੇਂ ਕਿ ਇਸ ਲਈ ਉਹਨਾਂ ਨੂੰ ਕਰਜ਼ਾ ਹੀ ਕਿਉਂ ਨਾ ਲੈਣਾ ਪਵੇ। ਭਾਰਤ ਦੀ ਕੇਂਦਰ ਸਰਕਾਰ ਮਹਿੰਗਾਈ ਵਿੱਚ ਹੋ ਰਹੇ ਵਾਧੇ ਨੂੰ ਰੋਕਣ ਵਿੱਚ ਅਸਫਲ ਹੋ ਗਈ ਹੈ, ਜਿਸ ਕਰਕੇ ਮਹਿੰਗਾਈ ਵਿੱਚ ਦਿਨੋਂ ਦਿਨ ਵਾਧਾ ਹੋ ਰਿਹਾ ਹੈ। ਮੋਦੀ ਸਰਕਾਰ ਦੇ ਸਮਰਥਕ ਕੁਝ ਲੋਕ ਦਾਅਵਾ ਕਰਦੇ ਹਨ ਕਿ ਮਹਿੰਗਾਈ ਤਾਂ ਅਮਰੀਕਾ ਤੇ ਕੈਨੇਡਾ ਵਰਗੇ ਦੇਸ਼ਾਂ ਵਿੱਚ ਵੀ ਵਧੀ ਹੈ ਪਰ ਭਾਰਤ ਦੀਆਂ ਵਿਰੋਧੀ ਪਾਰਟੀਆਂ ਸਿਰਫ਼ ਭਾਰਤ ਵਿੱਚ ਮਹਿੰਗਾਈ ਦੇ ਵਾਧੇ ਦਾ ਰੌਲਾ ਪਾ ਰਹੀਆਂ ਹਨ। ਅਜਿਹੇ ਸਮਰਥਕਾਂ ਨੂੰ ਜਵਾਬ ਦਿੱਤਾ ਜਾ ਸਕਦਾ ਹੈ ਕਿ ਅਮਰੀਕਾ ਅਤੇ ਕੈਨੇਡਾ ਵਿੱਚ ਜੇ ਮਹਿੰਗਾਈ ਵਧੀ ਹੈ ਤਾਂ ਉਥੇ ਕਮਾਈ ਵੀ ਤਾਂ ਡਾਲਰਾਂ ਵਿੱਚ ਹੁੰਦੀ ਹੈ। ਇਸ ਸਮੇਂ ਅਮਰੀਕਾ ਦੇ ਇੱਕ ਡਾਲਰ ਦੀ ਕੀਮਤ ਭਾਰਤ ਦੇ ਕਰੀਬ 84 ਰੁਪਇਆਂ ਦੇ ਬਰਾਬਰ ਹੈ।

ਇਸ ਸਮੇਂ ਆਮ ਆਦਮੀ, ਹਰ ਪਰਿਵਾਰ, ਹਰ ਘਰੇਲੂ ਔਰਤ ਅਤੇ ਘਰ ਤੋਂ ਬਾਹਰ ਕੰਮ ਕਰਨ ਵਾਲਾ ਹਰ ਵਿਅਕਤੀ ਮਹਿੰਗਾਈ ਦੀ ਮਾਰ ਝੱਲ ਰਿਹਾ ਹੈ।

ਜੇ ਤੁਸੀਂ ਘਰੋਂ ਬਾਹਰ ਜਾਓਗੇ ਤਾਂ ਟਰਾਂਸਪੋਰਟ 'ਤੇ ਕੁਝ ਪੈਸੇ ਖਰਚ ਹੋ ਜਾਣਗੇ, ਜੇ ਤੁਸੀਂ ਬਾਹਰ ਖਾਣਾ ਖਾਓਗੇ ਤਾਂ ਬਿੱਲ ਵੀ ਮਹਿੰਗਾ ਹੋ ਜਾਵੇਗਾ। ਕੁੱਲ ਮਿਲਾ ਕੇ ਮਹਿੰਗਾਈ ਦਾ ਆਮ ਲੋਕਾਂ ਦੇ ਘਰੇਲੂ ਬਜਟ 'ਤੇ ਸਿੱਧਾ ਅਸਰ ਪੈਂਦਾ ਹੈ। ਆਮਦਨ 'ਚ ਜੋ ਵਾਧਾ ਮਹਿੰਗਾਈ ਦੇ ਹਿਸਾਬ ਨਾਲ ਹੋਣਾ ਚਾਹੀਦਾ ਸੀ, ਉਹ ਨਹੀਂ ਹੋ ਰਿਹਾ।

ਵਰਤਮਾਨ ਸਮੇਂ ਵਿੱਚ ਚੀਜ਼ਾਂ ਦੀਆਂ ਕੀਮਤਾਂ ਵਿੱਚ ਬਹੁਤ ਅੰਤਰ ਹੈ। ਤਰੱਕੀ ਦੇ ਨਾਲ-ਨਾਲ ਚੀਜ਼ਾਂ ਦੀਆਂ ਕੀਮਤਾਂ ਵੀ ਦਿਨੋ-ਦਿਨ ਵਧ ਰਹੀਆਂ ਹਨ।ਮਹਿੰਗਾਈ ਤੋਂ ਸਭ ਤੋਂ ਵੱਧ ਪ੍ਰਭਾਵਿਤ ਮੱਧ ਵਰਗ ਅਤੇ ਗਰੀਬ ਲੋਕ ਹਨ। ਕਈ ਵਾਰ ਦੇਖਿਆ ਜਾਂਦਾ ਹੈ ਕਿ ਮਹਿੰਗਾਈ ਕਾਰਨ ਅਮੀਰ ਲੋਕ ਹੋਰ ਵੀ ਅਮੀਰ ਹੋ ਜਾਂਦੇ ਹਨ ਅਤੇ ਗਰੀਬ ਅਤਿਅੰਤ ਗਰੀਬ ਹੋ ਜਾਂਦਾ ਹੈ।ਮਹਿੰਗਾਈ ਅਸਲ ਵਿੱਚ ਇੱਕ ਤਬਾਹੀ ਹੈ ਜੋ ਕਿਸੇ ਵੀ ਦੇਸ਼ ਦੇ ਵਿਕਾਸ ਨੂੰ ਰੋਕਦੀ ਹੈ।

ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਇਸ ਸਮੇਂ ਪੂਰੀ ਦੁਨੀਆਂ 'ਚ ਮਹਿੰਗਾਈ ਦੀ ਲਹਿਰ ਹੈ।ਰੂਸ-ਯੂਕ੍ਰੇਨ ਯੁੱਧ ਤੇ ਇਜ਼ਰਾਇਲ -ਹਮਾਸ ਲੜਾਈ ਨੇ ਵੀ ਮਹਿੰਗਾਈ ਵਿੱਚ ਵਾਧਾ ਕਰਨ ਵਿੱਚ ਆਪਣਾ ਕੁਝ ਯੋਗਦਾਨ ਪਾਇਆ ਹੈ। ਰੂਸ-ਯੂਕ੍ਰੇਨ ਜੰਗ ਦਾ ਹੱਲ ਨੇੜ ਭਵਿੱਖ ਵਿੱਚ ਨਜ਼ਰ ਨਹੀਂ ਆ ਰਿਹਾ ਹੈ। ਆਰਥਿਕ ਮਾਹਿਰ ਕਹਿੰਦੇ ਹਨ ਕਿ ਫਲਾਂ ਤੇ ਸਬਜ਼ੀਆਂ ਦੀ ਨਵੀਂ ਫਸਲ ਆਉਣ ਤੋਂ ਬਾਅਦ ਮਹਿੰਗਾਈ ਘੱਟ ਸਕਦੀ ਹੈ ਪਰ ਕਿਰਾਨੇ ਦੇ ਬਹੁਤ ਸਾਰੇ ਉਤਪਾਦ ਪੈਕਡ ਰੂਪ ਵਿੱਚ ਆਉਂਦੇ ਹਨ, ਇਸ ਲਈ ਉਨ੍ਹਾਂ ਦੀਆਂ ਕੀਮਤਾਂ ਘਟਾਉਣ ਦੀ ਬਹੁਤੀ ਗੁੰਜਾਇਸ਼ ਨਹੀਂ ਹੈ ਕਿਉਂਕਿ ਕੰਪਨੀਆਂ ਪਹਿਲਾਂ ਹੀ ਟੈਕਸਾਂ ਅਤੇ ਮਹਿੰਗੇ ਕੱਚੇ ਮਾਲ ਕਾਰਨ ਬਹੁਤ ਦਬਾਅ ਵਿੱਚ ਹਨ।

ਦਿਨੋਂ ਦਿਨ ਵੱਧ ਰਹੀ ਮਹਿੰਗਾਈ ਦੇ ਕਈ ਕਾਰਨ ਹਨ, ਜਿਸ ਕਾਰਨ ਇਹ ਰੁਕਣ ਦੇ ਕੋਈ ਸੰਕੇਤ ਨਹੀਂ ਦੇ ਰਹੀ ਹੈ। ਭਾਰਤ ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ। ਆਬਾਦੀ ਦਾ ਵਾਧਾ ਅਸਲ ਵਿੱਚ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ।ਵਧਦੀ ਆਬਾਦੀ ਕਾਰਨ ਦੇਸ਼ ਵਿੱਚ ਖਪਤਕਾਰਾਂ ਦੀ ਮਾਤਰਾ ਵਧ ਰਹੀ ਹੈ ਅਤੇ ਉਤਪਾਦਨ ਸੀਮਤ ਹੋ ਗਿਆ ਹੈ। ਜਿਸ ਕਾਰਨ ਗਰੀਬੀ ਅਤੇ ਮਹਿੰਗਾਈ ਵਰਗੀਆਂ ਸਮੱਸਿਆਵਾਂ ਪੈਦਾ ਹੋ ਗਈਆਂ ਹਨ।

ਬਹੁਤ ਜ਼ਿਆਦਾ ਮਹਿੰਗਾਈ ਆਰਥਿਕਤਾ ਲਈ ਬਹੁਤ ਨੁਕਸਾਨਦੇਹ ਹੈ। ਜੇਕਰ ਹਰੇਕ ਕੋਲ ਖਰੀਦਦਾਰੀ ਕਰਨ ਲਈ ਕਾਫ਼ੀ ਪੈਸਾ ਉਪਲਬਧ ਹੁੰਦਾ ਤਾਂ ਸਰੋਤ ਸੀਮਤ ਹੋਣਗੇ। ਮੰਗ ਦੀ ਪੂਰਤੀ ਨਾ ਹੋਣ ਕਾਰਨ ਮਹਿੰਗਾਈ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ।

ਅੱਜ ਦੇ ਸਮੇਂ ਵਿੱਚ ਮਹਿੰਗਾਈ ਨੇ ਭਿਆਨਕ ਰੂਪ ਧਾਰਨ ਕਰ ਲਿਆ ਹੈ। ਦੇਸ਼ ਦਾ ਹਰ ਨਾਗਰਿਕ ਮਹਿੰਗਾਈ ਕਾਰਨ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ।ਅਜਿਹੇ ਵਿੱਚ ਦੇਸ਼ ਦੀ ਸਰਕਾਰ ਨੂੰ ਮਹਿੰਗਾਈ ਨੂੰ ਰੋਕਣ ਲਈ ਜ਼ਰੂਰੀ ਉਪਰਾਲੇ ਕਰਨੇ ਚਾਹੀਦੇ ਹਨ।ਕੇਂਦਰ ਸਰਕਾਰ ਜਦੋਂ ਬਜਟ ਤਿਆਰ ਕਰਦੀ ਹੈ ਤਾਂ ਜ਼ਰੂਰੀ ਅਤੇ ਬੇਲੋੜੀਆਂ ਚੀਜ਼ਾਂ 'ਤੇ ਬਰਾਬਰ ਟੈਕਸ ਲਗਾ ਦਿੰਦੀ ਹੈ।ਸਰਕਾਰ ਨੂੰ ਆਪਣੀ ਬਜਟ ਤਿਆਰ ਕਰਨ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣਾ ਚਾਹੀਦਾ ਹੈ ਅਤੇ ਸਿਰਫ਼ ਤੰਬਾਕੂ, ਸ਼ਰਾਬ, ਚਮੜੇ ਦੀਆਂ ਚੀਜ਼ਾਂ ਆਦਿ ਵਰਗੀਆਂ ਬੇਲੋੜੀਆਂ ਵਸਤਾਂ 'ਤੇ ਉੱਚੇ ਟੈਕਸ ਲਗਾਉਣੇ ਚਾਹੀਦੇ ਹਨ।

ਭਾਰਤ ਇੱਕ ਖੇਤੀ ਪ੍ਰਧਾਨ ਦੇਸ਼ ਹੈ, ਪਰ ਫਿਰ ਵੀ ਕਿਸਾਨਾਂ ਕੋਲ ਸਿੰਚਾਈ ਲਈ ਲੋੜੀਂਦੀਆਂ ਆਧੁਨਿਕ ਸਹੂਲਤਾਂ ਨਹੀਂ ਹਨ, ਜੋ ਕਿ ਸਾਡੇ ਲਈ ਅਫਸੋਸ ਦੀ ਗੱਲ ਹੈ।ਮਹਿੰਗਾਈ 'ਤੇ ਕਾਬੂ ਪਾਉਣ ਲਈ ਸਾਨੂੰ ਛੋਟੇ ਅਤੇ ਘਰੇਲੂ ਉਦਯੋਗਾਂ ਨੂੰ ਮੁੜ ਚਾਲੂ ਕਰਨ ਅਤੇ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਲੋੜ ਹੈ। ਸਰਕਾਰ ਨੂੰ ਕਾਲਾ ਬਾਜ਼ਾਰੀ ਅਤੇ ਜਮ੍ਹਾਂਖੋਰੀ ਨੂੰ ਰੋਕਣ ਲਈ ਸਖ਼ਤ ਨਿਯਮ-ਕਾਨੂੰਨ ਬਣਾਉਣੇ ਚਾਹੀਦੇ ਹਨ।

# ਸਿੱਖ ਲੀਡਰਸ਼ਿਪ ਤੇ ਖ਼ਾਲਸਾ ਪੰਥ ਦਾ ਸੰਕਟ, ਅਕਾਲ ਤਖ਼ਤ ਸਾਹਿਬ ਕੀ ਕਰੇ ?



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916



ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ਼੍ਰੋਮਣੀ ਅਕਾਲੀ ਦਲ 1947 ਦੀ ਵੰਡ ਤੋਂ ਲੈ ਕੇ 1960ਵਿਆਂ ਵਿੱਚ ਪੰਜਾਬ ਦੇ ਮੁੜ ਗਠਨ ਅਤੇ 1980ਵਿਆਂ ਦੀ ਖਾੜਕੂ ਖ਼ਾਲਿਸਤਾਨ ਲਹਿਰ ਤੱਕ, ਬਹੁਤ ਸਾਰੇ ਸੰਕਟ ਵਿਚੋਂ ਗੁਜ਼ਰਿਆ ਸੀ ਤੇ ਆਪਣਾ ਸਿਧਾਂਤਕ ਵਜੂਦ ਬਰਕਰਾਰ ਰੱਖਿਆ ਸੀ।

ਸਿੱਖ ਭਾਈਚਾਰੇ ਦੀ ਨੁਮਾਇੰਦਾ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਕੌਮੀ ਪੱਧਰੀ ਸਰੋਕਾਰਾਂ ਖ਼ਾਸਕਰ ਫ਼ੈਡਰਲ ਸਿਆਸਤ ਨਾਲ ਜੁੜੇ ਸਰੋਕਾਰਾਂ ਨੂੰ ਜ਼ੁਬਾਨ ਦੇਣ ਵਿੱਚ ਪੰਜਾਬ ਤੇ ਪੰਥ ਲਈ ਮੋਹਰੀ ਰੋਲ ਨਿਭਾਉਂਦੀ ਰਹੀ ਹੈ। ਦੁਖਾਂਤ ਇਹ ਹੈ ਕਿ ਕਈ ਹੋਰ ਖੇਤਰੀ ਪਾਰਟੀਆਂ ਵਾਂਗ ਹੀ ਪਿਛਲੇ ਕੁਝ ਅਰਸੇ ਤੋਂ ਸ਼੍ਰੋਮਣੀ ਅਕਾਲੀ ਦਲ ਅੰਦਰ ਵੀ ਇੱਕ ਪਰਿਵਾਰ, ਭਾਵ ਬਾਦਲਾਂ ਦਾ ਦਬਦਬਾ ਕਾਇਮ ਹੋ ਗਿਆ ਸੀ ਅਤੇ ਇਹ ਅੰਦਰੂਨੀ ਕਲੇਸ਼ਾਂ ਤੇ ਧੜੇਬੰਦੀਆਂ ਦਾ ਸ਼ਿਕਾਰ ਹੁੰਦੀ, ਪੰਥਕ ਹਿਤਾਂ ਦੇ ਉਲਟ ਭੁਗਤਦੀ ਗੁਨਾਹਗਾਰ ਸਾਬਤ ਹੁੰਦੀ ਦਮ ਤੋੜ ਚੁੱਕੀ ਹੈ।

### ਬਾਦਲ ਅਕਾਲੀ ਲੀਡਰਸ਼ਿਪ ਵਿੱਚ ਵੱਡਾ ਸਿਧਾਂਤਕ ਨੁਕਸ

ਬਾਦਲ ਅਕਾਲੀ ਲੀਡਰਸ਼ਿਪ ਵਿੱਚ ਵੱਡਾ ਨੁਕਸ ਇਹ ਸੀ ਕਿ ਇਸ ਨੇ ਅਕਾਲੀ ਦਲ ਦਾ ਪ੍ਰਧਾਨ, ਪੰਜਾਬ ਦੇ ਮੁੱਖ ਮੰਤਰੀ ਦਾ ਉਮੀਦਵਾਰ ਇੱਕ ਕਰ ਦਿੱਤਾ ਮਤਲਬ ਜੋ ਅਕਾਲੀ ਦਲ ਦਾ ਪ੍ਰਧਾਨ ਉਹੀ ਮੁੱਖ ਮੰਤਰੀ ਹੋਵੇਗਾ। ਸਿਆਸਤ ਤੋਂ ਧਰਮ ਦਾ ਕੁੰਡਾ ਚੁੱਕ ਦਿੱਤਾ ਤੇ ਅਕਾਲੀ ਦਲ ਨੂੰ ਪੰਥ ਤੋਂ ਪੰਜਾਬੀ ਪਾਰਟੀ ਬਣਾ ਦਿੱਤਾ। ਹਾਲਾਂਕਿ ਖ਼ਾਲਸਾ ਪੰਥ ਦਾ ਘੇਰਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਨੈਰੇਟਿਵ ਤੋਂ ਵਸੀਹ ਤੇ ਸਰਬਤ ਦੇ ਭਲੇ ਨਾਲ ਜੁੜਦਾ ਹੈ ਨਾ ਕਿ ਬਾਕੀ ਧਰਮਾਂ ਵਾਂਗ ਫ਼ਿਰਕੂਵਾਦ ਤੇ ਕਬੀਲਾਵਾਦ ਨਾਲ। ਪਰ ਬਾਦਲ ਅਕਾਲੀ ਦਲ ਦੇ ਲਿਬਲਰ ਤੇ ਖੱਬੇਪੱਖੀ ਵਿਦਵਾਨਾਂ ਨੇ ਬਾਦਲ ਲੀਡਰਸ਼ਿਪ ਨੂੰ ਗਲਤ ਸਲਾਹ ਦੇਕੇ ਸਿੱਖ ਪੰਥ ਨਾਲੋਂ ਤੋੜ ਵਿਛੋੜਾ ਕਰਾ ਦਿੱਤਾ।

ਹੁਣ ਬਾਦਲ ਅਕਾਲੀ ਲੀਡਰਸ਼ਿਪ ਦਾ ਅਗਾਂਹ ਕੋਈ ਭਵਿੱਖ ਨਹੀਂ। ਪਰ ਇਹ ਆਪਣੇ ਗੁਨਾਹਾਂ ਨੂੰ ਧਾਰਮਿਕ ਸਜ਼ਾ ਤਕ ਸੀਮਤ ਕਰਨ ਲਈ ਧੱਕੇ ਨਾਲ ਤੇ ਧਮਕਾਉਣ ਦੀ ਵਿਧੀ ਅਪਨਾਕੇ ਅਕਾਲ ਤਖ਼ਤ ਸਾਹਿਬ ਨਾਲ ਉਲਝ ਰਹੇ ਹਨ ਕਿ ਸਾਡੇ ਅਨੁਸਾਰੀ ਫ਼ੈਸਲਾ ਹੋਵੇ। ਸੁਖਬੀਰ ਸਿੰਘ ਬਾਦਲ ਨੂੰ ਸਿਰਫ਼ ਧਾਰਮਿਕ ਸਜ਼ਾ ਹੋਵੇ। ਬਾਦਲ ਅਕਾਲੀ ਲੀਡਰਸ਼ਿਪ ਪਹਿਲਾਂ ਵਾਂਗ ਅਕਾਲ ਤਖ਼ਤ ਸਾਹਿਬ ਨੂੰ ਆਪਣੇ ਆਦੇਸ਼ਾਂ ਮੁਤਾਬਕ ਚਲਾਉਣਾ ਚਾਹੁੰਦੇ ਹਨ। ਸੁਆਲ ਇਥੇ ਖੜ੍ਹਾ ਹੈ ਕਿ ਅਕਾਲ ਤਖ਼ਤ ਸਾਹਿਬ ਬਾਦਲ ਪਰਿਵਾਰ ਨੂੰ ਜੁਆਬਦੇਹ ਹੈ ਜਾਂ ਸਿੱਖ ਪੰਥ ਨੂੰ। ਇੱਕ ਪਾਸੇ ਇਹ ਆਖਦੇ ਹਨ ਅਕਾਲ ਤਖ਼ਤ ਸੁਪਰੀਮ ਹੈ, ਅਸੀਂ ਹਰ ਹੁਕਮ ਮੰਨਾਂਗੇ। ਆਪਣੇ ਦੋਸ਼ਾਂ ਨੂੰ ਝੋਲੀ ਵਿੱਚ ਪੁਆਉਂਦੇ ਹਾਂ। ਦੂਜੇ ਪਾਸੇ ਅਕਾਲ ਤਖ਼ਤ ਸਾਹਿਬ ਵਿਰੁੱਧ ਬਾਦਲ ਅਕਾਲੀ ਲੀਡਰਸ਼ਿਪ ਨੇ ਜੰਗ ਛੇੜੀ ਹੈ ਕਿ ਸਾਡੇ ਮੁਤਾਬਿਕ ਫ਼ੈਸਲੇ ਕੀਤੇ ਜਾਣ।

### ਸਿੱਖ ਪੰਥ ਦਾ ਵੱਡਾ ਸੰਕਟ ਤੇ ਅਕਾਲ ਤਖ਼ਤ ਸਾਹਿਬ ਤੋਂ ਆਸ

ਇਸ ਸਮੇਂ ਸਿੱਖ ਭਾਰਤ ਅਤੇ ਕੈਨੇਡਾ ਦਰਮਿਆਨ ਕੂਟਨੀਤਕ ਸੰਕਟ ਦੇ ਵਿਚਕਾਰ ਫਸੇ ਹੋਏ ਹਨ। ਇਸ ਸੰਕਟ ਦੌਰਾਨ ਸਿੱਖ ਪੰਥ ਲੀਡਰਸ਼ਿਪ ਤੋਂ ਰਹਿਤ ਹੈ। ਮਜ਼ਬੂਤ ਸੰਗਠਨ ਦੀ ਘਾਟ ਦਾ ਗੰਭੀਰ ਸੰਤਾਪ ਭੋਗ ਰਿਹਾ ਹੈ। ਸਿੱਖ ਪੰਥ ਆਪਣੇ ਅੰਦਰੂਨੀ ਮੰਥਨ ਅਤੇ ਸਿਆਸੀ ਭਵਿੱਖ ਦੇ ਹਨੇਰਿਆਂ ਦੇ ਮਾਰਗ ਵਿੱਚੋਂ ਚਾਨਣ ਦੀ ਭਾਲ ਵਿਚੋਂ ਗੁਜ਼ਰ ਰਿਹਾ ਹੈ। ਹੈ ਕੋਈ ਸਿੱਖ ਪੰਥ ਵਿੱਚ ਨਾਇਕ, ਜੋ ਬਾਬਾ ਬੰਦਾ ਸਿੰਘ ਬਹਾਦਰ, ਮਹਾਰਾਜਾ ਰਣਜੀਤ ਸਿੰਘ ਵਾਂਗ ਸਿੱਖ ਪੰਥ ਦੀ ਰਾਜਨੀਤਕ ਅਗਵਾਈ ਕਰ ਸਕੇ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖ ਪੰਥ ਦੀਆਂ ਸੰਸਥਾਵਾਂ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਸਾਹਿਬ ਭਰੋਸੇਯੋਗਤਾ ਦੇ ਸੰਕਟ ਨਾਲ ਜੂਝ ਰਹੀਆਂ ਹਨ। ਸਿੱਖ ਪੰਥ ਨੂੰ ਇਨ੍ਹਾਂ ਸੰਸਥਾਵਾਂ ਵਿਚੋਂ ਅਕਾਲ ਤਖ਼ਤ ਸਾਹਿਬ ਤੋਂ ਆਸ ਦਿਖਾਈ ਦਿੰਦੀ ਹੈ ਕਿ ਸ਼ਾਇਦ ਉਹ ਸਿੱਖ ਪੰਥ ਦੀ ਇੱਛਾ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦਾ ਪੁਨਰ ਨਿਰਮਾਣ ਕਰ ਸਕਣ। ਉਹ ਅਕਾਲ ਤਖ਼ਤ ਸਾਹਿਬ ਤੋਂ ਆਪਣੇ ਇਤਿਹਾਸ ਸਿਰਜਣ ਵਾਲੇ ਸੰਤ ਸਿਪਾਹੀ ਯੋਧੇ ਜਥੇਦਾਰ ਦਰਬਾਰਾ ਸਿੰਘ, ਜਥੇਦਾਰ ਨਵਾਬ ਕਪੂਰ ਸਿੰਘ, ਜਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ,ਜਥੇਦਾਰ ਬਾਬਾ ਸਾਹਿਬ ਸਿੰਘ ਬੇਦੀ ਭਾਲ ਰਹੀਆਂ ਹਨ ਜਿਹਨਾਂ ਅਠਾਰਵੀਂ ਸਦੀ ਦੌਰਾਨ ਪੰਥਕ ਜਥੇਬੰਦੀ ਸਿਰਜੀ ਤੇ ਸਿੱਖ ਪੰਥ ਨੂੰ ਇੱਕਮੁੱਠ ਕੀਤਾ।

### ਕੀ ਚਾਹੁੰਦਾ ਹੈ ਖ਼ਾਲਸਾ ਪੰਥ ਅਕਾਲ ਤਖ਼ਤ ਸਾਹਿਬ ਤੋਂ

ਇਸ ਸਮੇਂ ਹਾਲਾਤ ਇਹ ਹਨ ਕਿ ਮੌਜੂਦਾ ਅਕਾਲੀ ਦਲ ਸਿੱਖ ਕੌਮ ਦੀ ਸਿਆਸੀ ਅਗਵਾਈ ਕਰਨ ਦੇ ਯੋਗ ਨਹੀਂ ਰਿਹਾ ਨਾ ਹੀ ਉਸਨੇ ਇਹੋ ਜਿਹਾ ਅਮਲ ਕਰ ਦਿਖਾਇਆ ਕਿ ਉਹ ਸਿੱਖ ਪੰਥ ਦਾ ਭਰੋਸਾ ਜਿੱਤ ਸਕੇ। ਉਸ ਦੇ ਕੋਲ ਕੋਈ ਵਿਜਨ ਨਹੀਂ ਕਿ ਇਤਿਹਾਸ ਸਿਰਜਣ ਵਿੱਚ ਕਰਾਮਾਤ ਦਿਖਾ ਸਕੇ। ਅਕਾਲੀ ਦਲ ਦੇ ਹਾਲਾਤ ਇਹ ਹਨ ਕਿ ਉਹ ਹੋਂਦ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਭਾਵੇਂ ਸਿੱਖ ਕੌਮ ਨੇ ਲੋਕ ਸਭਾ ਚੋਣਾਂ ਵਿੱਚ ਖਡੂਰ ਸਾਹਿਬ ਤੋਂ ਭਾਈ ਅੰਮ੍ਰਿਤਪਾਲ ਸਿੰਘ ਅਤੇ ਫ਼ਰੀਦਕੋਟ ਤੋਂ ਸਰਬਜੀਤ ਸਿੰਘ ਨੂੰ ਜਿਤਾ ਕੇ ਪੰਥਕ ਸਿਆਸਤ ਦੀ ਸੰਭਾਵੀ ਪੁਨਰ ਸੁਰਜੀਤੀ ਦੀ ਲਕੀਰ ਖਿੱਚ ਦਿੱਤੀ ਸੀ ਪਰ ਹਾਲੇ ਤਕ ਗੱਲ ਅਗਾਂਹ ਨਹੀਂ ਤੁਰ ਸਕੀ।

ਇਸ ਸਮੇਂ ਪੰਜ ਸਿੰਘ ਸਾਹਿਬਾਨ ਅਕਾਲੀ ਦਲ ਦੇ ਸੰਕਟ ਨਾਲ ਨਜਿੱਠ ਰਹੇ ਹਨ, ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ 'ਤਨਖ਼ਾਹੀਆ' ਕਰਾਰ ਦਿੱਤਾ ਜਾ ਚੁੱਕਾ ਹੈ। ਸਿੰਘ ਸਾਹਿਬਾਨ ਦਾ ਕਾਰਜ ਸੁਖਬੀਰ ਬਾਦਲ ਨੂੰ ਸਿਆਸੀ ਸਜ਼ਾ ਦੇਣ ਤਕ ਸੀਮਤ ਨਹੀਂ ਬਲਕਿ ਕੌਮ ਦੀ ਝੋਲੀ ਵਿੱਚ ਅਕਾਲੀ ਦਲ ਦੀ ਇਤਿਹਾਸਕ ਪੁਨਰ ਸੁਰਜੀਤੀ ਝੋਲੀ ਵਿੱਚ ਪਾਉਣੀ ਹੈ। ਇਹ ਅਕਾਲ ਤਖ਼ਤ ਸਾਹਿਬ ਅੱਗੇ ਵੱਡੀ ਚੁਣੌਤੀ ਹੈ।

ਸਭ ਤੋਂ ਪਹਿਲਾਂ ਲੋੜ ਇਸ ਗੱਲ ਦੀ ਹੈ ਕਿ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਮੰਗਿਆ ਜਾਵੇ। ਬਾਕੀ ਅਕਾਲੀ ਦਲ ਦੇ ਲੀਡਰਾਂ ਨੂੰ ਅਸਤੀਫ਼ੇ ਦੇਣ ਲਈ ਕਿਹਾ ਜਾਵੇ। ਉਸ ਤੋਂ ਬਾਅਦ ਨੁਮਾਇੰਦਾ ਇਕੱਠ ਬੁਲਾਇਆ ਜਾਵੇ। ਉਸ ਵਿੱਚ ਸਭ ਦੀ ਲਿਖਤੀ ਰਾਇ ਲਈ ਜਾਵੇ ਕਿ ਅਕਾਲੀ ਦਲ ਦੀ ਪੁਨਰ ਸਥਾਪਨਾ ਕਿਵੇਂ ਹੋਵੇ ? ਉਨ੍ਹਾਂ ਵਿਚਾਰਾਂ ਨੂੰ ਘੋਖ ਕੇ ਨਤੀਜੇ ਉੱਪਰ ਪੁੱਜਿਆ ਜਾਵੇ। ਭਾਵੇਂ ਇਹ ਦੋ ਦਿਨ ਦਾ ਇਕੱਠ ਹੋਵੇ ਤਾਂ ਜੋ ਸਿੱਖ ਪੰਥ ਵਿੱਚ ਅਕਾਲ ਤਖ਼ਤ ਸਾਹਿਬ ਦਾ ਪ੍ਰਭਾਵ ਜਾ ਸਕੇ ਤੇ ਅਕਾਲੀ ਦਲ ਦੀ ਪੁਨਰ ਨਿਰਮਾਣ ਦੀ ਨਿਰਮਲ ਲਹਿਰ ਉੱਸਰ ਸਕੇ। ਵਿਸਾਖੀ ਉੱਪਰ ਅਕਾਲੀ ਦਲ ਦੇ ਪੁਨਰ ਨਿਰਮਾਣ ਦੀ ਇਤਿਹਾਸਕ ਸਿਰਜਣਾ ਸ਼ੁਰੂ ਕਰ ਦਿੱਤੀ ਜਾਵੇ। ਅਕਾਲ ਤਖ਼ਤ ਸਾਹਿਬ ਲਈ ਹੁਣ ਪੁਰਾਤਨ ਇਤਿਹਾਸ ਨਾਲ ਜੁੜਨ ਤੇ ਨਿਭਾਉਣ ਦਾ ਵੇਲਾ ਹੈ।

ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਗਿਆਨੀ ਗੁਰਮੁਖ ਸਿੰਘ, ਇਕਬਾਲ ਸਿੰਘ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਵੇ ਜਿਹਨਾਂ ਨੇ ਅਕਾਲ ਤਖ਼ਤ ਸਾਹਿਬ ਦੀ ਇਤਿਹਾਸਕ ਪਰੰਪਰਾ ਨੂੰ ਠੇਸ ਪਹੁੰਚਾਈ ਤੇ ਬਾਦਲ ਪਰਿਵਾਰ ਅੱਗੇ ਚੰਡੀਗੜ੍ਹ ਵਿਖੇ ਤਲਬ ਹੋਏ ਤੇ ਸੌਦਾ ਸਾਧ ਨੂੰ ਬਾਦਲ ਪਰਿਵਾਰ ਦੇ ਇਸ਼ਾਰੇ ਉੱਪਰ ਮਾਫ਼ ਕੀਤਾ। ਇਨ੍ਹਾਂ ਦੋਸ਼ਾਂ ਸਬੰਧੀ ਵਾਈਟ ਪੇਪਰ ਜਾਰੀ ਹੋਣਾ ਚਾਹੀਦਾ। ਇਸ ਬਾਰੇ ਪੰਥਕ ਬੁੱਧੀਜੀਵੀਆਂ ਦੀਆਂ ਸੇਵਾਵਾਂ ਲੈਣੀਆਂ ਚਾਹੀਦੀਆਂ ਹਨ।

### ਅਕਾਲ ਤਖ਼ਤ ਸਾਹਿਬ ਪੰਜ ਮੈਂਬਰੀ ਤਾਲਮੇਲ ਕਮੇਟੀ ਐਲਾਨੇ

ਅਕਾਲ ਤਖ਼ਤ ਸਾਹਿਬ ਤੋਂ ਪੁਨਰ ਉਸਾਰੀ ਲਈ ਪੰਜ ਮੈਂਬਰੀ ਤਾਲਮੇਲ ਕਮੇਟੀ ਦਾ ਐਲਾਨ ਹੋਵੇ। ਉਹੀ ਅਕਾਲੀ ਦਲ ਦੀ ਨਵੀਂ ਭਰਤੀ ਦਾ ਐਲਾਨ ਕਰੇ। ਇਸ ਵਿੱਚ ਸਮੁੱਚੀਆਂ ਪੰਥਕ ਧਿਰਾਂ ਨੂੰ ਸ਼ਾਮਲ ਕੀਤਾ ਜਾਵੇ ਕਿ ਉਹ ਰਲਕੇ ਅਕਾਲੀ ਦਲ ਤੇ ਉਸ ਦਾ ਏਜੰਡਾ ਉਸਾਰਨ। ਇਸ ਦਾ ਪ੍ਰਭਾਵ ਸਿੱਖ ਰਾਜਨੀਤੀ ਉੱਪਰ ਉਸਾਰੂ ਪਵੇਗਾ। ਵਿਰੋਧ ਕਰਨ ਵਾਲੀ ਨਵ ਮਸੰਦ, ਡੋਗਰੇ ਬਿਰਤੀ ਦੀ ਲੀਡਰਸ਼ਿਪ ਨਕਾਰੀ ਜਾਵੇਗੀ। ਸਿੱਖ ਪੰਥ ਜੋਤਿ ਬਣਕੇ ਅਕਾਲ ਤਖ਼ਤ ਸਾਹਿਬ ਦੇ ਇਤਿਹਾਸਕ ਸੰਦੇਸ਼ ਨੂੰ ਰੋਸ਼ਨ ਕਰੇਗਾ।

ਅਕਾਲ ਤਖ਼ਤ ਸਾਹਿਬ ਵਲੋਂ ਯਕੀਨੀ ਬਣਾਇਆ ਜਾਵੇ ਕਿ ਅਕਾਲੀ ਦਲ ਦਾ ਪ੍ਰਧਾਨ ਤੇ ਉਸ ਦੀ ਕਮੇਟੀ ਰਾਜਨੀਤਕ ਚੋਣਾਂ ਵਿੱਚ ਹਿੱਸਾ ਨਾ ਲਵੇ ,ਉਹ ਯੋਗ ਵਿਅਕਤੀਆਂ ਦੀ ਚੋਣ ਕਰੇ ਤਾਂ ਜੋ ਅਕਾਲੀ ਦਲ ਦੀਆਂ ਸਿਧਾਂਤਕ ਤੇ ਇਤਿਹਾਸਕ ਪਰੰਪਰਾਵਾਂ ਕਾਇਮ ਰਹਿ ਸਕਣ। ਅਕਾਲੀ ਸੰਕਟ ਦਾ ਕਾਰਨ ਹੀ ਇਹੀ ਹੈ ਕਿ ਉਸ ਦਾ ਪ੍ਰਧਾਨ ਸੱਤਾ ਲਾਲਸਾ ਦੇ ਅਧੀਨ ਹੋ ਗਿਆ। ਮਾਇਆ ਨਾਗਨੀ ਨੇ ਅਕਾਲੀ ਦਲ ਡੱਸ ਲਿਆ।

# ਭੁੱਖਮਰੀ ਖ਼ਤਮ ਕਰਨ ਲਈ ਭਾਰਤ ਕੀ ਉਪਰਾਲਾ ਕਰੇ ?



ਡਾ. ਕੇਸਰ ਸਿੰਘ ਭੰਗੂ



ਭਾਰਤ ਖੇਤੀ ਲਈ ਵਾਹੀਯੋਗ ਜ਼ਮੀਨ ਦੇ ਰਕਬੇ ਦੇ ਹਿਸਾਬ ਨਾਲ ਦੁਨੀਆਂ 'ਚ ਪਹਿਲੇ ਨੰਬਰ 'ਤੇ ਹੈ, ਉਸ ਤੋਂ ਬਾਅਦ ਅਮਰੀਕਾ, ਰੂਸ, ਬ੍ਰਾਜ਼ੀਲ ਤੇ ਚੀਨ ਆਉਂਦੇ ਹਨ। ਭਾਰਤ 'ਚ ਇਸ ਵਾਹੀਯੋਗ ਜ਼ਮੀਨ 'ਤੇ ਕਣਕ, ਝੋਨਾ, ਮੱਕੀ, ਜਵਾਰ, ਬਾਜਰਾ, ਕਈ ਕਿਸਮ ਦੀਆਂ ਦਾਲਾਂ ਸਮੇਤ ਖ਼ੁਰਾਕ ਪਦਾਰਥਾਂ ਵਾਲੀਆਂ ਬਹੁਤ ਸਾਰੀਆਂ ਹੋਰ ਫਸਲਾਂ ਤੇ ਪਸ਼ੂਆਂ ਦੇ ਚਾਰੇ ਵਾਲੀਆਂ ਫ਼ਸਲਾਂ ਬੀਜੀਆਂ ਜਾਂਦੀਆਂ ਹਨ। ਇਸ ਦੇ ਨਾਲ ਹੀ ਭਾਰਤ ਦਾ ਨਾਮ ਫ਼ਲਾਂ, ਸਬਜ਼ੀਆਂ, ਸੁੱਕੇ ਮੇਵਿਆਂ ਆਦਿ ਦੀ ਖੇਤੀ 'ਚ ਵੀ ਦੁਨੀਆ ਦੇ ਮੋਹਰੀ ਉਤਪਾਦਕਾਂ 'ਚ ਸ਼ੁਮਾਰ ਹੈ। ਇਨ੍ਹਾਂ ਤੱਥਾਂ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਭਾਰਤ 'ਚ ਹਰੇਕ ਨਾਗਰਿਕ ਲਈ ਭੋਜਨ ਦੀ ਕੋਈ ਘਾਟ ਨਹੀਂ ਹੋਵੇਗੀ ਤੇ ਸਭ ਨੂੰ ਰੋਜ਼ਾਨਾ ਪੇਟ ਭਰ ਖਾਣਾ ਮਿਲਦਾ ਹੋਵੇਗਾ, ਕੋਈ ਵੀ ਵਿਅਕਤੀ ਭੁੱਖਾ ਨਹੀਂ ਸੌਂਦਾ ਹੋਵੇਗਾ। ਦੇਸ਼ 'ਚ ਸਾਰੇ ਬੱਚੇ ਤੰਦਰੁਸਤ ਪੈਦਾ ਹੁੰਦੇ ਹੋਣਗੇ ਤੇ ਬੱਚਿਆਂ 'ਚ ਕੁਪੋਸ਼ਣ ਦੀ ਕੋਈ ਸਮੱਸਿਆ ਨਹੀਂ ਹੋਵੇਗੀ ਅਤੇ ਮਾਵਾਂ ਨੂੰ ਵੀ ਪੂਰੀ ਸੰਤੁਲਿਤ ਤੇ ਉੱਤਮ ਦਰਜੇ ਦੀ ਖ਼ੁਰਾਕ ਉਪਲਬਧ ਹੋਵੇਗੀ। ਪਰ ਅਸਲੀਅਤ 'ਚ ਅਜਿਹਾ ਨਹੀਂ ਹੈ। ਜੇਕਰ ਵਿਸ਼ਵ ਭੁੱਖਮਰੀ ਰਿਪੋਰਟ 2024 ਦੇ ਅੰਕੜਿਆਂ ਦਾ ਅਧਿਐਨ ਕਰੀਏ ਤਾਂ ਪਤਾ ਲੱਗਦਾ ਹੈ ਕਿ ਵਿਸ਼ਵ ਭੁੱਖਮਰੀ ਸੂਚਕ (7.8.9.) 2024 ਦੇ ਮਾਮਲੇ 'ਚ ਭਾਰਤ ਦੁਨੀਆ ਦੇ 145 ਦੇਸ਼ਾਂ ਦੇ ਸਰਵੇ 'ਚ 105ਵੇਂ ਨੰਬਰ 'ਤੇ ਹੈ। ਭਾਰਤ ਭੁੱਖਮਰੀ ਦੀ ਗੰਭੀਰ ਭਿਆਨਕ ਪੱਧਰ ਦੀ ਸ਼੍ਰੇਣੀ 'ਚ 42 ਹੋਰ ਮੁਲਕਾਂ ਸਮੇਤ ਸ਼ਾਮਿਲ ਹੈ, ਜਿਨ੍ਹਾਂ 'ਚੋਂ 6 ਦੇਸ਼ ਬਰੁੰਡੀ, ਚਾਡ, ਮੈਡਗਾਸਕਰ, ਸੋਮਾਲੀਆ, ਦੱਖਣੀ ਸੁਡਾਨ ਤੇ ਯਮਨ ਘੋਰ ਭਿਆਨਕ ਪੱਧਰ ਦੀ ਭੁੱਖਮਰੀ ਦੀ ਸ਼੍ਰੇਣੀ 'ਚ ਸ਼ੁਮਾਰ ਹਨ। ਭਾਰਤ ਸਮੇਤ 36 ਦੇਸ਼ ਭਿਆਨਕ ਪੱਧਰ ਦੀ ਭੁੱਖਮਰੀ ਦੀ ਸ਼੍ਰੇਣੀ 'ਚ ਸ਼ੁਮਾਰ ਹਨ।

ਜ਼ਿਕਰਯੋਗ ਹੈ ਕਿ ਵਿਸ਼ਵ ਭੁੱਖਮਰੀ ਸੂਚਕ ਦਾ ਸਕੋਰ 100 ਤੋਂ 0 (ਸਿਫ਼ਰ) ਦੇ ਵਿਚਕਾਰ ਮਾਪਿਆ ਹੁੰਦਾ ਹੈ, ਭਾਵ ਜੇ ਇਹ ਸਕੋਰ ਜ਼ਿਆਦਾ ਹੈ ਤਾਂ ਭੁੱਖਮਰੀ ਦਾ ਪੱਧਰ ਵੱਧ ਹੋਵੇਗਾ ਤੇ ਜੇਕਰ ਇਹ ਸਿਫ਼ਰ ਦੇ ਨੇੜੇ ਹੁੰਦਾ ਹੈ ਤਾਂ ਭੁੱਖਮਰੀ ਦਾ ਪੱਧਰ ਘੱਟ ਹੁੰਦਾ ਹੈ। ਵਿਸ਼ਵ ਭੁੱਖਮਰੀ ਰਿਪੋਰਟ 2024 ਮੁਤਾਬਕ ਜੇ ਭੁੱਖਮਰੀ ਸਕੋਰ 9.9 ਜਾਂ ਇਸ ਤੋਂ ਘੱਟ ਹੈ ਤਾਂ ਇਸ ਨੂੰ ਨੀਵੇਂ ਪੱਧਰ ਦੀ ਭੁੱਖਮਰੀ ਕਿਹਾ ਜਾਂਦਾ ਹੈ, ਜੇਕਰ ਸਕੋਰ 10.0-19.9 ਦੇ ਵਿਚਕਾਰ ਹੋਵੇ ਤਾਂ ਉਸ ਨੂੰ ਦਰਮਿਆਨੇ ਪੱਧਰ ਦੀ ਭੁੱਖਮਰੀ ਕਿਹਾ ਜਾਂਦਾ ਹੈ। ਜੇਕਰ ਇਹ ਸਕੋਰ 20.0-34.9 ਦੇ ਵਿਚਕਾਰ ਹੋਵੇ ਤਾਂ ਇਹ ਭਿਆਨਕ ਪੱਧਰ ਦੀ ਭੁੱਖਮਰੀ ਹੈ, 35.0-49.9 ਦੇ ਵਿਚਕਾਰ ਹੋਣ 'ਤੇ ਇਹ ਬਹੁਤ ਭਿਆਨਕ ਪੱਧਰ ਦੀ ਭੁੱਖਮਰੀ ਹੈ ਅਤੇ ਜੇਕਰ ਇਹ ਸਕੋਰ 50 ਜਾਂ ਇਸ ਤੋਂ ਵੱਧ ਹੋਵੇ ਤਾਂ ਉਸ ਨੂੰ ਘੋਰ ਭਿਆਨਕ ਪੱਧਰ ਦੀ ਭੁੱਖਮਰੀ ਕਿਹਾ ਜਾਂਦਾ ਹੈ। ਵਿਸ਼ਵ ਭੁੱਖਮਰੀ ਸੂਚਕ ਅੰਕ ਦੇ ਸਕੋਰ ਨੂੰ ਤਿਆਰ ਕਰਨ ਵੇਲੇ ਇਸ 'ਚ ਕਈ ਮੱਦਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਪਹਿਲਾ ਜਿਵੇਂ ਕਿ ਬੱਚਿਆਂ ਤੇ ਵੱਡਿਆਂ ਨੂੰ ਪੂਰੀ ਖ਼ੁਰਾਕ ਨਾ ਮਿਲਣੀ ਭਾਵ ਜਿੰਨੀਆਂ ਕੈਲੋਰੀਜ਼ ਤੰਦਰੁਸਤ ਰਹਿਣ ਲਈ ਜ਼ਰੂਰੀ ਹਨ ਉਸ ਤੋਂ ਘੱਟ ਮਾਤਰਾ 'ਚ ਖ਼ੁਰਾਕ ਮਿਲਣਾ। ਦੂਜਾ ਬੱਚਿਆਂ 'ਚ ਕੁਪੋਸ਼ਣ ਕਾਰਨ ਉਨ੍ਹਾਂ ਦਾ ਭਾਰ ਉਮਰ ਮੁਤਾਬਕ ਘੱਟ ਹੋਣਾ, ਤੀਜਾ ਬੱਚਿਆਂ 'ਚ ਕੁਪੋਸ਼ਣ ਕਾਰਨ ਉਨ੍ਹਾਂ ਦੀ ਲੰਬਾਈ ਅਨੁਸਾਰ ਭਾਰ ਦਾ ਘੱਟ ਹੋਣਾ, ਚੌਥਾ 5 ਸਾਲ ਦੇ ਬੱਚਿਆਂ 'ਚ ਮੌਤ ਦੀ ਦਰ ਆਦਿ ਨੂੰ ਵੀ ਕੀਤਾ ਜਾਂਦਾ ਹੈ। ਸੰਯੁਕਤ ਰਾਸ਼ਟਰ ਸੰਘ ਦੇ ਟਿਕਾਊ ਵਿਕਾਸ ਦੇ ਟੀਚਿਆਂ 'ਚ ਇਹ ਸ਼ਾਮਿਲ ਹੈ ਕਿ ਦੁਨੀਆਂ 'ਚ 2030 ਤੱਕ ਭੁੱਖਮਰੀ ਖ਼ਤਮ ਕਰ ਦਿੱਤੀ ਜਾਵੇਗੀ, ਭਾਵ ਦੁਨੀਆਂ 'ਚ ਵਿਸ਼ਵ ਭੁੱਖਮਰੀ ਸੂਚਕ ਅੰਕ ਦਾ ਸਕੋਰ ਸਿਫ਼ਰ ਹੋ ਜਾਵੇਗਾ।

ਵਿਸ਼ਵ ਭੁੱਖਮਰੀ ਸੂਚਕ ਅੰਕ 2024 ਦੇ ਸਕੋਰ ਦਾ ਅਧਿਐਨ ਕਰਨ 'ਤੇ ਪਤਾ ਲੱਗਦਾ ਹੈ ਕਿ ਜਿਹੜੇ 6 ਦੇਸ਼ ਘੋਰ ਭਿਆਨਕ ਭੁੱਖਮਰੀ ਸ਼੍ਰੇਣੀ 'ਚ ਸ਼ੁਮਾਰ ਹਨ, ਉਨ੍ਹਾਂ ਦਾ ਸਕੋਰ 35 ਤੋਂ ਲੈ ਕੇ 50 ਤੱਕ ਹੈ। ਭਾਰਤ ਸਮੇਤ ਜਿਹੜੇ 36 ਦੇਸ਼ ਭਿਆਨਕ ਭੁੱਖਮਰੀ ਦੀ ਸ਼੍ਰੇਣੀ 'ਚ ਆਉਂਦੇ ਹਨ, ਉਨ੍ਹਾਂ ਦਾ ਇਹ ਸਕੋਰ 20.6 ਤੋਂ 34.9 ਦੇ ਵਿਚਕਾਰ ਹੈ। ਭਾਰਤ ਦਾ ਵਿਸ਼ਵ ਭੁੱਖਮਰੀ ਸੂਚਕ ਅੰਕ ਦਾ ਸਕੋਰ 2000 'ਚ 34.4, 2008 'ਚ 35.2, 2016 'ਚ 29.3 ਤੇ 2024 'ਚ 27.3 ਸੀ। ਭਾਵੇਂ ਭਾਰਤ ਨੇ 2000-2024 ਦੌਰਾਨ ਭੁੱਖਮਰੀ ਨੂੰ ਘਟਾਉਣ ਦੀਆਂ ਬਹੁਤ ਕੋਸ਼ਿਸ਼ਾਂ ਕੀਤੀਆਂ ਹਨ, ਪਰ ਓਨੀ ਸਫਲਤਾ ਹਾਸਿਲ ਨਹੀਂ ਹੋ ਸਕੀ, ਜਿੰਨੀ ਹੋਣੀ ਚਾਹੀਦੀ ਸੀ ਅਤੇ ਇਸੇ ਸਮੇਂ ਦੌਰਾਨ ਗੁਆਂਢੀ ਦੇਸ਼ਾਂ ਬੰਗਲਾਦੇਸ਼ ਤੇ ਨਿਪਾਲ ਨੇ ਭੁੱਖਮਰੀ ਨੂੰ ਘਟਾਉਣ 'ਚ ਕਾਫ਼ੀ ਸਫਲਤਾ ਹਾਸਿਲ ਕੀਤੀ ਹੈ। ਹੁਣ ਸਿਫ਼ਰ ਭੁੱਖਮਰੀ ਸੂਚਕ ਅੰਕ ਹਾਸਿਲ ਕਰਨ ਦਾ ਤੈਅ ਸਮਾਂ ਸਾਲ 2030 ਬਹੁਤ ਨੇੜੇ ਆ ਗਿਆ ਹੈ। ਜੇਕਰ ਇਸ ਮਾਮਲੇ ਦੀ ਪ੍ਰਗਤੀ ਇਸੇ ਤਰ੍ਹਾਂ ਰਹੀ ਤਾਂ ਨੀਵੇਂ ਪੱਧਰ ਦੀ ਭੁੱਖਮਰੀ 'ਤੇ ਪਹੁੰਚਣ ਲਈ ਵੀ ਹੁਣ ਤੋਂ 130 ਸਾਲ ਦਾ ਸਮਾਂ ਲੱਗ ਜਾਵੇਗਾ। ਨੀਵੇਂ ਪੱਧਰ ਦੀ ਭੁੱਖਮਰੀ ਦਾ ਟੀਚਾ ਵੀ 2160 'ਚ ਪ੍ਰਾਪਤ ਹੋਵੇਗਾ, ਸਿਫ਼ਰ ਭੁੱਖਮਰੀ ਦਾ ਟੀਚਾ ਹਾਸਿਲ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੋਵੇਗੀ। ਭਾਰਤ ਦੁਨੀਆ 'ਚ ਅਫ਼ਰੀਕਾ ਦੇ ਰੇਗਿਸਤਾਨੀ (ਸਹਾਰਾ ਦੇ) ਦੱਖਣੀ ਹਿੱਸੇ ਤੇ ਦੱਖਣੀ ਏਸ਼ੀਆ ਦੇ ਦੇਸ਼ਾਂ 'ਚ ਸ਼ਾਮਿਲ ਹੈ, ਜਿਥੇ ਭੁੱਖਮਰੀ ਦੀ ਹਾਲਤ ਭਿਆਨਕ ਪੱਧਰ 'ਤੇ ਹੈ। ਇਨ੍ਹਾਂ ਖਿੱਤਿਆਂ 'ਚ ਭੁੱਖਮਰੀ ਨੂੰ ਪ੍ਰਭਾਵਿਤ ਕਰਨ ਵਾਲੇ ਸੂਚਕਾਂ ਜਿਵੇਂ ਕਿ ਬੱਚਿਆਂ ਨੂੰ ਪੂਰੀ ਖ਼ੁਰਾਕ ਨਾ ਮਿਲਣਾ, ਕੁਪੋਸ਼ਣ, 5 ਸਾਲ ਦੇ ਬੱਚਿਆਂ ਦੀ ਉੱਚੀ ਮੌਤ ਦਰ ਆਦਿ ਬਹੁਤ ਉੱਚੇ ਪੱਧਰ 'ਤੇ ਪਾਏ ਜਾ ਰਹੇ ਹਨ। ਇਹ ਵਿਸ਼ਵ ਭੁੱਖਮਰੀ ਰਿਪੋਰਟ ਦੁਨੀਆਂ 'ਚ ਭੁੱਖਮਰੀ ਨੂੰ ਘਟਾਉਣ ਤੇ ਖ਼ਤਮ ਕਰਨ ਲਈ ਕੁਝ ਮੁੱਖ ਮੁਸ਼ਕਿਲਾਂ ਤੇ ਅੜਿੱਕਿਆਂ ਦਾ ਜ਼ਿਕਰ ਵੀ ਕਰਦੀ ਹੈ, ਜਿਨ੍ਹਾਂ 'ਚ ਖ਼ਾਸ ਤੌਰ 'ਤੇ ਲੋਕਾਂ ਵਿਚਕਾਰ ਧਰਮ, ਜਾਤਪਾਤ, ਰੰਗ-ਨਸਲ, ਖਿੱਤਿਆਂ ਦੇ ਮਸਲਿਆਂ ਨੂੰ ਲੈ ਕੇ ਆਪਸੀ ਹਥਿਆਰਬੰਦ ਲੜਾਈਆਂ, ਦੰਗੇ ਤੇ ਖਿੱਚੋਤਾਣ, ਵਾਤਾਵਰਨ ਪ੍ਰਦੂਸ਼ਣ ਅਤੇ ਵਾਤਾਵਰਨ 'ਚ ਮਨੁੱਖਤਾ ਵਿਰੋਧੀ ਤਬਦੀਲੀਆਂ, ਖ਼ਾਧ ਪਦਾਰਥਾਂ ਦੀਆਂ ਘਰੇਲੂ ਬਜ਼ਾਰਾਂ 'ਚ ਉੱਚੀਆਂ ਕੀਮਤਾਂ, ਅਨਾਜ ਮੰਡੀ 'ਚ ਮੰਡੀ ਸ਼ਕਤੀਆਂ ਵਲੋਂ ਗੜਬੜੀਆਂ ਕਰਨਾ, ਲੋਕਾਂ ਦੀਆਂ ਵਿੱਤੀ ਤੇ ਆਰਥਿਕ ਹਾਲਤ 'ਚ ਵੱਡੀਆਂ ਕਮਜ਼ੋਰੀਆਂ ਤੇ ਬਹੁਤੇ ਗ਼ਰੀਬ ਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਦਾ ਕਰਜ਼ੇ ਦੇ ਜੰਜਾਲ 'ਚ ਫਸੇ ਹੋਣਾ ਆਦਿ ਸ਼ਾਮਲ ਹਨ। ਰਿਪੋਰਟ 'ਚ ਸਪੱਸ਼ਟ ਕੀਤਾ ਗਿਆ ਹੈ ਕਿ 2000-2016 ਦੇ ਸਮੇਂ ਦੌਰਾਨ ਦੁਨੀਆਂ 'ਚ ਭੁੱਖਮਰੀ ਦੇ ਸ਼ਿਕਾਰ ਸਭ ਦੇਸ਼ਾਂ ਨੇ ਭੁੱਖਮਰੀ ਨੂੰ ਘਟਾਉਣ ਲਈ ਕਾਫ਼ੀ ਕੋਸ਼ਿਸ਼ਾਂ ਕੀਤੀਆਂ ਤੇ ਵੱਡੀਆਂ ਸਫਲਤਾਵਾਂ ਵੀ ਪ੍ਰਾਪਤ ਕੀਤੀਆਂ। ਉਨ੍ਹਾਂ ਦੇਸ਼ਾਂ 'ਚੋਂ ਕਈ ਘੋਰ ਭਿਆਨਕ ਪੱਧਰ ਦੀ ਭੁੱਖਮਰੀ ਦਾ ਸ਼ਿਕਾਰ ਸਨ ਤੇ ਉਨ੍ਹਾਂ ਦਾ ਭੁੱਖਮਰੀ ਸੂਚਕ ਸਕੋਰ 50 ਤੋਂ ਵੀ ਵੱਧ ਸੀ, ਇਸ ਸਮੇਂ ਦੌਰਾਨ ਉਨ੍ਹਾਂ ਆਪਣਾ ਇਹ ਸਕੋਰ 30 ਤੋਂ ਵੀ ਘਟਾ ਲਿਆ ਸੀ। ਪਰ 2016 ਤੋਂ ਬਾਅਦ ਇਸ ਮਾਮਲੇ 'ਚ ਦੁਨੀਆਂ ਭਰ 'ਚ ਭੁੱਖਮਰੀ ਦਾ ਸ਼ਿਕਾਰ ਦੇਸ਼ ਸਮੇਤ ਭਾਰਤ ਦੇ ਬਹੁਤੀ ਪ੍ਰਗਤੀ ਨਹੀਂ ਕਰ ਸਕੇ, ਕਿਉਂਕਿ ਪੂਰੀ ਦੁਨੀਆਂ ਦੇ ਭੁੱਖਮਰੀ ਸੂਚਕ ਅੰਕ ਦਾ ਸਕੋਰ ਜੋ 2016 'ਚ 18.8 ਸੀ, ਉਹ 2024 'ਚ ਮਾਮੂਲੀ ਕਮੀ ਨਾਲ ਕੇਵਲ 18.3 'ਤੇ ਹੀ ਪਹੁੰਚ ਸਕਿਆ ਹੈ। ਇਸ ਦੌਰਾਨ ਭਾਰਤ ਦੇ ਸਕੋਰ 'ਚ ਵੀ ਬਹੁਤਾ ਸੁਧਾਰ ਨਹੀਂ ਹੋਇਆ ਤੇ ਇਹ 29.3 ਤੋਂ ਘਟ ਕੇ ਕੇਵਲ 27.3 ਤੱਕ ਹੀ ਪਹੁੰਚਿਆ ਹੈ। ਸਾਲ 2000 ਤੋਂ ਬਾਅਦ ਭਾਵੇਂ ਭਾਰਤ ਦਾ ਭੁੱਖਮਰੀ ਸੂਚਕ ਅੰਕ ਦਾ ਸਕੋਰ ਲਗਾਤਾਰ ਘਟਿਆ ਹੈ, ਪਰ ਚਿੰਤਾ ਦਾ ਵਿਸ਼ਾ ਹੈ ਕਿ ਅੱਜ ਵੀ 33 ਫ਼ੀਸਦੀ ਬੱਚਿਆਂ ਦਾ ਕੁਪੋਸ਼ਣ ਕਾਰਨ ਭਾਰ ਉਮਰ ਮੁਤਾਬਕ ਘੱਟ ਹੈ, 20 ਫ਼ੀਸਦੀ ਬੱਚਿਆਂ ਦੀ ਕੁਪੋਸ਼ਣ ਕਾਰਨ ਲੰਬਾਈ ਘੱਟ ਹੈ ਅਤੇ ਲਗਭਗ 77 ਫ਼ੀਸਦੀ ਕਈ ਸੂਬਿਆਂ 'ਚ 80 ਫ਼ੀਸਦੀ ਤੋਂ ਵੀ ਜ਼ਿਆਦਾ ਬੱਚੇ ਵਿਸ਼ਵ ਸਿਹਤ ਸੰਗਠਨ ਵੱਲੋਂ ਸੁਝਾਈ ਪੌਸ਼ਟਿਕ ਖ਼ੁਰਾਕ ਤੋਂ ਵਾਂਝੇ ਹਨ। ਇਥੇ ਹੀ ਬੱਸ ਨਹੀਂ ਸਗੋਂ ਬੱਚਿਆਂ 'ਚ ਕੁਪੋਸ਼ਣ ਦਾ ਪੱਧਰ ਵੀ ਬਹੁਤ ਉੱਚਾ ਹੈ ਤੇ ਮਾਵਾਂ ਦੀ ਖ਼ੁਰਾਕ ਦਾ ਪੱਧਰ ਵੀ ਬਹੁਤ ਨੀਵੇਂ ਦਰਜੇ 'ਤੇ ਪਾਇਆ ਜਾਂਦਾ ਹੈ। ਭਾਰਤ 'ਚ 6 ਤੋਂ 23 ਮਹੀਨਿਆਂ ਦੇ ਬੱਚਿਆਂ ਦੀ ਮੌਤ ਦਰ ਵਿਕਸਿਤ ਦੇਸ਼ਾਂ ਤੇ ਹੋਰ ਭੁੱਖਮਰੀ ਦਾ ਸਾਹਮਣਾ ਕਰ ਰਹੇ ਦੇਸ਼ਾਂ ਦੇ ਮੁਕਾਬਲੇ ਅਜੇ ਵੀ ਕਾਫ਼ੀ ਜ਼ਿਆਦਾ ਹੈ।

(ਬਾਕੀ ਸਫ਼ਾ 31 'ਤੇ)

# ਭਾਰਤ ਲਈ ਘਾਤਕ ਹੈ ਸਿੱਖਿਆ ਦਾ ਬਾਜ਼ਾਰੀਕਰਨ

ਪੂਰਨ ਚੰਦ ਸਰੀਨ

ਅੱਜ ਦੁਨੀਆਂ 'ਚ ਸਭ ਤੋਂ ਵੱਧ ਪੜ੍ਹਿਆ-ਲਿਖਿਆ, ਭਾਰਤ ਦੇ ਮੁਕਾਬਲੇ 'ਚ ਛੋਟਾ ਜਿਹਾ ਦੇਸ਼ ਦੱਖਣੀ ਕੋਰੀਆ ਹੈ। ਉਸ ਤੋਂ ਬਾਅਦ ਹੋਰ ਵਿਕਸਤ ਕਹੇ ਜਾਣ ਵਾਲੇ ਦੇਸ਼ ਆਉਂਦੇ ਹਨ ਜਿਵੇਂ ਚੀਨ, ਰੂਸ, ਕੈਨੇਡਾ, ਅਮਰੀਕਾ, ਜਰਮਨੀ, ਇੰਗਲੈਂਡ, ਫ਼ਰਾਂਸ, ਆਇਰਲੈਂਡ, ਨਾਰਵੇ ਅਤੇ ਹੋਰ। ਭਾਰਤ ਦਾ ਨੰਬਰ ਇਨ੍ਹਾਂ ਤੋਂ ਬਾਅਦ ਕਿਤੇ 90 ਦੇ ਨੇੜੇ-ਤੇੜੇ ਆਉਂਦਾ ਹੈ, ਕੁਝ ਲੋਕ ਕਹਿੰਦੇ ਹਨ ਕਿ 60 ਦੇ ਨੇੜੇ-ਤੇੜੇ ਸਾਡਾ ਨੰਬਰ ਹੈ। ਭਾਵ ਇਹ ਕਿ ਸਾਡੀ ਹਾਲਤ ਚਿੰਤਾਜਨਕ ਹੈ। ਸਾਡੀ ਅੱਧੀ ਆਬਾਦੀ ਲਗਭਗ ਅਨਪੜ੍ਹ ਜਾਂ ਬਹੁਤ ਘੱਟ ਪੜ੍ਹੀ-ਲਿਖੀ ਹੈ। ਤ੍ਰਾਸਦੀ ਇਹ ਹੈ ਕਿ ਚੀਨ ਜਿਸ ਤੋਂ ਆਬਾਦੀ ਦੇ ਮਾਮਲੇ 'ਚ ਅਸੀਂ ਅੱਗੇ ਨਿਕਲ ਚੁੱਕੇ ਹਾਂ, ਉਸ ਦੇ ਅਧਿਆਪਕਾਂ ਦੀ ਗਿਣਤੀ ਸਾਡੇ ਨਾਲੋਂ ਦੁਗਣੀ ਭਾਵ ਲਗਭਗ ਦੋ ਕਰੋੜ ਹੈ। ਮੂਹਰਲੀ ਕਤਾਰ 'ਚ ਆਉਣ ਵਾਲੇ ਦੇਸ਼ਾਂ 'ਚ 50 ਤੋਂ 80 ਲੱਖ ਤੱਕ ਅਧਿਆਪਕ ਹਨ। ਅਨੁਮਾਨ ਹੈ ਕਿ ਵਿਸ਼ਵ 'ਚ ਲਗਭਗ 15 ਕਰੋੜ ਬੱਚੇ ਸਵੇਰੇ ਪੜ੍ਹਨ ਲਈ ਸ਼ਾਨਦਾਰ ਇਮਾਰਤਾਂ ਅਤੇ ਹਰ ਤਰ੍ਹਾਂ ਦੀਆਂ ਸਹੂਲਤਾਂ ਨਾਲ ਲੈਸ ਸੰਸਥਾਵਾਂ 'ਚ ਜਾਂਦੇ ਹਨ। ਇਨ੍ਹਾਂ 'ਚ ਭਾਰਤ ਜਿਹੇ ਵਿਕਾਸਸ਼ੀਲ ਦੇਸ਼ ਵੀ ਹਨ ਅਤੇ ਅਵਿਕਸਤ ਵੀ। ਇਨ੍ਹਾਂ 'ਚ ਸਿੱਖਿਆ ਦੇ ਵੱਡੇ ਸੁੰਦਰ ਭਵਨ ਵੀ ਮਿਲ ਜਾਣਗੇ ਅਤੇ ਮਕਾਨ, ਦੁਕਾਨ, ਹਵੇਲੀ, ਪੁਰਾਣੇ ਖ਼ਸਤਾ ਹਾਲ ਘਰ 'ਚ ਬਣੇ ਸਕੂਲ ਵੀ ਜੋ ਸਰਬ-ਸਿੱਖਿਆ ਅਭਿਆਨ ਜਾਂ ਅਜਿਹੀ ਹੀ ਕਿਸੇ ਸਰਕਾਰੀ ਯੋਜਨਾ ਦੇ ਫੰਡ ਜਾਂ ਸਹਾਇਤਾ ਪ੍ਰਾਪਤ ਕਰਨ ਦੇ ਉਦੇਸ਼ ਨਾਲ ਗਲੀ-ਮੁਹੱਲਿਆਂ 'ਚ ਬਣਾ ਲਏ ਜਾਂਦੇ ਹਨ। ਇਨ੍ਹਾਂ 'ਚ ਪੈਸਾ ਲਗਾਉਣ ਵਾਲਾ ਕਦੇ ਸਾਹਮਣੇ ਨਹੀਂ ਆਉਂਦਾ ਪਰ ਕਿਸੇ ਨਾਮੀ-ਗਿਰਾਮੀ ਅਧਿਆਪਕ ਜਾਂ ਜਿਸ ਨੇ ਪੜ੍ਹਾਉਣ ਦੀ ਸਿਖਲਾਈ ਲਈ ਹੋਵੇ, ਬੀ.ਐੱਡ ਜਾਂ ਐੱਮ.ਐੱਡ ਹੋਵੇ, ਉਸ ਨੂੰ ਅੱਗੇ ਕਰ ਦਿੱਤਾ ਜਾਂਦਾ ਹੈ। ਉਸ ਦਾ ਪ੍ਰਮੁੱਖ ਕੰਮ ਇਹ ਹੁੰਦਾ ਹੈ ਕਿ ਪੜ੍ਹਾਈ-ਲਿਖਾਈ ਚਾਹੇ ਨਾ ਹੋਵੇ ਪਰ ਸਰਕਾਰੀ ਸਹੂਲਤਾਂ ਅਤੇ ਗ਼ੈਰ-ਸਰਕਾਰੀ ਐੱਨ.ਜੀ.ਓ. ਅਤੇ ਵੱਖ-ਵੱਖ ਉਦਯੋਗਪਤੀਆਂ ਵਲੋਂ ਸਥਾਪਿਤ ਟੈਕਸ ਬਚਾਉਣ ਦੇ ਉਦੇਸ਼ ਨਾਲ ਖੋਲ੍ਹੀਆਂ ਗਈਆਂ ਚੈਰੀਟੇਬਲ ਸੰਸਥਾਵਾਂ ਕੋਲੋਂ ਧਨ ਦੀ ਵਿਵਸਥਾ ਕੀਤੀ ਜਾਏ। ਉਸ ਨੂੰ ਵੀ ਪੜ੍ਹਨ-ਪੜ੍ਹਾਉਣ ਨਾਲੋਂ ਵੱਧ ਇਨ੍ਹਾਂ ਚੀਜ਼ਾਂ ਨੂੰ ਇਕੱਤਰ ਕਰਨ 'ਚ ਆਪਣੀ ਭਲਾਈ ਦਿਖਾਈ ਦੇਣ ਲਗਦੀ ਹੈ। ਇਸ ਤਰ੍ਹਾਂ ਸਿੱਖਿਆ ਦੀ ਆੜ 'ਚ ਇਹ ਧੰਦਾ ਲਗਾਤਾਰ ਵਧਦਾ ਫੁਲਦਾ ਰਹਿੰਦਾ ਹੈ।



ਸਰਕਾਰੀ ਸਕੂਲਾਂ ਅਤੇ ਉੱਚ ਸਿੱਖਿਆ ਸੰਸਥਾਵਾਂ 'ਚ ਤਾਂ ਫਿਰ ਵੀ ਕਾਇਦੇ-ਕਾਨੂੰਨਾਂ ਦੀ ਪਾਲਣਾ ਹੁੰਦੀ ਹੈ, ਜਿਨ੍ਹਾਂ 'ਚ ਕੇਂਦਰੀ ਸਕੂਲ ਵੀ ਆਉਂਦੇ ਹਨ। ਇਨ੍ਹਾਂ 'ਚ ਅਧਿਆਪਕਾਂ ਦੀ ਨਿਯੁਕਤੀ ਸੌਖੀ ਨਹੀਂ ਹੁੰਦੀ। ਆਪਣੀ ਯੋਗਤਾ ਅਤੇ ਵਿਸ਼ਵਾਸ ਯੋਗਤਾ ਸਾਬਤ ਕਰਨੀ ਪੈਂਦੀ ਹੈ। ਇਨ੍ਹਾਂ 'ਚੋਂ ਪੜ੍ਹ ਕੇ ਨਿਕਲੇ ਵਿਦਿਆਰਥੀ ਜੀਵਨ ਦੀ ਦੌੜ 'ਚ ਥੋੜ੍ਹਾ ਅੱਗੇ-ਪਿੱਛੇ ਤਾਂ ਰਹਿ ਸਕਦੇ ਹਨ, ਪਰ ਅਸਫਲ ਨਹੀਂ ਹੁੰਦੇ। ਜੋ ਨਿੱਜੀ ਤੌਰ 'ਤੇ ਚਲਾਏ ਜਾ ਰਹੇ ਸਿੱਖਿਆ ਸੰਸਥਾਨ ਹਨ, ਉਨ੍ਹਾਂ 'ਚ ਉਂਗਲੀ 'ਤੇ ਗਿਣੀਆਂ ਜਾ ਸਕਣ ਵਾਲੀਆਂ ਵਿਸ਼ਵ ਪ੍ਰਸਿੱਧ ਇਕਾਈਆਂ ਨੂੰ ਛੱਡ ਕੇ ਬਾਕੀ ਸਭ ਦੀ ਹਾਲਤ ਇਹ ਹੈ ਕਿ ਉਨ੍ਹਾਂ 'ਚੋਂ ਨਿਕਲੇ ਵਿਦਿਆਰਥੀਆਂ ਨੂੰ, ਉਨ੍ਹਾਂ ਨੂੰ ਮਿਲੀ ਡਿਗਰੀ ਦੀ ਬਦੌਲਤ ਕੋਈ ਵੀ ਨੌਕਰੀ ਦੇਣ ਨੂੰ ਤਿਆਰ ਨਹੀਂ ਹੁੰਦਾ। ਕਾਰਨ ਇਹ ਹੈ ਕਿ ਇਹ ਕਿਤਾਬੀ ਕੀੜੇ ਅਤੇ ਉਹ ਵੀ ਬਾਬਾ ਆਦਮ ਦੇ ਜ਼ਮਾਨੇ ਦੀਆਂ ਲਿਖੀਆਂ ਕਿਤਾਬਾਂ ਨੂੰ ਰੱਟਾ ਲਾ ਕੇ ਪਾਸ ਹੋਏ ਹੁੰਦੇ ਹਨ। ਜੇਕਰ ਇਨ੍ਹਾਂ 'ਚੋਂ ਕੋਈ ਵਿਦਿਆਰਥੀ ਸਿਰਫ਼ ਆਪਣੇ ਗੁਣਾਂ ਅਤੇ ਯੋਗਤਾ ਦੇ ਆਧਾਰ 'ਤੇ ਮੈਰਿਟ ਸੂਚੀ 'ਚ ਆ ਵੀ ਜਾਂਦਾ ਹੈ ਤਾਂ ਇਹ ਸੰਸਥਾਵਾਂ ਉਸ ਦਾ ਪੂਰਾ ਸਿਹਰਾ ਖ਼ੁਦ ਲੈ ਜਾਂਦੀਆਂ ਹਨ ਅਤੇ ਢੰਡੋਰਾ ਪਿੱਟਣ ਲਗਦੀਆਂ ਹਨ ਕਿ ਦੇਖੋ ਸਾਡੀਆਂ ਸੰਸਥਾਵਾਂ ਦੇ ਅਧਿਆਪਕ ਕਿੰਨੇ ਗੁਣੀ ਹਨ ਕਿ ਇਸ ਤਰ੍ਹਾਂ ਦੇ ਹੁਸ਼ਿਆਰ ਵਿਦਿਆਰਥੀ ਉਨ੍ਹਾਂ ਦੀਆਂ ਸੰਸਥਾਵਾਂ 'ਚੋਂ ਨਿਕਲੇ ਹਨ।

### ਸਿੱਖਿਆ ਦਾ ਚੱਕਰਵਿਊ

ਸਿੱਖਿਆ ਦੇ ਵਪਾਰੀਕਰਨ ਦੇ ਨਾਂਅ 'ਤੇ ਇਸ ਵਪਾਰ ਦੇ ਬਾਜ਼ਾਰ 'ਚ ਇਨ੍ਹਾਂ ਸੰਸਥਾਵਾਂ ਦੀ ਫ਼ੀਸ ਇੰਨੀ ਵਧ ਜਾਂਦੀ ਹੈ ਕਿ ਆਮ ਆਮਦਨੀ ਵਾਲਾ ਵਿਅਕਤੀ ਆਪਣੇ ਬੱਚਿਆਂ ਨੂੰ ਇਨ੍ਹਾਂ 'ਚ ਪੜ੍ਹਾਉਣ ਦਾ ਸੁਪਨਾ ਤੱਕ ਨਹੀਂ ਵੇਖ ਸਕਦਾ। ਸਾਡੇ ਦੇਸ਼ 'ਚ ਪ੍ਰਾਚੀਨ ਕਾਲ ਤੋਂ ਹੀ ਵਿਸ਼ਵ ਪ੍ਰਸਿੱਧ ਅਤੇ ਸਰਬੋਤਮ ਅਧਿਆਪਕਾਂ ਦੀ ਕਦੇ ਕਮੀ ਨਹੀਂ ਰਹੀ ਹੈ। ਉਨ੍ਹਾਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਹੱਦ ਤਾਂ ਉਦੋਂ ਹੋ ਜਾਂਦੀ ਹੈ, ਜਦੋਂ ਉਨ੍ਹਾਂ ਦੇ ਨਾਂਅ ਦੀ ਵਰਤੋਂ ਸਿੱਖਿਆ ਦੇ ਬਾਜ਼ਾਰ 'ਚ ਆਪਣੀ ਸਾਖ਼ ਬਣਾਉਣ ਲਈ ਕੀਤੀ ਜਾਂਦੀ ਹੈ। ਗੌਤਮ ਬੁੱਧ, ਕੌਟਲਿਆ ਜਾਂ ਚਾਣਕਿਆ, ਸਵਾਮੀ ਵਿਵੇਕਾਨੰਦ ਅਤੇ ਉਨ੍ਹਾਂ ਦੇ ਗੁਰੂ ਰਾਮ ਕ੍ਰਿਸ਼ਨ ਪਰਮਹੰਸ, ਰਵਿੰਦਰਨਾਥ ਟੈਗੋਰ, ਸਾਵਿੱਤਰੀ ਬਾਈ ਫੂਲੇ, ਮਦਨ ਮੋਹਨ ਮਾਲਵੀਆ ਅਤੇ ਆਪਣੇ ਵਿਗਿਆਨਕ ਅਧਿਆਪਕ ਰਾਸ਼ਟਰਪਤੀ ਰਹੇ ਏ.ਪੀ.ਜੇ. ਅਬਦੁਲ ਕਲਾਮ, ਇਨ੍ਹਾਂ ਦੇ ਨਾਂਅ 'ਤੇ ਧੂਮ ਧੜੱਕੇ ਨਾਲ ਚੱਲ ਰਹੀਆਂ ਸਿੱਖਿਆ ਸੰਸਥਾਵਾਂ ਪੂਰੇ ਦੇਸ਼ 'ਚ ਮਸ਼ਰੂਮ ਵਾਂਗ ਫੈਲੀਆਂ ਦਿਖਾਈ ਦੇ ਸਕਦੀਆਂ ਹਨ। ਇਨ੍ਹਾਂ ਸੰਸਥਾਵਾਂ 'ਚ ਪਰਿਵਾਰ ਦੇ ਹੀ ਲੋਕ ਕੁਲਪਤੀ, ਉਪ ਕੁਲਪਤੀ, ਡੀਨ, ਪ੍ਰੋਫ਼ੈਸਰ ਜਿਹੇ ਸਨਮਾਨਯੋਗ ਅਹੁਦੇ ਆਪਣੇ ਨਾਂਅ ਕਰ ਲੈਂਦੇ ਹਨ ਅਤੇ ਦੇਸ਼-ਵਿਦੇਸ਼ 'ਚ ਸਿੱਖਿਆ ਸੈਮੀਨਾਰਾਂ, ਸੰਮੇਲਨਾਂ 'ਚ ਧਨ ਬਲ ਨਾਲ ਪ੍ਰਧਾਨਗੀ ਕਰਦੇ ਹਨ ਜਾਂ ਕਿਸੇ ਪੁਰਸਕਾਰ ਨਾਲ ਸਨਮਾਨਿਤ ਹੁੰਦੇ ਰਹਿੰਦੇ ਹਨ।

### ਜਾਂਚ ਪਰਖ

ਇਕ ਪੈਮਾਨਾ ਹੈ। ਦੁਨੀਆਂ 'ਚ ਅਜਿਹੇ ਬਹੁਤ ਸਾਰੇ ਦੇਸ਼ ਹਨ, ਜਿਨ੍ਹਾਂ 'ਚ ਵਿਗਿਆਨਕ ਪ੍ਰਾਪਤੀਆਂ ਲਈ ਨੋਬਲ ਪੁਰਸਕਾਰ ਹਾਸਲ ਕਰਨ ਵਾਲੇ ਅਧਿਆਪਕਾਂ ਦੀ ਗਿਣਤੀ ਸੈਂਕੜਿਆਂ 'ਚ ਹੈ। ਹਰ ਸਾਲ ਪੁਰਸਕਾਰ ਹਾਸਿਲ ਕਰਨ ਵਾਲੇ ਵਿਅਕਤੀਆਂ ਦਾ ਗ੍ਰਾਫ਼ ਵਧਦਾ ਹੀ ਜਾਂਦਾ ਹੈ।

(ਬਾਕੀ ਸਫ਼ਾ 31 'ਤੇ)

# ਸਿੱਖ ਡਾਇਸਪੋਰਾ ਨੂੰ ਸਾਵਧਾਨ ਹੋਣ ਦੀ ਲੋੜ

ਡਾ. ਗੁਰਵਿੰਦਰ ਸਿੰਘ

## 'ਮਿਸਲ ਵੰਡ ਅਬ ਕਬੇ ਨਾ ਪਾਵੋ, ਰਲ ਮਿਲ ਖੜ ਤੁਰ ਪੰਥ ਬਚਾਵੋ'



ਦਿੱਲੀ 'ਚ ਨਵੰਬਰ 1984 ਨੂੰ ਗੁਰਦੁਆਰੇ 'ਤੇ ਹਮਲੇ ਦੀ ਤਸਵੀਰ।



ਨਵੰਬਰ 2024 ਨੂੰ ਗੁਰਦੁਆਰਾ ਸਿੰਘ ਸਭਾ ਮਾਲਟਨ ਨੂੰ ਕੱਟੜਪੰਥੀਆਂ ਵਲੋਂ ਘੇਰਨ ਦੀ ਤਸਵੀਰ।

40 ਸਾਲ ਪਹਿਲਾਂ ਇਨੀਂ ਦਿਨੀਂ, ਦਿੱਲੀ ਸਮੇਤ ਭਾਰਤ ਦੇ ਕੋਨੇ-ਕੋਨੇ ਵਿੱਚ ਸਿੱਖ ਨਸਲਕੁਸ਼ੀ ਦੌਰਾਨ, ਕਾਂਗਰਸ ਦੇ ਰਾਜ ਵਿੱਚ ਹਿੰਦੂਤਵੀ ਕੱਟੜਪੰਥੀਆ ਨੇ 20 ਹਜ਼ਾਰ ਤੋਂ ਵੱਧ ਸਿੱਖਾਂ ਦਾ ਕਤਲੇਆਮ ਕੀਤਾ, ਹਜ਼ਾਰਾਂ ਧੀਆਂ ਭੈਣਾਂ ਦਾ ਸਮੂਹਿਕ ਬਲਾਤਕਾਰ ਕੀਤਾ। ਦੇਸ਼ ਦੇ ਕੋਨੇ ਕੋਨੇ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਗਈ ਅਤੇ ਸੈਂਕੜੇ ਗੁਰਦੁਆਰੇ ਸਾੜੇ ਗਏ, ਪਰ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਵਾਲੇ ਸਿੱਖਾਂ ਵੱਲੋਂ ਪੰਜਾਬ ਵਿੱਚ ਜਾਂ ਦੇਸ਼ ਵਿੱਚ ਕਿਸੇ ਹਿੰਦੂ ਮੰਦਿਰ ਨੂੰ ਨੁਕਸਾਨ ਨਹੀਂ ਪਹੁੰਚਾਇਆ ਗਿਆ, ਇਹ ਖ਼ਾਲਸਾਈ ਵਿਰਾਸਤ ਹੈ।

40 ਸਾਲ ਪਹਿਲਾਂ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪਣੀ ਜਾਨ ਆਪ ਗਵਾਈ ਸੀ। ਉਸ ਨੂੰ ਹਿੰਦੂ ਕਰਕੇ ਨਹੀਂ ਮਾਰਿਆ ਗਿਆ, ਉਸ ਨੂੰ ਭਾਰਤ ਦੀ ਉਸ ਪ੍ਰਧਾਨ ਮੰਤਰੀ ਕਰਕੇ ਮਾਰਿਆ ਗਿਆ, ਜਿਸ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਅਤੇ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕੀਤਾ। ਸਿਤਮਜ਼ਰੀਫੀ ਦੇਖੋ ਕਿ ਇੰਦਰਾ ਗਾਂਧੀ ਦੇ ਮਰਨ ਤੋਂ ਬਾਅਦ ਭਾਰਤੀ ਸਟੇਟ ਨੇ ਹਜ਼ਾਰਾਂ ਸਿੱਖਾਂ ਨੂੰ ਮਾਰਿਆ, ਹਜ਼ਾਰਾਂ ਘਰ ਸਾੜੇ, ਗੁਰਦੁਆਰੇ, ਸਕੂਲ, ਹਸਪਤਾਲ ਸਾੜੇ।

ਅਸੀਂ ਕੈਨੇਡਾ ਵਿੱਚ ਬੈਠੇ ਹਾਂ। ਸਿੱਖ ਨਸਲਕੁਸ਼ੀ ਦੇ 40ਵੇਂ ਵਰੇ 'ਤੇ ਇੱਥੋਂ ਦੇ ਸਨਾਤਨੀ ਭਾਈਚਾਰੇ ਵੱਲੋਂ ਪਹਿਲੀ, ਦੂਜੀ ਜਾਂ ਤੀਜੀ ਨਵੰਬਰ ਨੂੰ ਸਿੱਖ ਨਸਲਕੁਸ਼ੀ 1984 ਅਤੇ ਹਜ਼ਾਰਾਂ ਸਿੱਖਾਂ ਦੇ ਕਤਲ ਤੇ ਇੱਕ ਹੰਝੂ ਵੀ ਨਹੀਂ ਕੇਰਿਆ ਗਿਆ ਹੋਵੇ, ਬਲਕਿ ਇੰਨਾ ਜ਼ਰੂਰ ਪ੍ਰਚਾਰ ਕੀਤਾ ਗਿਆ ਕਿ '31 ਅਕਤੂਬਰ ਨੂੰ ਸਾਡੀ ਮਾਂ ਮਾਰੀ ਗਈ, ਅਸੀਂ ਪਹਿਲੀ ਨਵੰਬਰ ਨੂੰ ਦਿਵਾਲੀ ਮਨਾਵਾਂਗੇ' ਕਿਹੋ ਜਿਹੀ ਨਫਰਤ ਭਰੀ ਗੱਲ ਹੈ।

ਕੈਨੇਡਾ ਵਿੱਚ ਭਾਰਤੀ ਸਟੇਟ ਦੀ ਧੱਕੇਸ਼ਾਹੀ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਸਿੱਖਾਂ ਦੇ ਸਾਹਮਣੇ, ਪ੍ਰੇਰਨਾਦਾਇਕ ਇਤਿਹਾਸ ਹੈ। ਗੁਰਦੁਆਰਾ ਸੁਧਾਰ ਲਹਿਰ ਦੌਰਾਨ ਮੋਰਚਿਆਂ ਦਾ ਇਤਿਹਾਸ ਹੈ ਕਿ ਸਿੱਖਾਂ ਨੇ ਪ੍ਰੇਮ ਅਤੇ ਸ਼ਾਂਤਮਈ ਸੰਘਰਸ਼ਾਂ ਰਾਹੀਂ ਜਿੱਤਿਆ।

ਕੈਨੇਡਾ ਵਿੱਚ ਗੱਲ ਕਹਿਣ ਦੀ ਆਜ਼ਾਦੀ ਹੈ ਤੇ ਭਾਰਤੀ ਸਟੇਟ ਦੀ ਦਖਲ-ਅੰਦਾਜ਼ੀ ਖ਼ਿਲਾਫ਼ ਕੈਨੇਡਾ-ਅਮਰੀਕਾ ਸਮੇਤ, ਵੱਖ ਵੱਖ ਦੇਸ਼ ਜਦੋਂ ਆਵਾਜ਼ ਬਣ ਰਹੇ ਹਨ, ਤਾਂ ਇਹਨਾਂ ਸਮਿਆਂ ਵਿੱਚ ਸਿੱਖ-ਵਿਰੋਧੀ ਤਾਕਤਾਂ ਸਿੱਖ ਸੰਘਰਸ਼ ਨੂੰ ਨੁਕਸਾਨ ਪਹੁੰਚਾਉਣ ਲਈ, ਸਿੱਖਾਂ ਨੂੰ ਉਕਸਾ ਰਹੀਆਂ ਹਨ, ਇਥੋਂ ਸਬਕ ਲੈਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਟਰੂਡੋ ਦਾ ਕਹਿਣਾ ਜਾਇਜ਼ ਹੈ ਕਿ ਕਿਸੇ ਦੇ ਧਾਰਮਿਕ ਅਸਥਾਨ ਤੇ ਧਾਰਮਿਕ ਆਜ਼ਾਦੀ ਤੇ ਦਖਲ ਅੰਦਾਜ਼ੀ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਨੇ ਤਾਂ ਸੈਂਕੜੇ ਸਾਲ ਪਹਿਲਾਂ ਸ਼ਹਾਦਤ ਦੇ ਕੇ ਧਾਰਮਿਕ ਆਜ਼ਾਦੀ ਦੇ ਸਿਧਾਂਤ ਅਤੇ ਇਤਿਹਾਸ ਦੀ ਬੁਨਿਆਦ ਰੱਖੀ ਸੀ। ਫਿਰ ਕੋਈ ਸਿੱਖ ਕਿਸੇ ਮੰਦਿਰ 'ਤੇ ਹਮਲਾ ਕਿਵੇਂ ਕਰ ਸਕਦਾ ਹੈ ਅਤੇ ਨਾ ਹੀ ਕਿਸੇ ਮੰਦਿਰ ਜਾਂ ਹਿੰਦੂਆਂ ਦੇ ਖ਼ਿਲਾਫ਼ ਕੋਈ ਹਮਲਾ ਹੋਇਆ ਹੈ, ਜਦਕਿ ਪਾਰਕਿੰਗ ਲਾਟ ਵਿੱਚ ਹੋਈ ਇੱਕ ਝੜਪ ਨੂੰ 'ਮੰਦਿਰ 'ਤੇ ਹਮਲਾ' ਕਰਾਰ ਦਿੱਤਾ ਗਿਆ। ਗੋਦੀ ਮੀਡੀਏ ਨੇ ਇਸ ਦਾ ਰੱਜ ਕੇ ਪ੍ਰਚਾਰ ਕੀਤਾ ਹੈ। ਇਹ ਰੋਸ ਮੰਦਿਰ ਵਿੱਚ ਆਏ ਇੰਡੀਅਨ ਸਟੇਟ ਦੇ ਕਰਿੰਦਿਆਂ ਖ਼ਿਲਾਫ਼ ਸੀ, ਨਾ ਕਿ ਹਿੰਦੂਆਂ ਖ਼ਿਲਾਫ਼।

ਦੂਜੇ ਪਾਸੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਲਟਨ 'ਤੇ ਹਮਲਾ ਕਰਨ ਦੀਆਂ ਸਾਜਿਸ਼ਾਂ ਦੀਆਂ ਵੀਡੀਓ ਲਗਾਤਾਰ ਸਾਹਮਣੇ ਆ ਰਹੀਆਂ ਹਨ। ਇਸ ਤੋਂ ਇਲਾਵਾ ਇੰਡੀਅਨ ਸਟੇਟ ਪੱਖੀ ਵੈਨਕੂਵਰ ਦਾ ਇੱਕ ਭਾਰਤ ਸਰਕਾਰ ਪੱਖੀ ਆਗੂ ਸ਼ਰੇਆਮ ਕਹਿ ਰਿਹਾ ਹੈ ਕਿ ਪ੍ਰਦਰਸ਼ਨਕਾਰੀਆਂ 'ਤੇ ਗੱਡੀ ਚੜਾ ਦੇਵਾਂ ਜਾਂ ਪੁੱਲ ਤੋਂ ਛਾਲ ਮਾਰ ਦੇਵਾਂ। ਇਹ ਸਾਰੀਆਂ ਸਿੱਖਾਂ ਨੂੰ ਉਕਸਾਉਣ ਦੀਆਂ ਚਾਲਾਂ ਹਨ, ਪਰ ਸਿੱਖਾਂ ਨੂੰ ਇਸ ਦਾ ਪ੍ਰਤੀਕਰਮ ਦੇਣ ਤੋਂ ਬਚਣਾ ਚਾਹੀਦਾ ਹੈ।ਕੈਨੇਡਾ ਵਿੱਚ ਫਿਰਕੂ ਹਿੰਦੂਤਵੀਆਂ ਵੱਲੋਂ "ਸਿੱਖਾਂ ਨੂੰ 84 ਦੁਬਾਰਾ ਯਾਦ ਕਰਾਉਣ" ਅਤੇ ਮਾਰ-ਮਾਰ ਕੇ ਭਜਾਉਣ ਦੀਆਂ ਫਿਰਕੂ ਟਿੱਪਣੀਆਂ ਦੀ ਸ਼ਰਮਨਾਕ ਕਾਰਵਾਈ ਬਾਰੇ ਨਾ ਇੰਡੀਅਨ ਗੋਦੀ ਮੀਡੀਆ ਤੇ ਨਾ ਕੈਨੇਡਾ ਦਾ ਦੇਸੀ ਮੀਡੀਆ ਬਿਆਨ ਕਰ ਰਿਹਾ ਹੈ।

ਕੈਨੇਡਾ ਅਤੇ ਭਾਰਤ ਦੇ ਹਾਲਾਤ, ਭਾਰਤੀ ਸਟੇਟ ਦੀ ਕੈਨੇਡਾ ਵਿੱਚ ਸਿੱਖ ਆਗੂਆਂ ਨੂੰ ਨਿਸ਼ਾਨਾ ਬਣਾਉਣ ਦੀ ਸਾਜਿਸ਼ ਅਤੇ ਦਖਲਅੰਦਾਜ਼ੀ ਕਾਰਨ, ਸੁਖਾਵੇਂ ਨਹੀਂ। ਉਸ ਸਮੇਂ ਮਿਥ ਕੇ ਤੇ ਜਾਣ-ਬੁਝ ਕੇ ਕੁਝ ਗੁਰਦੁਆਰਿਆਂ, ਮੰਦਿਰਾਂ ਵੱਲੋਂ ਭਾਰਤੀ ਕੌਂਸਲ ਖਾਨਿਆਂ ਦੇ ਸਟਾਫ ਨੂੰ ਸੱਦਣਾ ਵੀ ਸਾਜਿਸ਼ ਹੈ, ਜਦੋਂ ਕਿ ਕੈਨੇਡਾ ਸਰਕਾਰ ਸਪਸ਼ਟ ਕਰ ਚੁੱਕੀ ਹੈ ਕਿ ਇਹਨਾਂ ਕੌਂਸਲਖਾਨਿਆਂ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਅਤੇ ਮਾਰਨ ਦੀਆਂ ਯੋਜਨਾਵਾਂ ਘੜੀਆਂ ਜਾਂਦੀਆਂ ਹਨ।

ਜਿਹੜੇ ਗੁਰਦੁਆਰੇ ਤੇ ਮੰਦਰ ਇਹਨਾਂ ਨੂੰ ਇਹਨਾਂ ਦਿਨਾਂ 'ਚ ਜਾਣ ਬੁਝ ਕੇ ਸਫਾਰਤਖਾਨੇ ਦੇ ਸਟਾਫ ਨੂੰ ਬੁਲਾ ਰਹੇ ਹਨ, ਉਹ ਬਲਦੀ 'ਤੇ ਤੇਲ ਪਾ ਰਹੇ ਹਨ ਅਤੇ ਅੱਗ ਲਾ ਕੇ ਤਮਾਸ਼ਾ ਦੇਖ ਰਹੇ ਹਨ। ਸਾਮ, ਦਾਮ, ਦੰਡ, ਭੇਦ ਨੀਤੀ ਦੀਆਂ ਚਾਲਾਂ ਨੂੰ ਸਮਝਦਿਆਂ ਹੋਇਆਂ, ਇਹਨਾਂ ਗੁਰਦੁਆਰਿਆਂ, ਮੰਦਿਰਾਂ ਆਦਿਕ ਧਾਰਮਿਕ ਅਸਥਾਨਾਂ ਦੇ ਬਾਹਰ ਰੋਸ ਤੋਂ ਗੁਰੇਜ ਕਰਨਾ ਚਾਹੀਦਾ ਹੈ।

ਸਰੀ ਵਿੱਚ ਜਦੋਂ ਐਤਵਾਰ ਨੂੰ ਭਾਰਤੀ ਕੌਂਸਲ ਖਾਨੇ ਦੇ ਅਧਿਕਾਰੀਆਂ ਦੇ ਆਉਣ 'ਤੇ ਰੋਸ ਪ੍ਰਦਰਸ਼ਨ ਹੋ ਰਿਹਾ ਸੀ ਤੇ ਸੜਕ ਦੇ ਪਰਲੇ ਪਾਸੇ ਪ੍ਰਦਰਸ਼ਨਕਾਰੀ ਖੜੇ ਸਨ। ਪੁਲਿਸ ਸੱਜੇ ਪਾਸੇ ਖੜੀ ਸੀ, ਪੁਲਿਸ ਦੇ ਅਧਿਕਾਰੀਆਂ ਦੇ ਵਿੱਚ ਦਸਤਾਰਧਾਰੀ ਤੇ ਕਲੀਨ ਸ਼ੇਵਨ ਸਿੱਖ ਵੀ ਸਨ। ਵੀਡੀਓ 'ਚ ਸ਼ਰੇਆਮ ਹਿੰਦੂਤਵੀ ਕੱਟੜਪੰਥੀ ਉਹਨਾਂ ਨੂੰ ਗਾਲਾਂ ਕੱਢ ਰਹੇ ਹਨ, ਖ਼ਾਲਿਸਤਾਨੀ, ਅੱਤਵਾਦੀ ਕਹਿ ਰਹੇ ਹਨ।

ਜਦੋਂ ਇਹ ਕੱਟੜਪੰਥੀ ਪੁਲਿਸ ਨਾਲ ਹੱਥੋਪਾਈ ਹੋ ਪਏ, ਉਸ ਤੋਂ ਬਾਅਦ ਪੁਲਿਸ ਨੇ ਉਹਨਾਂ ਵਿੱਚੋਂ ਕੁਝ ਨੂੰ ਗ੍ਰਿਫ਼ਤਾਰ ਕੀਤਾ, ਜਦ ਕਿ ਦੇਸੀ ਇੰਡੀਅਨ ਮੀਡੀਆ ਅਤੇ ਭਾਰਤੀ ਗੋਦੀ ਮੀਡੀਆ ਕਹਿ ਰਿਹਾ ਹੈ ਕਿ ਮੰਦਿਰ ਵਿੱਚ ਜਾ ਕੇ 'ਪੁਲਿਸ ਨੇ ਹਿੰਦੂ ਭਗਤਾਂ' ਨੂੰ ਕੁੱਟਿਆ, ਜੋ ਕਿ ਹਕੀਕਤ ਤੋਂ ਕੋਹਾਂ ਦੂਰ ਹੈ।

ਗੋਦੀ ਮੀਡੀਆ ਅਤੇ ਇੰਡੀਅਨ ਸਟੇਟ ਨੇ ਇਹ ਬਿਰਤਾਂਤ ਸਿਰਜਣਾ ਹੀ ਹੈ, ਪਰ ਸਿੱਖਾਂ ਨੂੰ ਸੁਚੇਤ ਹੋਣ ਦੀ ਲੋੜ ਹੈ ਅਤੇ ਇਸ ਲਈ ਸਮੂਹ ਸੰਸਥਾਵਾਂ ਨੂੰ ਇੱਕ ਮੁੱਠ ਹੋਣ ਦੀ ਲੋੜ ਹੈ। ਚੰਗੀ ਗੱਲ ਹੈ ਵਿਸ਼ਵ ਸਿੱਖ ਸੰਸਥਾ, ਓਂਟਾਰੀਓ ਗੁਰਦੁਆਰਾ ਕਮੇਟੀ, ਬੀਸੀ ਗੁਰਦੁਆਰਾ ਕੌਂਸਲ, ਕਿਊਬੈਕ ਐਲਬਰਟਾ ਅਤੇ ਬਾਕੀ ਸਾਰੇ ਕੈਨੇਡਾ ਦੀਆਂ ਸਿੱਖ ਸੰਸਥਾਵਾਂ ਇੱਕ ਮੁੱਠ ਹੋਈਆਂ ਹਨ। ਸਾਰਿਆਂ ਨੂੰ ਮਿਲ ਕੇ ਅਤੇ ਆਪੋ-ਆਪਣੀਆਂ ਵੰਡੀਆਂ ਛੱਡ ਕੇ, ਫਿਰਕੂ ਤਾਕਤਾਂ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਇਸ ਬਾਰੇ ਵਧੇਰੇ ਸੇਧ ਲੈਣ ਲਈ ਸਿਖੀ ਵਿਰਸੇ ਦੇ ਇਤਿਹਾਸਿਕ ਬਿਰਤਾਂਤ 'ਤੇ ਗੌਰ ਕਰੀਏ ਜਿਵੇਂ ਕਿ ਵੱਡੇ ਘਲੂਘਾਰੇ ਦੇ ਸਮੇਂ ਜਦੋ ਸਿੱਖ ਜਰਨੈਲ ਮਿਸਲਾਂ ਵੰਡ ਕੇ ਲੜਨ ਦੀ ਸੋਚ ਰਹੇ ਸਨ, ਤਾਂ ਕੌਮ ਦੇ ਜਥੇਦਾਰ ਸਾਹਿਬ ਨੇ ਸੂਝ-ਬੂਝ ਭਰੇ ਸ਼ਬਦ ਕਹੇ ਸਨ ਕਿ ਜਦ ਵੈਰੀ ਸਿਰੇ ਦਾ ਦੁਸ਼ਟ ਅਤੇ ਸ਼ਾਤੁਰ ਹੋਵੇ, ਫਿਰ ਆਪਸੀ ਮਤਭੇਦ ਮਿਟਾ ਕੇ ਇਕ ਮੁਠ ਹੋ ਜਾਣਾ ਚਾਹੀਦਾ ਹੈ।

ਮਿਸਲ ਵੰਡ ਅਬ ਕਬੇ ਨਾ ਪਾਵੋ
ਰਲ ਮਿਲ ਖੜ ਤੁਰ ਪੰਥ ਬਚਾਵੋ ।
(ਰਤਨ ਸਿੰਘ ਭੰਗੂ)

# ਪੰਜਾਬ 'ਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਹੋਵੇ



ਸੁਮੀਤ ਸਿੰਘ

ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਵਿੱਚ ਕਈ ਪਖੰਡੀ ਬਾਬਿਆਂ, ਤਾਂਤਰਿਕਾਂ ਅਤੇ ਡੇਰਿਆਂ ਵੱਲੋਂ ਅਖੌਤੀ ਦੈਵੀ ਸ਼ਕਤੀ ਰਾਹੀਂ ਕਿਸੇ ਸਰੀਰਕ ਜਾਂ ਮਾਨਸਿਕ ਰੋਗ ਨਾਲ ਪੀੜਤ ਵਿਅਕਤੀ ਵਿੱਚੋਂ ਅਖੌਤੀ ਬੁਰੀ ਆਤਮਾ, ਓਪਰੀ ਸ਼ੈਅ ਜਾਂ ਭੂਤ ਪ੍ਰੇਤ ਕੱਢਣ ਦੀ ਆੜ ਹੇਠ ਕਤਲ, ਔਰਤਾਂ ਨਾਲ ਬਲਾਤਕਾਰ, ਗਰਮ ਚਿਮਟਿਆਂ ਨਾਲ ਤਸੀਹੇ ਦੇਣ ਅਤੇ ਮਾਸੂਮ ਬੱਚਿਆਂ ਦੀ ਬਲੀ ਦੇਣ ਦੀਆਂ ਕਈ ਦਿਲ ਕੰਬਾਊ ਅਪਰਾਧਿਕ ਘਟਨਾਵਾਂ ਵਾਪਰ ਚੁੱਕੀਆਂ ਹਨ ਅਤੇ ਇਹ ਦਿਨੋਂ ਦਿਨ ਵਧਦੀਆਂ ਜਾ ਰਹੀਆਂ ਹਨ।

ਪਿਛਲੇ ਦਿਨੀਂ ਗੁਰਦਾਸਪੁਰ ਅਧੀਨ ਥਾਣਾ ਧਾਰੀਵਾਲ ਦੇ ਪਿੰਡ ਸਿੰਘਪੁਰਾ ਦੇ ਨੌਜਵਾਨ ਸੈਮੂਅਲ ਮਸੀਹ ਨੂੰ ਇੱਕ ਪਾਦਰੀ ਅਤੇ ਉਸਦੇ ਸਾਥੀਆਂ ਵੱਲੋਂ ਅਖੌਤੀ ਭੂਤ ਪ੍ਰੇਤ, ਬੁਰੀ ਆਤਮਾ ਕੱਢਣ ਦੇ ਬਹਾਨੇ ਹੇਠ ਉਸਦੇ ਪਰਿਵਾਰਕ ਮੈਂਬਰਾਂ ਦੇ ਸਾਹਮਣੇ ਕੁੱਟ ਕੁੱਟ ਕੇ ਜਾਨੋਂ ਮਾਰ ਦਿੱਤਾ। ਬੇਸ਼ਕ ਪੁਲਿਸ ਵੱਲੋਂ ਮੁੱਖ ਮੁਲਜ਼ਮ ਗ੍ਰਿਫ਼ਤਾਰ ਕਰ ਲਏ ਗਏ ਹਨ ਪਰ ਇਹ ਨੌਜਵਾਨ ਸਰਕਾਰ ਦੀ ਅਣਗਹਿਲੀ ਅਤੇ ਸਮਾਜ ਵਿੱਚ ਪਸਰੀ ਅੰਧ ਵਿਸ਼ਵਾਸੀ ਸੋਚ ਦੀ ਭੇਂਟ ਚੜ੍ਹ ਗਿਆ।

ਪਿਛਲੇ ਕੁਝ ਸਾਲਾਂ ਵਿੱਚ ਪਿੰਡ ਕੋਟ ਫੱਤਾ (ਬਠਿੰਡਾ), ਮੂਧਲ (ਅੰਮ੍ਰਿਤਸਰ) ਅਤੇ ਖੰਨਾ (ਲੁਧਿਆਣਾ) ਵਿਖੇ ਮਾਸੂਮ ਬੱਚਿਆਂ ਦੀ ਬਲੀ ਦੇਣ ਦੀਆਂ ਵਹਿਸ਼ੀ ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਕਿਸੇ ਵੀ ਸਿਆਸੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿੱਚ ਅਜਿਹੇ ਬਾਬਿਆਂ, ਸਾਧਾਂ-ਸਿਆਣਿਆਂ ਅਤੇ ਡੇਰਿਆਂ ਦੀਆਂ ਗ਼ੈਰ ਕਾਨੂੰਨੀ ਕਾਰਵਾਈਆਂ ਉੱਤੇ ਪਾਬੰਦੀ ਲਾਉਣ ਅਤੇ ਕੋਈ ਠੋਸ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਪਾਸ ਕਰਨ ਦੀ ਸੰਵਿਧਾਨਿਕ ਜ਼ਿੰਮੇਵਾਰੀ ਨਹੀਂ ਨਿਭਾਈ। ਮੌਜੂਦਾ ਵਿਗਿਆਨ ਦੇ ਯੁਗ ਵਿੱਚ ਧਾਰਮਿਕ ਆਸਥਾ ਦੀ ਆੜ ਹੇਠ ਅਖੌਤੀ ਭੂਤ ਪ੍ਰੇਤ ਕੱਢਣ ਅਤੇ ਮਨੁੱਖੀ ਬਲੀ ਦੇਣ ਦੀਆਂ ਅਜਿਹੀਆਂ ਵਹਿਸ਼ੀ ਹੱਤਿਆਵਾਂ ਆਪਣੇ ਆਪ ਨੂੰ ਸੱਭਿਅਕ ਕਹਾਉਂਦੇ ਭਾਰਤੀ ਸਮਾਜ ਅਤੇ ਮਨੁੱਖਤਾ ਦੇ ਮੱਥੇ 'ਤੇ ਕਲੰਕ ਹਨ। ਸਵਾਲ ਇਹ ਵੀ ਹੈ ਕਿ ਸਾਨੂੰ ਸਿਰਫ ਧਾਰਮਿਕ ਮੁੱਦਿਆਂ ਅਤੇ ਖਾਸ ਕਰਕੇ ਬੇਅਦਬੀਆਂ ਦੇ ਮੌਕੇ ਹੀ ਗੁੱਸਾ ਕਿਉਂ ਆਉਂਦਾ ਹੈ? ਅਜਿਹੀਆਂ ਵਹਿਸ਼ੀ ਘਟਨਾਵਾਂ ਮੌਕੇ ਕਿਉਂ ਨਹੀਂ? ਇਹ ਮਹਿਜ਼ ਕੋਈ ਸਧਾਰਨ ਕਤਲ ਨਹੀਂ ਹਨ ਬਲਕਿ ਇੱਕ ਖ਼ਤਰਨਾਕ ਲੁਟੇਰੀ ਮਾਨਸਿਕਤਾ ਤਹਿਤ ਮਾਸੂਮ ਬੱਚਿਆਂ ਨੂੰ ਫੁਸਲਾ ਕੇ ਇੱਕ ਯੋਜਨਾਬੱਧ ਸਾਜ਼ਿਸ਼ ਹੇਠ ਬੇਰਹਿਮੀ ਨਾਲ ਕੀਤੀਆਂ ਗਈਆਂ



ਹੱਤਿਆਵਾਂ ਹਨ, ਜਿਸ ਲਈ ਸਖ਼ਤ ਕਾਨੂੰਨ ਬਣਾ ਕੇ ਦੋਸ਼ੀਆਂ ਨੂੰ ਫਾਸਟ ਟਰੈਕ ਕੋਰਟ ਵਿੱਚ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਬੇਹੱਦ ਅਫ਼ਸੋਸ ਹੈ ਕਿ ਅਜਿਹੀਆਂ ਵਹਿਸ਼ੀ ਹੱਤਿਆਵਾਂ ਨੂੰ ਬੰਦ ਕਰਵਾਉਣ ਲਈ ਸਰਕਾਰਾਂ ਵੱਲੋਂ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਇੱਥੇ ਸਭ ਤੋਂ ਵੱਧ ਚਿੰਤਾਜਨਕ ਸਵਾਲ ਇਹ ਵੀ ਹੈ ਕਿ ਮੌਜੂਦਾ ਭ੍ਰਿਸ਼ਟ ਢਾਂਚੇ ਹੇਠ ਕਈ ਸਾਲਾਂ ਦੀ ਨੁਕਸਦਾਰ ਨਿਆਇਕ ਪ੍ਰਕਿਰਿਆ ਤੋਂ ਬਾਅਦ ਜੇਕਰ ਅਜਿਹੀਆਂ ਵਹਿਸ਼ੀ ਹੱਤਿਆਵਾਂ ਦੇ ਮੁਲਜ਼ਮਾਂ ਨੂੰ ਕੋਈ ਸਜ਼ਾ ਮਿਲ ਵੀ ਗਈ ਤਾਂ ਕੀ ਮਾਪਿਆਂ ਨੂੰ ਉਨ੍ਹਾਂ ਦੇ ਮਾਸੂਮ ਬੱਚੇ ਜਿੰਦਾ ਵਾਪਸ ਮਿਲ ਸਕਣਗੇ?

ਭਾਰਤੀ ਸਮਾਜ ਦੇ ਜ਼ਿਆਦਾਤਰ ਲੋਕ ਭਾਵੇਂ ਉਹ ਪੜ੍ਹੇ ਲਿਖੇ ਹੋਣ ਜਾਂ ਅਨਪੜ੍ਹ, ਪੇਂਡੂ ਹੋਣ ਜਾਂ ਸ਼ਹਿਰੀ ਜਾਂ ਕਿਸੇ ਵੀ ਧਰਮ, ਫਿਰਕੇ, ਵਰਗ ਜਾਂ ਖੇਤਰ ਨਾਲ ਸੰਬੰਧਿਤ ਹੋਣ, ਵਿਗਿਆਨਕ ਸੋਚ ਦੀ ਘਾਟ ਕਾਰਨ ਪੀੜ੍ਹੀ ਦਰ ਪੀੜ੍ਹੀ ਕਈ ਤਰ੍ਹਾਂ ਦੇ ਵਹਿਮਾਂ ਭਰਮਾਂ, ਅੰਧਵਿਸ਼ਵਾਸਾਂ, ਰੂੜ੍ਹੀਵਾਦੀ ਰਸਮਾਂ, ਡੇਰਿਆਂ, ਪਾਖੰਡੀ ਬਾਬਿਆਂ, ਸਿਆਣਿਆਂ ਅਤੇ ਜੋਤਸ਼ੀਆਂ ਦੇ ਮੱਕੜਜਾਲ ਵਿੱਚ ਬੜੀ ਬੁਰੀ ਤਰ੍ਹਾਂ ਫਸੇ ਹੋਏ ਹਨ। ਲੋਕਾਂ ਦੀ ਅਜਿਹੀ ਅੰਧਵਿਸ਼ਵਾਸੀ ਮਾਨਸਿਕਤਾ ਦਾ ਫਾਇਦਾ ਉਠਾ ਕੇ ਜਗ੍ਹਾ ਜਗ੍ਹਾ ਦੁਕਾਨਾਂ ਖੋਲ੍ਹ ਕੇ ਬੈਠੇ ਪਖੰਡੀ ਬਾਬੇ, ਤਾਂਤਰਿਕ, ਸਾਧ, ਜੋਤਿਸ਼ੀ ਅਤੇ ਚੌਂਕੀਆਂ ਲਗਾ ਕੇ ਪੁੱਛਾਂ ਦੇਣ ਵਾਲੇ ਅਖੌਤੀ ਸਿਆਣੇ ਅਜਿਹੇ ਲੋਕਾਂ ਦੀਆਂ ਸਮੱਸਿਆਵਾਂ, ਦੁੱਖਾਂ, ਬਿਮਾਰੀਆਂ, ਖਾਹਿਸ਼ਾਂ, ਗਰਜ਼ਾਂ ਦਾ ਆਪਣੀ ਅਖੌਤੀ ਦੈਵੀ ਸ਼ਕਤੀ ਨਾਲ ਨਿਵਾਰਨ ਕਰਨ ਦੇ ਬਹਾਨੇ ਉਨ੍ਹਾਂ ਨੂੰ ਭੂਤਾਂ-ਪ੍ਰੇਤਾਂ, ਜਾਦੂ-ਟੂਣਿਆਂ, ਧਾਗੇ ਤਵੀਤਾਂ, ਗ੍ਰਹਿ ਚੱਕਰਾਂ, ਰਾਸ਼ੀਫਲ, ਜਨਮ ਟੇਵਿਆਂ, ਵਸ਼ੀਕਰਨ, ਕੀਤੇ-ਕਰਾਏ, ਵਾਸਤੂ ਸ਼ਾਸਤਰ, ਜੰਤਰ-ਮੰਤਰ, ਕਾਲੇ ਇਲਮ, ਸਵਰਗ-ਨਰਕ, ਕਿਸਮਤ ਅਤੇ ਅਗਲੇ ਪਿਛਲੇ ਜਨਮ ਦੇ ਅੰਧਵਿਸ਼ਵਾਸਾਂ ਵਿੱਚ ਫਸਾ ਕੇ ਉਨ੍ਹਾਂ ਦਾ ਸ਼ਰੇਆਮ ਆਰਥਿਕ, ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕਰ ਰਹੇ ਹਨ। ਜ਼ਾਹਿਰ ਹੈ ਕਿ ਕਰੋੜਾਂ ਰੁਪਏ ਦੇ ਇਸ ਗੋਰਖ ਧੰਦੇ ਦੇ ਵਧਣ ਫੁੱਲਣ ਪਿੱਛੇ ਸਰਕਾਰੀ ਤੰਤਰ, ਉੱਚ ਪੁਲਿਸ ਅਧਿਕਾਰੀਆਂ ਅਤੇ ਭ੍ਰਿਸ਼ਟ ਸਿਆਸਤਦਾਨਾਂ ਦੀ ਮਿਲੀਭੁਗਤ ਸ਼ਾਮਿਲ ਹੈ।

ਦਰਅਸਲ ਲੋਕਾਂ ਵਿੱਚ ਅੰਧਵਿਸ਼ਵਾਸ, ਵਹਿਮ ਭਰਮ ਫੈਲਣ, ਆਪਣੀਆਂ ਸਮੱਸਿਆਵਾਂ, ਬਿਮਾਰੀਆਂ ਦੇ ਖਾਤਮੇ ਲਈ ਕਿਸੇ ਅਖੌਤੀ ਦੈਵੀ ਸ਼ਕਤੀ, ਚਮਤਕਾਰ ਤੇ ਪਾਠ-ਪੂਜਾ ਉੱਤੇ ਟੇਕ ਰੱਖਣ ਅਤੇ ਉਨ੍ਹਾਂ ਦੇ ਪਾਖੰਡੀ ਬਾਬਿਆਂ, ਤਾਂਤਰਿਕਾਂ, ਜੋਤਸ਼ੀਆਂ ਅਤੇ ਡੇਰਿਆਂ ਦੇ ਝਾਂਸੇ ਵਿੱਚ ਫਸਣ ਪਿੱਛੇ ਕਈ ਤਰ੍ਹਾਂ ਦੇ ਆਰਥਿਕ, ਸਮਾਜਿਕ ਅਤੇ ਮਨੋਵਿਗਿਆਨਕ ਕਾਰਨ ਜ਼ਿੰਮੇਵਾਰ ਹਨ। ਪਰ ਹਕੂਮਤਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ, ਮਿਆਰੀ ਸਿੱਖਿਆ ਤੇ ਸਿਹਤ ਸਹੂਲਤਾਂ ਦੀ ਅਣਹੋਂਦ, ਫਿਰਕੂ, ਗ਼ੈਰ ਵਿਗਿਆਨਕ, ਭ੍ਰਿਸ਼ਟ ਅਤੇ ਲੋਕ ਵਿਰੋਧੀ ਸਿਆਸੀ ਰਾਜ ਪ੍ਰਬੰਧ ਉਸ ਤੋਂ ਵੀ ਵੱਧ ਜ਼ਿੰਮੇਵਾਰ ਹੈ ਜੋ ਅਜਿਹੇ ਡੇਰਿਆਂ, ਪਾਖੰਡੀਆਂ ਵੱਲੋਂ ਕੀਤੇ ਜਾਂਦੇ ਘਿਨਾਉਣੇ ਅਪਰਾਧ ਅਤੇ ਨੰਗੀ ਚਿੱਟੀ ਲੁੱਟ ਦੀ ਸਰਪ੍ਰਸਤੀ ਕਰਦਾ ਹੈ। ਸਾਡੇ ਦੇਸ਼ ਦਾ ਵਿੱਦਿਅਕ ਢਾਂਚਾ ਵੀ ਲੋਕਾਂ ਵਿੱਚ ਵਿਗਿਆਨਕ ਚੇਤਨਾ ਅਤੇ ਸੰਘਰਸ਼ ਦੀ ਭਾਵਨਾ ਪੈਦਾ ਕਰਨ ਦੀ ਥਾਂ ਉਲਟਾ ਉਨ੍ਹਾਂ ਨੂੰ ਅੰਧਵਿਸ਼ਵਾਸੀ, ਅਧਿਆਤਮਵਾਦੀ, ਰੂੜ੍ਹੀਵਾਦੀ ਅਤੇ ਕਿਸਮਤਵਾਦੀ ਬਣਾਉਣ ਲਈ ਜ਼ਿੰਮੇਵਾਰ ਹੈ।

ਬੇਹੱਦ ਅਫ਼ਸੋਸ ਹੈ ਕਿ ਪੰਜਾਬ ਵਿੱਚ ਨਸ਼ਿਆਂ ਅਤੇ ਫਿਰੌਤੀਆਂ ਵਾਂਗ ਬਾਬਾਵਾਦ ਅਤੇ ਡੇਰਾਵਾਦ ਦਾ ਕਰੋੜਾਂ ਅਰਬਾਂ ਰੁਪਏ ਦਾ ਇਹ ਗੋਰਖ ਧੰਦਾ ਬੇਰੋਕ ਟੋਕ ਚੱਲ ਰਿਹਾ ਹੈ ਪਰ ਕਦੇ ਕਿਸੇ ਵਿਜੀਲੈਂਸ, ਈ. ਡੀ., ਇਨਕਮ ਟੈਕਸ ਜਾਂ ਸੀ. ਬੀ. ਆਈ. ਦੀਆਂ ਏਜੰਸੀਆਂ ਨੇ ਅਜਿਹੇ ਬਾਬਿਆਂ, ਡੇਰਿਆਂ 'ਤੇ ਛਾਪੇ ਮਾਰਕੇ ਕਾਲਾ ਧਨ ਜ਼ਬਤ ਕਰਨ ਅਤੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾਵਾਂ ਦਿਵਾਉਣ ਦੀ ਇਮਾਨਦਾਰੀ ਨਹੀਂ ਵਿਖਾਈ। ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਮੇਤ ਹੁਣ ਵੀ ਕਈ ਡੇਰਿਆਂ ਦੇ ਬਾਬੇ ਕਤਲ, ਬਲਾਤਕਾਰ, ਕਾਲੇ ਧਨ ਦੇ ਅਪਰਾਧਿਕ ਕੇਸਾਂ ਵਿੱਚ ਸਖਤ ਸਜ਼ਾਵਾਂ ਕੱਟ ਰਹੇ ਹਨ ਪਰ ਭਾਜਪਾਈ ਹਕੂਮਤਾਂ ਆਪਣੇ ਸਵਾਰਥੀ ਸਿਆਸੀ ਹਿਤਾਂ ਖਾਤਿਰ ਇਨ੍ਹਾਂ ਨੂੰ ਚੋਣਾਂ ਮੌਕੇ ਬਾਰ ਬਾਰ ਪੈਰੋਲ ਅਤੇ ਫਰਲੋ ਉੱਤੇ ਰਿਹਾਅ ਕਰਕੇ ਫ਼ਿਰਕੂ ਰਾਜਨੀਤੀ ਕਰ ਰਹੀਆਂ ਹਨ।

(ਬਾਕੀ ਸਫ਼ਾ 30 'ਤੇ)

**'ਕਬ ਤੱਕ ਪੜੇ ਰਹੋਗੇ ਹਵਾਉਂ ਕੇ ਹਾਥ ਮੇਂ, ਕਬ ਤੱਕ ਚਲੇਗਾ ਖੋਖਲੇ ਸ਼ਬਦੋਂ ਕਾ ਕਾਰੋਬਾਰ'**

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਅਕਾਲੀ ਦਲ ਦੀ ਪੁਨਰ ਉਸਾਰੀ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਹਿਯੋਗ ਕਰਨ

ਪ੍ਰੋ.ਫ਼ੈਸਰ ਬਲਵਿੰਦਰ ਪਾਲ ਸਿੰਘ
9815700916

## ਧਾਮੀ ਤੇ ਭੂੰਦੜ ਦੀ ਜਥੇਦਾਰ ਹਰਪ੍ਰੀਤ ਸਿੰਘ ਨਾਲ ਗੁਪਤ ਮੀਟਿੰਗ ਪਿਛੇ ਕੀ ਰਾਜ਼ ਹੈ?

ਬਾਦਲ ਅਕਾਲੀ ਦਲ ਦੇ ਆਗੂਆਂ ਬਲਵਿੰਦਰ ਸਿੰਘ ਭੂੰਦੜ ਕਾਰਜਕਾਰੀ ਪ੍ਰਧਾਨ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਇਕੋ ਮਿਸ਼ਨ ਸੁਖਬੀਰ ਸਿੰਘ ਬਾਦਲ ਦੀ ਸਿਆਸੀ ਹੋਂਦ ਨੂੰ ਬਚਾਉਣਾ ਹੈ,ਜਿਸ ਕਰਕੇ ਅਕਾਲੀ ਦਲ ਮੜ੍ਹੀਆਂ ਵਿੱਚ ਖਾਕ ਹੋ ਗਿਆ। ਇਨ੍ਹਾਂ ਦਾ ਮਿਸ਼ਨ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸਿਰਜਣਾ ਕਰਨਾ ਨਹੀਂ ਜੋ ਸਮੁੱਚਾ ਪੰਥ ਚਾਹੁੰਦਾ ਹੈ ਕਿ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸਿਰਜਣਾ ਹੋਵੇ ਤੇ ਪੰਥ ਦਾ ਇਹ ਸੰਗਠਨ ਪੁਨਰ ਮਜ਼ਬੂਤ ਹੋਵੇ। ਜਿਨ੍ਹਾਂ ਕੌਮਾਂ ਦੇ ਮਜ਼ਬੂਤ ਸੰਗਠਨ ਨਹੀਂ ਹੁੰਦੇ,ਉਹ ਹਨੇਰਿਆਂ ਵਿੱਚ ਠੇਡੇ ਖਾਂਦੀਆਂ ਆਪਣੀ ਤਬਾਹੀ ਦਾ ਨਜ਼ਾਰਾ ਦੇਖਦੀਆਂ ਹਨ। ਉਨ੍ਹਾਂ ਦੀ ਕੋਈ ਹਸਤੀ ਨਹੀਂ ਹੁੰਦੀ। ਅਕਾਲੀ ਦਲ ਦੀ ਪੁਨਰ ਸੁਰਜੀਤੀ ਅਕਾਲ ਤਖ਼ਤ ਤੋਂ ਹੀ ਸੰਭਵ ਹੈ। ਨਵੀਂ ਭਰਤੀ ਦਾ ਐਲਾਨ, ਨਵੀਂ ਲੀਡਰਸ਼ਿਪ ਦਾ ਅਗਾਜ, ਨਵਾਂ ਪੰਜਾਬ -ਪੰਥ ਪੱਖੀ ਏਜੰਡਾ ਹੀ ਸਿੱਖ ਪੰਥ ਦਾ ਭਵਿੱਖ ਹੈ।

ਜਿਉਂ ਅਸੀਂ ਸਿੱਖਾਂ ਨੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਗੁਆਇਆ ਹੈ ,ਡੋਗਰਿਆਂ ਦੇ ਵਸ ਪੈ ਗਏ ਉਦੋਂ ਤੋਂ ਅਸੀਂ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਾਂ ਤੇ ਡੋਗਰਿਆਂ ਦੇ ਸਾਡੇ ਵਿਹੜਿਆਂ ਵਿੱਚ ਖਿੰਡਾਏ ਕੰਡਿਆਂ ਨੂੰ ਅਸੀਂ ਚੁਗ ਰਹੇ ਹਾਂ। ਪੌਣੀ ਦੋ ਸਦੀ ਬੀਤ ਚੁੱਕੀ ਹੈ ,ਅਸੀਂ ਆਪਣੇ ਭਵਿੱਖ ਦੀ ਸਿਰਜਣਾ ਵੱਲ ਨਹੀਂ ਤੁਰ ਸਕੇ।

ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸਿਰਜਣਾ ਵਿੱਚ ਅਜੋਕੇ ਡੋਗਰੇ ਅੜਿੱਕਾ ਹਨ ਜੋ ਸਿੰਘ ਸਾਹਿਬਾਨ ਉੱਪਰ ਦਬਾਅ ਦੀ ਰਾਜਨੀਤੀ ਚਲਾ ਰਹੇ ਹਨ। ਪਰ ਹੁਣ ਇਹ ਖੇਡੇ ਦਾਅ ਸਫ਼ਲ ਨਹੀਂ ਹੋਣੇ। ਸਿਆਣੇ ਕਹਿੰਦੇ ਨੇ ਵਾਰ ਵਾਰ ਕਾਠ ਦੀ ਹਾਂਡੀ ਨਹੀਂ ਚੜ੍ਹਦੀ। ਇਹ ਗੁਨਾਹ ਬਹੁਤ ਭਾਰੀ ਪੈਣੇ ਹਨ। ਮਹਾਂਭਾਰਤ ਦੇ ਖਲਨਾਇਕ ਮਾਮਾ ਸ਼ੁਕਨੀ ਦੀਆਂ ਚਾਲਾਂ ਹੁਣ ਕਾਮਯਾਬ ਨਹੀਂ ਹੋਣੀਆਂ ਜਿਸ ਕਾਰਨ ਇੱਕ ਵਿਸ਼ਾਲ ਰਾਜ ਦਾ ਵਜੂਦ ਢਹਿ ਢੇਰੀ ਹੋ ਗਿਆ। ਸੋ ਸਿੰਘ ਸਾਹਿਬਾਨ ਨੂੰ ਇਨ੍ਹਾਂ ਮਾਮਾ ਸ਼ੁਕਨੀਆਂ ਦੇ ਦਬਾਅ ਤੋਂ ਬਚਣਾ ਚਾਹੀਦਾ ਹੈ, ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਰਾਹ ਨਹੀਂ ਪੈਣਾ ਚਾਹੀਦਾ,ਜਿਸਨੇ ਅਕਾਲ ਤਖ਼ਤ ਸਾਹਿਬ ਨੂੰ ਬਾਦਲ ਪਰਿਵਾਰ ਅੱਗੇ ਝੁਕਾਅ ਕੇ ਸੌਦਾ ਸਾਧ ਨੂੰ ਮਾਫ਼ ਕਰ ਦਿੱਤਾ ਤੇ ਅਕਾਲ ਤਖ਼ਤ ਸਾਹਿਬ ਦੀਆਂ ਪਰੰਪਰਾਵਾਂ ਨੂੰ ਢਹਿ ਢੇਰੀ ਕਰ ਦਿੱਤਾ।

ਇੱਕ ਅਖ਼ਬਾਰ ਦੀ ਰਿਪੋਰਟ ਮੁਤਾਬਕ ਹੁਣੇ ਜਿਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾ ਰਹੇ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫ਼ਤਹਿਗੜ੍ਹ ਸਾਹਿਬ ਦੇ ਗੈਸਟ ਹਾਊਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ





ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਿੱਚ ਇੱਕ 'ਗੁਪਤ' ਮੀਟਿੰਗ ਹੋਈ। ਇਹ ਮੀਟਿੰਗ ਇੱਕ ਘੰਟੇ ਦੇ ਕਰੀਬ ਚੱਲੀ। ਸੂਤਰਾਂ ਅਨੁਸਾਰ ਇਸ ਮੀਟਿੰਗ ਦੌਰਾਨ ਭੂੰਦੜ ਅਤੇ ਐਡਵੋਕੇਟ ਧਾਮੀ ਨੇ ਜਥੇਦਾਰ ਹਰਪ੍ਰੀਤ ਸਿੰਘ ਨੂੰ 'ਸ਼ਾਂਤ' ਕਰਨ ਦਾ ਯਤਨ ਕੀਤਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ, ਬਲਵਿੰਦਰ ਸਿੰਘ ਭੂੰਦੜ ਤੇ ਗਿਆਨੀ ਹਰਪ੍ਰੀਤ ਸਿੰਘ ਵਿਚਕਾਰ ਹੋਈ ਗੁਪਤ ਮੀਟਿੰਗ ਕਾਰਨ ਕਾਫ਼ੀ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਜਥੇਦਾਰ ਉੱਪਰ ਦਬਾਅ ਦੀ ਰਾਜਨੀਤੀ ਚਲਾਈ ਜਾ ਰਹੀ ਹੈ। ਪਲੋਸਿਆ ਵੀ ਜਾ ਰਿਹਾ ਹੈ, ਦਬਾਅ ਵੀ ਪਾਇਆ ਜਾ ਰਿਹਾ ਹੈ। ਇਸੇ ਕਾਰਨ ਜਥੇਦਾਰ ਦੁਵਿਧਾ ਵਿੱਚ ਹਨ,ਉਨ੍ਹਾਂ ਨੂੰ ਇਤਿਹਾਸਕ ਪਰੰਪਰਾ ਨਿਭਾਉਣ ਤੇ ਸਿੱਖ ਪੰਥ ਦੇ ਭਵਿੱਖ ਵਿੱਚ ਸਟੈਂਡ ਲੈਣ ਤੋਂ ਔਖ ਮਹਿਸੂਸ ਹੋ ਰਹੀ ਹੈ।

ਜਥੇਦਾਰਾਂ ਲਈ ਸਮਝਣ ਦਾ ਵੇਲਾ ਹੈ ਕਿ ਇਹ ਤਿਲਕਣ ਭਰਿਆ ਮੈਦਾਨ ਹੈ ਜੇ ਸਿਧਾਂਤਕ ਜ਼ਮੀਨ ਉੱਪਰ ਪੱਕੇ ਪੈਰੀਂ ਨਾ ਹੋਵੋ ਤਾਂ ਲਾਜ਼ਮੀ ਹੈ ਗਿਆਨੀ ਗੁਰਬਚਨ ਸਿੰਘ ਵਾਂਗ ਖਲਨਾਇਕ ਸਾਬਤ ਹੋ ਜਾਵੋਗੇ। ਇਸੇ ਸੰਦਰਭ ਵਿੱਚ ਹਰਵਿੰਦਰ ਸਿੰਘ ਸਰਨਾ ਦਾ ਬਿਆਨ ਜਥੇਦਾਰਾਂ ਵਿਰੁੱਧ, ਸੁਖਬੀਰ ਸਿੰਘ ਬਾਦਲ ਦੇ ਹੱਕ ਵਿੱਚ ਆਇਆ। ਇਹ ਚਕਰਵਿਊ ਜਥੇਦਾਰਾਂ ਨੂੰ ਮਹਾਂਭਾਰਤ ਦੇ ਨਾਇਕ ਅਰਜਨ ਵਾਂਗ ਤੋੜਨੇ ਪੈਣੇ ਹਨ।

ਭਾਜਪਾ ਪੰਜਾਬ ਪ੍ਰਧਾਨ ਸੁਨੀਲ ਜਾਖੜ ਦਾ ਬਾਦਲਕਿਆਂ ਦੇ ਹੱਕ ਵਿੱਚ ਬਿਆਨ ਇਸ ਸੰਦਰਭ ਵਿੱਚ ਵਿਚਾਰਨ ਯੋਗ ਹੈ ਕਿ ਬਾਦਲ ਦਲ ਦੇ ਮਹਾਂਰਥੀ ਜਾਖੜ ਵਰਗੇ ਨੇਤਾਵਾਂ ਰਾਹੀਂ ਜਥੇਦਾਰਾਂ ਨੂੰ ਆਪਣੇ ਹਿਸਾਬ ਨਾਲ ਚਲਾਉਣ ਦੀ ਸਾਜ਼ਿਸ਼ੀ ਰਾਜਨੀਤੀ ਖੇਡ ਰਹੇ ਹਨ ਕਿ ਸੁਖਬੀਰ ਬਾਦਲ ਹੀ ਅਕਾਲੀ ਦਲ ਹੈ। ਜੇ ਸੁਖਬੀਰ ਬਾਦਲ ਨਹੀਂ ਤਾਂ ਅਕਾਲੀ ਦਲ ਖਤਮ। ਇਸ ਨੈਰੇਟਿਵ ਤੇ ਭਰਮ ਜਾਲਾਂ ਤੋਂ ਜਥੇਦਾਰਾਂ ਨੂੰ ਬਚਣਾ ਚਾਹੀਦਾ ਹੈ।

ਯਾਦ ਰਖਣਾ ਚਾਹੀਦਾ ਹੈ ਕਿ ਅਕਾਲ ਤਖ਼ਤ ਸਾਹਿਬ ਤੋਂ ਹਮੇਸ਼ਾ ਇਤਿਹਾਸ ਦੀ ਸਿਰਜਣਾ ਹੁੰਦੀ ਰਹੀ ਹੈ। ਜੇ ਉਹ ਯੋਗ ਫ਼ੈਸਲੇ ਉੱਪਰ ਅੱਪੜਨਾ ਚਾਹੁੰਦੇ ਹਨ ਤਾਂ ਉਹ ਸ਼੍ਰੋਮਣੀ ਕਮੇਟੀ ਦੇ ਬੁੱਧੀਜੀਵੀਆਂ ਤੋਂ ਬਚਕੇ ਖ਼ਾਲਸਾ ਪੰਥ ਦੇ ਬੁੱਧੀਜੀਵੀਆਂ ਨੂੰ ਸਦਕੇ ਸਲਾਹ ਲੈਣ, ਜਿਨ੍ਹਾਂ ਮਨੁੱਖੀ ਅਧਿਕਾਰ ਚੇਤਨਾ, ਇਤਿਹਾਸ ਸਿਰਜਣ ਵਿੱਚ ਯੋਗਦਾਨ ਰਿਹਾ ਹੈ। ਸਮੇਂ ਸਮੇਂ ਸਿੱਖ ਪੰਥ ਦੇ ਹੱਕ ਵਿੱਚ ਡਟੇ ਰਹੇ। ਜਿਨ੍ਹਾਂ ਉੱਪਰ ਬਾਦਲ ਪਰਿਵਾਰ ਦਾ ਪ੍ਰਭਾਵ ਨਹੀਂ। ਖੱਬੇਪੱਖੀ ਤੇ ਲਿਬਰਲ ਵਿਦਵਾਨ ਜਥੇਦਾਰਾਂ ਨੂੰ ਸਤਿਗੁਰੂ ਮਾਰਗ ਵੱਲ ਨੀਤੀ, ਰਾਹ ਦੀ ਸਲਾਹ ਨਹੀਂ ਦੇ ਸਕਦੇ ਜਿਥੋਂ ਖਾਲਸਾ ਪੰਥ ਇਤਿਹਾਸ ਦੀ ਸਿਰਜਣਾ ਕਰਦਾ ਰਿਹਾ ਹੈ। ਇਸ ਤੋਂ ਬਾਅਦ ਸਿੰਘ ਸਾਹਿਬਾਨ ਨੁਮਾਇੰਦਾ ਇਕੱਠ ਪੰਥਕ ਜਥੇਬੰਦੀਆਂ, ਗੁਰੂ ਪਿਆਰਿਆਂ ਦਾ ਬੁਲਾਉਣ।

ਸਿੰਘ ਸਾਹਿਬਾਨ ਨੂੰ ਚਾਹੀਦਾ ਹੈ ਕਿ ਉਹ ਖ਼ਾਲਸਾ ਪੰਥ ਦੀ ਆਸ ਉੱਪਰ ਪੂਰਾ ਉੱਤਰਨ। ਖ਼ਾਲਸਾ ਪੰਥ ਦੀ ਝੋਲੀ ਵਿੱਚ ਸਿੱਖ ਪੰਥ ਨੂੰ ਸਮਰਪਿਤ ਅਕਾਲੀ ਦਲ ਝੋਲੀ ਵਿੱਚ ਪਾਉਣ।

ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ ਇਸ ਰਾਹ ਵਿੱਚ ਬਾਦਲ ਦਲ ਦੀ ਵਕਾਲਤ ਨਾ ਕਰਨ ਜਿਸ ਨਾਲ ਸ਼੍ਰੋਮਣੀ ਕਮੇਟੀ ਦਾ ਵਜੂਦ ਅਕਾਲੀ ਦਲ ਵਾਂਗ ਖ਼ਤਰੇ ਵਿੱਚ ਪੈ ਜਾਵੇ। ਉਨ੍ਹਾਂ ਨੂੰ ਅਹਿਸਾਸ ਹੋਣਾ ਚਾਹੀਦਾ ਹੈ ਕਿ ਸ਼੍ਰੋਮਣੀ ਕਮੇਟੀ ਜਿਸਦੀ ਬੜ੍ਹਕ ਤੋਂ ਦਿੱਲੀ ਹਿੱਲਦੀ ਸੀ, ਉਸਦਾ ਮੈਮੋਰੰਡਮ ਲੈਣ ਐਸ.ਡੀ.ਐਮ. ਨਹੀਂ ਆਉਂਦਾ। ਅਜਿਹਾ ਇਸੇ ਕਾਰਨ ਹੋਇਆ ਕਿ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਗੁਨਾਹਗਾਰ ਅਕਾਲੀ ਲੀਡਰਸ਼ਿਪ ਦੀ ਵਕਾਲਤ ਕਰ ਖ਼ਾਲਸਾ ਪੰਥ ਦੇ ਉਲਟ ਖਲੋ ਰਹੀ ਹੈ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਕਿ ਸਿੰਘ ਸਾਹਿਬਾਨ ਨੂੰ ਸਹਿਯੋਗ ਕਰਨ। ਸੁਖਬੀਰ ਨੂੰ ਅਸਤੀਫ਼ੇ ਲਈ ਮਨਾਕੇ ਅਕਾਲੀ ਦਲ ਦੀ ਪੁਨਰ ਸਿਰਜਣਾ ਲਈ ਮਨਾਉਣ। ਅਸੀਂ ਸਭ ਮਾਈ ਭਾਈ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਸੰਗਠਿਤ ਹੋ ਸਕੀਏ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205



# ਮੱਘਰ ਨਾ ਜਾਈਂ ਚੰਨਾ ...

# ਅੱਸੂ ਪਾਲਾ ਜੰਮਿਆ, ਕੱਤੇ ਵੱਡਾ ਹੋ, ਮੱਘਰ ਫ਼ੌਜਾਂ ਚੜ੍ਹੀਆਂ, ਪੋਹ ਲੜਾਈ ਹੋ

## ਵਿਆਹਾਂ ਦੀ ਰੁੱਤ ਕਿਹਾ ਜਾਂਦਾ ਹੈ ਮੱਘਰ ਮਹੀਨੇ ਨੂੰ








ਅੰਮ੍ਰਿਤ ਵੇਲੇ ਰੁਮਕਦੀ ਠੰਡੀ- ਠੰਡੀ ਹਵਾ, ਚੜ੍ਹਦੇ ਸੂਰਜ ਦੀ ਚੁਫੇਰੇ ਫੈਲੀ ਲਾਲੀ, ਵਾਤਾਵਰਣ ਵਿੱਚ ਗੂੰਜਦਾ ਦੇਸੀ ਅਤੇ ਪਰਵਾਸੀ ਪੰਛੀਆਂ ਦੀਆਂ ਮਨਮੋਹਣੀਆਂ ਆਵਾਜ਼ ਵਾਲਾ ਸੰਗੀਤ, ਨਰਮ ਘਾਹ ਅਤੇ ਫੁੱਲ ਪੌਦਿਆਂ 'ਤੇ ਪਈਆਂ ਤ੍ਰੇਲ ਦੀਆਂ ਬੂੰਦਾਂ, ਹਰ ਪਾਸੇ ਹੁੰਦੇ ਵਿਆਹਾਂ ਦੀ ਗੂੰਜਦੀ ਸ਼ਹਿਨਾਈ, ਵੱਜਦੇ ਢੋਲ- ਨਗਾੜੇ ਅਤੇ ਪੈਂਦੇ ਗਿੱਧੇ- ਭੰਗੜੇ ਦੀ ਧਮਕ, ਵਿਆਹ- ਸਮਾਗਮਾਂ ਵਿੱਚ ਲਾੜੀਆਂ ਦੀਆਂ ਭੈਣਾਂ ਅਤੇ ਸਹੇਲੀਆਂ ਦਾ ਚੁਫ਼ੇਰੇ ਗੂੰਜਦਾ ਹਾਸਾ, ਠਾਰੀ ਸਵੇਰ 'ਚ ਗਰਮ ਚਾਹ ਪੀਣ ਨੂੰ ਕਰਦਾ ਜੀਅ ਮੱਘਰ ਮਹੀਨੇ ਦੀ ਆਮਦ ਦੇ ਸੂਚਕ ਹਨ।



ਮੱਘਰ ਮਹੀਨੇ ਵਿੱਚ ਮਿਸਰ ਰੁੱਤ ਹੁੰਦੀ ਹੈ, ਜੋ ਕਿ ਪੋਹ ਮਹੀਨੇ ਵੀ ਜਾਰੀ ਰਹਿੰਦੀ ਹੈ। ਮੱਘਰ ਮਹੀਨਾ ਗ੍ਰੇਗਰੀ ਅਤੇ ਜੂਲੀਅਨ ਕੈਲੰਡਰਾਂ ਵਿੱਚ ਅੱਧਾ ਨਵੰਬਰ ਮਹੀਨੇ ਅਤੇ ਅੱਧਾ ਦਸੰਬਰ ਮਹੀਨੇ ਆਉਂਦਾ ਹੈ। ਇਹ ਨਵੰਬਰ ਦੇ ਅੱਧ ਵਿੱਚ ਸ਼ੁਰੂ ਹੋ ਕੇ ਦਸੰਬਰ ਮਹੀਨੇ ਦੇ ਅੱਧ ਤੱਕ ਰਹਿੰਦਾ ਹੈ। ਮੱਘਰ ਮਹੀਨੇ ਵਿੱਚ ਪੋਹ ਮਾਘ ਵਰਗੀ ਸਖ਼ਤ ਸਰਦੀ ਪੈਣ ਤੋਂ ਪਹਿਲਾਂ ਜੋ ਦਰਮਿਆਨੀ ਠੰਡ ਪੈਂਦੀ ਹੈ, ਉਸ ਨੂੰ ਗੁਲਾਬੀ ਠੰਡ ਕਹਿੰਦੇ ਹਨ। ਇਸ ਗੁਲਾਬੀ ਠੰਡ ਨੂੰ ਤਾਂ ਅੱਲ੍ਹੜ ਤੇ ਨੌਜਵਾਨ ਮੁੰਡੇ ਕੁੜੀਆਂ ਗੋਲਦੇ ਹੀ ਨਹੀਂ, ਇਹ ਅੱਲ੍ਹੜ ਤੇ ਨੌਜਵਾਨ ਤਾਂ ਮੱਘਰ ਮਹੀਨੇ ਪੈ ਰਹੀ ਠੰਡ ਦਾ ਵੀ ਆਨੰਦ ਮਾਣਦੇ ਹਨ, ਜੇਠ ਹਾੜ ਦੀ ਤੇਜ ਗਰਮੀ ਦੇ ਭੁੰਨੇ ਹੋਇਆਂ ਨੂੰ ਇਹ ਠੰਡ ਦਾ ਮਹੀਨਾ ਇੱਕ ਕੁਦਰਤੀ ਨਿਆਮਤ ਲੱਗਦਾ ਹੈ ਜੋ ਕਿ ਉਹਨਾਂ ਦੇ ਤਨ ਮਨ ਨੂੰ ਠਾਰਦਾ ਹੈ , ਹਾਂ , ਅਧਖੜ ਤੇ ਬਜ਼ੁਰਗ ਜਰੂਰ ਮੋਟੇ ਤੇ ਗਰਮ ਕੱਪੜੇ ਪਾ ਕੇ ਨਿੱਘੀ ਨਿੱਘੀ ਧੁੱਪ ਸੇਕਦੇ ਨਜ਼ਰ ਆਉਂਦੇ ਹਨ। ਪੰਜਾਬ ਸਮੇਤ ਪੂਰੇ ਉੱਤਰੀ ਭਾਰਤ ਵਿੱਚ ਮੱਘਰ ਮਹੀਨੇ ਠੰਡ ਆਪਣਾ ਜੋਰ ਵਿਖਾਉਣ ਲੱਗ ਪੈਂਦੀ ਹੈ। ਮੱਘਰ ਮਹੀਨੇ ਵਿੱਚ ਦਿਨ ਛੋਟੇ ਹੋ ਜਾਂਦੇ ਹਨ ਅਤੇ ਰਾਤਾਂ ਲੰਮੀਆਂ ਹੋ ਜਾਂਦੀਆਂ ਹਨ।

ਪਿੰਡਾਂ ਦੀਆਂ ਸੱਥਾਂ ਵਿੱਚ ਬੈਠੇ ਬਜ਼ੁਰਗ ਅਕਸਰ ਹੀ ਕਹਿੰਦੇ ਹੁੰਦੇ ਹਨ ਕਿ ਮੱਘਰ ਮਹੀਨਾ ਤਾਂ ਵਿਆਹਾਂ ਲਈ ਹੀ ਰਾਖਵਾਂ ਰੱਖਿਆ ਹੋਇਆ ਹੈ। ਨਵੇਂ ਵਿਆਹੇ ਜੋੜੇ ਇਸ ਗੁਲਾਬੀ ਠੰਡ ਵਾਲੇ ਮਹੀਨੇ ਵਿੱਚ ਗੁਲਾਬੀ ਰੰਗੇ ਸੁਪਨੇ ਲੈ ਕੇ ਆਪਣੇ ਚੰਗੇਰੇ ਭਵਿੱਖ ਲਈ ਬੁਣਤੀਆਂ ਬੁਣਦੇ ਹਨ। ਕਈ ਨਵ ਵਿਆਹੀਆਂ ਜੋਬਨਵੰਤੀਆਂ ਮੁਟਿਆਰਾਂ ਦੀ ਮੱਘਰ ਮਹੀਨੇ ਦੀਆਂ ਲੰਮੀਆਂ ਰਾਤਾਂ ਨੂੰ ਵੀ ਆਪਣੇ ਮਾਹੀ ਨਾਲ ਆਪਣੀ ਗੱਲ ਵੀ ਅਜੇ ਨਹੀਂ ਮੁੱਕੀ ਹੁੰਦੀ ਕਿ ਚੰਦਰੀ ਲੰਮੇਰੀ ਰਾਤ ਹੀ ਮੁੱਕ ਜਾਂਦੀ ਹੈ।



ਜਿਨ੍ਹਾਂ ਮੁਟਿਆਰਾਂ ਦੇ ਕੰਤ ਪਰਦੇਸੀ ਹੁੰਦੇ ਹਨ ਉਹ ਮੁਟਿਆਰਾਂ ਆਪਣੇ ਕੰਤ ਨੂੰ ਮੱਘਰ ਮਹੀਨੇ ਪਰਦੇਸ ਨਾ ਜਾਣ ਲਈ ਅਰਜੋਈ ਕਰਦੀਆਂ ਹਨ

ਮੱਘਰ ਨਾ ਜਾਈਂ ਚੰਨਾ, ਲੇਫ ਰੰਗਾਵਣੇ
ਪੋਹ ਨਾ ਜਾਈਂ ਚੰਨਾ ਰਾਤਾਂ ਵੇ ਕਾਲੀਆਂ।

ਇਹ ਇਕ ਹਕੀਕਤ ਹੈ ਕਿ ਇਸ ਮਹੀਨੇ ਹੁੰਦੇ ਵਿਆਹਾਂ ਵਿੱਚ ਔਰਤਾਂ ਦੇ ਗਰਮ ਕੱਪੜੇ ਘੱਟ ਹੀ ਪਾਏ ਦਿਖਾਈ ਦਿੰਦੇ ਹਨ। ਵੱਡੀ ਗਿਣਤੀ ਔਰਤਾਂ ਵਿਆਹਾਂ ਮੌਕੇ ਲਹਿੰਗਾ, ਚੋਲੀ ਜਾਂ ਇਸ ਤਰਾਂ ਦੇ ਹੀ ਹੋਰ ਕਪੜੇ ਪਾਉਂਦੀਆਂ ਹਨ। ਵੱਡੀ ਗਿਣਤੀ ਮੁਟਿਆਰਾਂ ਇਸ ਮਹੀਨੇ ਹੁੰਦੇ ਵਿਆਹਾਂ ਵਿੱਚ ਫੁਲਕਾਰੀ ਤੇ ਬਾਗ ਦੀ ਬੁੱਕਲ ਮਾਰਦੀਆਂ ਹਨ। ਆਮ ਤੌਰ 'ਤੇ ਆਧੁਨਿਕ ਔਰਤਾਂ ਨੂੰ ਮੱਘਰ ਸਮੇਤ ਠੰਡ ਦੇ ਮਹੀਨੇ ਚੰਗੇ ਨਹੀਂ ਲੱਗਦੇ ਕਿਉਂਕਿ ਸ਼ਾਲ ਆਦਿ ਲੈਣ ਨਾਲ ਉਹਨਾਂ ਦੀ ਜਿਸਮਾਨੀ ਸੁੰਦਰਤਾ ਲੁਕ ਜਾਂਦੀ ਹੈ ਅਤੇ ਉਹਨਾਂ ਨੂੰ ਲੱਗਦਾ ਹੈ ਕਿ ਇਸ ਤਰਾਂ ਉਹ ਹੋਰਨਾਂ ਨੂੰ ਪ੍ਰਭਾਵਿਤ ਨਹੀਂ ਕਰ ਸਕਣਗੀਆਂ। ਇਸ ਕਰਕੇ ਹੀ ਕੜਾਕੇ ਦੀ ਠੰਡ ਪੈਣ ਦੇ ਬਾਵਜੂਦ ਵੱਡੀ ਗਿਣਤੀ ਮੁਟਿਆਰਾਂ ਵਿਆਹਾਂ ਵਿੱਚ ਸਲੀਬ ਲੈਸ ਕੱਪੜੇ ਹੀ ਪਾਉਣ ਨੂੰ ਤਰਜੀਹ ਦਿੰਦੀਆਂ ਹਨ। ਉਹਨਾਂ ਨੂੰ ਵਿਆਹਾਂ ਵਿੱਚ ਰੌਣਕ ਵਧਾਉਂਦਿਆਂ ਠੰਡ ਦਾ ਬਿਲਕੁਲ ਵੀ ਅਹਿਸਾਸ ਨਹੀਂ ਹੁੰਦਾ।

ਪੁਰਾਣੇ ਸਮੇਂ ਵਾਂਗ ਪੰਜਾਬ ਦੇ ਕਈ ਇਲਾਕਿਆਂ ਵਿਚ ਅੱਜ ਵੀ ਮੁਟਿਆਰਾਂ ਮੱਘਰ ਮਹੀਨੇ ਵਿਚ ਰਾਤ ਸਮੇਂ ਚਰਖਾ ਡਾਹ ਲੈਂਦੀਆਂ ਹਨ। ਇਸ ਮਹੀਨੇ ਕਪਾਹ ਤਾਜ਼ੀ ਤਾਜ਼ੀ ਆਈ ਹੁੰਦੀ ਹੈ ਅਤੇ ਤਾਜ਼ੀ ਕਪਾਹ ਨੂੰ ਚਰਖੇ ਉੱਪਰ ਰਾਤ ਸਮੇਂ ਮਿੱਠੀ ਮਿੱਠੀ ਠੰਡ ਵਿੱਚ ਕੱਤਣ ਦਾ ਆਪਣਾ ਵੱਖਰਾ ਹੀ ਆਨੰਦ ਹੈ। ਕਈ ਮੁਟਿਆਰਾਂ ਆਪਣੇ ਪੇਕੇ ਜਾ ਕੇ ਚਰਖਾ ਕੱਤਦੀਆਂ ਹਨ । ਕਈ ਮੁਟਿਆਰਾਂ ਚਰਖਾ ਕੱਤਦੀਆਂ ਹੋਈਆਂ ਆਪਣੀ ਸੁਰੀਲੀ ਆਵਾਜ਼ ਵਿੱਚ ਲੰਮੀ ਹੇਕ ਵੀ ਲਾ ਦਿੰਦੀਆਂ ਹਨ। ਟਿੱਕੀ ਚੰਨ ਚਾਨਣੀ ਰਾਤ ਵਿੱਚ ਚਰਖਾ ਕੱਤਦੀ ਕਿਸੇ ਮੁਟਿਆਰ ਵਲੋਂ ਗਾਇਆ ਜਾਂਦਾ ਸੁਰੀਲਾ ਗੀਤ ਸੁਣਕੇ ਕਈ ਚੋਬਰ ਗੁਲਾਬੀ ਰੰਗੇ ਸੁਪਨੇ ਵੇਖਣ ਲੱਗ ਜਾਂਦੇ ਹਨ।

ਇਹ ਇਕ ਹਕੀਕਤ ਹੈ ਕਿ ਚਰਖਾ ਕੱਤਣ ਵਾਲੀਆਂ ਮੁਟਿਆਰਾਂ ਦੀ ਗਿਣਤੀ ਅੱਜ ਕੱਲ੍ਹ ਬਹੁਤ ਘੱਟ ਗਈ ਹੈ ਪਰ ਫਿਰ ਵੀ ਪੰਜਾਬ ਦੇ ਮਾਲਵਾ ਇਲਾਕੇ ਦੇ ਸਿੱਖ ਵਾਲਾ, ਲੰਬੀ ਹਲਕਿਆਂ ਵਿੱਚ ਅਨੇਕਾਂ ਹੀ ਮੁਟਿਆਰਾਂ ਨੇ ਮੱਘਰ ਮਹੀਨੇ ਰਾਤ ਨੂੰ ਤ੍ਰਿੰਞਣ ਬਣਾ ਕੇ ਚਰਖਾ ਕੱਤਣ ਦੀ ਰੀਤ ਕਾਇਮ ਰੱਖੀ ਹੋਈ ਹੈ।

ਮੱਘਰ ਮਹੀਨੇ ਕਿਸਾਨਾਂ ਨੂੰ ਵੀ ਕੁਝ ਵੇਹਲ ਹੁੰਦੀ ਹੈ। ਮੱਘਰ ਮਹੀਨੇ ਦੇ ਆਉਣ ਤਕ ਖੇਤਾਂ ਵਿੱਚ ਕਣਕ ਬੀਜੀ ਜਾ ਚੁੱਕੀ ਹੁੰਦੀ ਹੈ, ਜਿਸ ਕਰਕੇ ਖੇਤੀ ਦੇ ਕੰਮਾਂ ਵਿੱਚ ਕਿਸਾਨਾਂ ਨੂੰ ਵਿਹਲ ਮਿਲ ਜਾਂਦੀ ਹੈ। ਇਸ ਵਾਰ ਝੋਨੇ ਦੀ ਕਣਕ ਮੰਡੀਆਂ ਵਿੱਚ ਰੁਲਣ ਅਤੇ ਕਿਸਾਨਾਂ ਦੇ ਮੰਡੀਆਂ ਵਿੱਚ ਹੀ ਰੁਝੇ ਰਹਿਣ, ਡੀ.ਏ.ਪੀ. ਖਾਦ ਦੀ ਘਾਟ ਅਤੇ ਹੋਰ ਕਈ ਕਾਰਨਾਂ ਕਰਕੇ ਪੰਜਾਬ ਦੇ ਕੁਝ ਇਲਾਕਿਆਂ ਵਿੱਚ ਕਣਕ ਦੀ ਬਿਜਾਈ ਲੇਟ ਹੋ ਗਈ ਹੈ, ਜਿਸ ਕਰਕੇ ਇਹਨਾਂ ਇਲਾਕਿਆਂ ਵਿੱਚ ਮੱਘਰ ਮਹੀਨੇ ਦੀ ਸ਼ੁਰੂਆਤ ਮੌਕੇ ਵੀ ਕਣਕ ਦੀ ਬਿਜਾਈ ਹੋ ਰਹੀ ਹੈ। ਮੱਘਰ ਮਹੀਨੇ ਕਣਕ ਦੀ ਬਿਜਾਈ ਤੋਂ ਬਾਅਦ ਵਿਹਲਾ ਸਮਾਂ ਹੋਣ ਕਰਕੇ ਵੱਡੀ ਗਿਣਤੀ ਕਿਸਾਨ ਅਤੇ ਖੇਤੀ ਕੰਮ ਧੰਦਿਆਂ ਨਾਲ ਜੁੜੇ ਲੋਕ ਆਪਣੇ ਬੱਚਿਆਂ ਦੇ ਵਿਆਹ ਮੱਘਰ ਮਹੀਨੇ ਕਰਦੇ ਹਨ। ਮੱਘਰ ਮਹੀਨੇ ਭਾਵੇਂ ਕੋਈ ਖਾਸ ਤਿਉਹਾਰ ਨਹੀਂ ਆਉਂਦਾ ਪਰ ਫਿਰ ਵੀ ਇਸ ਮਹੀਨੇ ਦਾ ਪਾਠ ਪੂਜਾ ਕਰਨ, ਰੱਬ ਦੀ ਭਗਤੀ ਕਰਨ ਅਤੇ ਤੀਰਥ ਯਾਤਰਾ ਕਰਨ ਲਈ ਵੱਡਾ ਮਹੱਤਵ ਹੈ।







# ਪੰਜਾਬ ਦੇ ਸਵੈਮਾਣ ਦਾ ਪ੍ਰਤੀਕ ਰਾਜਧਾਨੀ ਚੰਡੀਗੜ੍ਹ

## ਜਿਵੇਂ ਚੜ੍ਹਦੇ ਪੰਜਾਬ ਤੋਂ ਲਾਹੌਰ ਵਿੱਛੜ ਗਿਐ, ਉਵੇਂ ਹੀ ਚੰਡੀਗੜ੍ਹ ਪੰਜਾਬ ਦਾ ਹੋ ਕੇ ਵੀ ਪੰਜਾਬ ਦਾ ਨਾ ਹੋ ਸਕਿਆ






**ਰਾਜਧਾਨੀ ਸਿਰਫ਼ ਦਫ਼ਤਰਾਂ, ਇਮਾਰਤਾਂ ਅਤੇ ਖ਼ਰੀਦੋ-ਫਰੋਖ਼ਤ ਲਈ ਖੁੱਲ੍ਹੇ ਸ਼ਾਪਿੰਗ ਮਾਲਜ਼ ਦਾ ਨਾਂਅ ਹੀ ਨਹੀਂ ਹੁੰਦੀ ਸਗੋਂ ਉਸ ਸੂਬੇ ਦੇ ਲੋਕਾਂ ਲਈ ਇੱਕ ਇਹੋ ਜਿਹਾ ਪ੍ਰਤੀਕ ਹੁੰਦੀ ਹੈ ਜਿੱਥੇ ਉਹ ਆਪਣੇ ਸੂਬੇ ਦੀ ਸੱਤਾ ਅਤੇ ਸੱਭਿਆਚਾਰ ਨੂੰ ਊਰਜਾਮਈ ਰੂਪ ਵਿੱਚ ਵੇਖਣਾ ਚਾਹੁੰਦੇ ਹਨ। ਜੋ ਅਹਿਮੀਅਤ ਦਿੱਲੀ ਦੀ ਹਿੰਦੋਸਤਾਨ ਲਈ ਹੈ, ਪੈਰਿਸ ਦੀ ਫਰਾਂਸ ਲਈ ਹੈ, ਮੁੰਬਈ ਦੀ ਮਹਾਰਾਸ਼ਟਰ ਲਈ ਹੈ ਤੇ ਚੇਨੱਈ ਦੀ ਤਾਮਿਲਨਾਡੂ ਲਈ ਹੈ, ਉਹੀ ਮਹੱਤਵ ਚੰਡੀਗੜ੍ਹ ਦਾ ਪੰਜਾਬ ਲਈ ਹੈ। ਇਸ ਨਾਲ ਪੰਜਾਬੀਆਂ ਦੀਆਂ ਸਿਮਰਤੀਆਂ ਤੇ ਭਾਵਨਾਵਾਂ ਜੁੜੀਆਂ ਹੋਈਆਂ ਹਨ। ਜਦ ਚੰਡੀਗੜ੍ਹ ਬਣ ਰਿਹਾ ਸੀ ਤਾਂ ਚੜ੍ਹਦੇ ਪੰਜਾਬ ਦੇ ਪੰਜਾਬੀਆਂ ਨੂੰ ਲੱਗਦਾ ਸੀ ਕਿ ਇੱਕ ਨਵਾਂ ਲਾਹੌਰ ਬਣ ਰਿਹਾ ਹੈ। ਸਿਟੀ ਬਿਊਟੀਫੁੱਲ- ਚੰਡੀਗੜ੍ਹ ਬਾਰੇ ਪੰਜਾਬੀਆਂ ਦੇ ਮਨ ਵਿੱਚ ਪੱਕੀ ਛਾਪ ਹੈ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ।)**

**ਇੰਦਰਜੀਤ ਸਿੰਘ ਹਰਪੁਰਾ**

ਲਾਹੌਰ, ਸੂਬਾ ਪੰਜਾਬ ਦੀ ਸਿਰਫ਼ ਰਾਜਧਾਨੀ ਹੀ ਨਹੀਂ ਰਿਹਾ ਸਗੋਂ ਇਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਤੋਂ ਇਲਾਵਾ ਸੱਤਾ, ਸਿਆਸਤ, ਆਰਥਿਕਤਾ ਤੇ ਸੱਭਿਆਚਾਰ ਦਾ ਕੇਂਦਰ ਵੀ ਰਿਹਾ ਹੈ। ਪੌਰਾਣਿਕ ਕਥਾਵਾਂ ਅਤੇ ਰਾਜਾ ਰਸਾਲੂ ਨਾਲ ਜੁੜੀਆਂ ਕਹਾਣੀਆਂ ਤੋਂ ਲੈ ਕੇ ਚੀਨੀ ਯਾਤਰੀ ਹਿਊਨਸਾਂਗ ਦੇ ਸੰਨ 630 ਵਿੱਚ ਲਿਖੇ ਸਫ਼ਰਨਾਮੇ ਤੱਕ ਲਾਹੌਰ ਦਾ ਜ਼ਿਕਰ ਥਾਂ-ਥਾਂ 'ਤੇ ਆਉਂਦਾ ਹੈ। ਸੰਨ 1008 ਵਿੱਚ ਮਹਿਮੂਦ ਗਜ਼ਨਵੀ ਨੇ ਰਾਜਪੂਤ ਰਾਜੇ ਆਨੰਦਪਾਲ ਨੂੰ ਹਰਾਇਆ ਤੇ 1286 ਵਿੱਚ ਚੰਗੇਜ਼ ਖ਼ਾਨ ਨੇ ਲਾਹੌਰ ਲੁੱਟਿਆ। ਇਸ ਦੀ ਅਸਲੀ ਸ਼ਾਨ ਮੁਗ਼ਲ ਬਾਦਸ਼ਾਹਤ ਦੌਰਾਨ ਬਣੀ ਅਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੇ ਇਸ ਨੂੰ ਚਾਰ ਚੰਨ ਲਾ ਦਿੱਤੇ। ਲਾਹੌਰ ਆਜ਼ਾਦੀ ਲਈ ਅੰਗਰੇਜ਼ਾਂ ਵਿਰੁੱਧ ਲੜੇ ਗਏ ਸੰਘਰਸ਼ ਦਾ ਵੀ ਵੱਡਾ ਕੇਂਦਰ ਸੀ। ਇਸ ਤਰ੍ਹਾਂ ਲਾਹੌਰ ਪੰਜਾਬੀਆਂ ਦੇ ਸੁਪਨਿਆਂ, ਅਕਾਂਖਿਆਵਾਂ, ਸੰਘਰਸ਼ਾਂ ਅਤੇ ਜਿੱਤਾਂ-ਹਾਰਾਂ ਦਾ ਪ੍ਰਤੀਕ ਬਣ ਗਿਆ। ਇੱਕ ਕਹਾਵਤ ਪ੍ਰਚਲਿਤ ਹੈ ਕਿ 'ਜੀਹਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਈ ਨਈਂ'। ਲਾਹੌਰ ਪੰਜਾਬ ਤੇ ਪੰਜਾਬੀਆਂ ਦਾ ਮਾਣ ਸੀ। ਕਹਿੰਦੇ ਸਨ ਕਿ ਲਾਹੌਰ ਉੱਪਰ ਜਿਸ ਦਾ ਕਬਜ਼ਾ ਰਿਹਾ ਉਹੀ ਅਸਲ ਵਿੱਚ ਪੰਜਾਬ ਦਾ ਮਾਲਕ ਹੁੰਦਾ ਸੀ। ਇਹੀ ਕਾਰਨ ਸੀ ਕਿ ਜਦੋਂ ਰਣਜੀਤ ਸਿੰਘ ਨੇ ਲਾਹੌਰ ਨੂੰ ਆਪਣੇ ਅਧੀਨ ਕੀਤਾ ਤਾਂ ਉਸ ਤੋਂ ਬਾਅਦ ਹੀ ਉਸ ਨੂੰ ਸ਼ੇਰ-ਏ-ਪੰਜਾਬ ਜਾਂ ਵਾਲੀ-ਏ-ਪੰਜਾਬ ਦਾ ਖਿਤਾਬ ਹਾਸਲ ਹੋਇਆ ਸੀ।

ਵੰਡ ਤੋਂ ਬਾਅਦ ਚੜ੍ਹਦੇ ਪੰਜਾਬ ਵਿੱਚ ਰਹਿੰਦੇ ਤੇ ਲਹਿੰਦੇ ਪੰਜਾਬ ਤੋਂ ਉੱਜੜ ਕੇ ਆਏ ਪੰਜਾਬੀਆਂ ਨੇ ਆਪਣੀ ਮਿਹਨਤ ਮੁਸ਼ੱਕਤ ਨਾਲ ਚੜ੍ਹਦੇ ਪੰਜਾਬ ਦਾ ਨਵਾਂ ਰੂਪ ਸਿਰਜਿਆ। ਇਸੇ ਦੌਰਾਨ ਚੜ੍ਹਦੇ ਪੰਜਾਬ ਨੂੰ ਰਾਜਧਾਨੀ ਦੀ ਲੋੜ ਸੀ। ਸੰਨ 1948 ਵਿੱਚ ਚੜ੍ਹਦੇ ਪੰਜਾਬ ਦੀ ਸਰਕਾਰ ਨੇ ਚੀਫ ਇੰਜੀਨੀਅਰ ਪੀ.ਐੱਲ. ਵਰਮਾ ਦੀ ਅਗਵਾਈ ਹੇਠ ਇੱਕ ਕਮੇਟੀ ਦਾ ਗਠਨ ਕਰਕੇ ਨਵੀਂ ਰਾਜਧਾਨੀ ਲਈ ਢੁੱਕਵੀ ਥਾਂ ਲੱਭਣ ਦਾ ਜ਼ਿੰਮਾ ਸੌਂਪਿਆ, ਪਰ ਇਹ ਕਮੇਟੀ ਰਾਜਧਾਨੀ ਲਈ ਕਿਸੇ ਢੁੱਕਵੀਂ ਥਾਂ ਦੀ ਨਿਸ਼ਾਨਦੇਹੀ ਨਾ ਕਰ ਸਕੀ। ਇਸ ਤੋਂ ਬਾਅਦ ਦੁਬਾਰਾ ਸੰਨ 1948 ਵਿੱਚ ਹੀ ਕੇਂਦਰੀ ਰਾਜਧਾਨੀ ਦਿੱਲੀ ਤੋਂ 240 ਕਿਲੋਮੀਟਰ ਦੂਰ ਚੜ੍ਹਦੇ ਪੰਜਾਬ ਦੇ ਚੰਡੀਮੰਦਰ ਦੇ ਲਾਗਲੇ ਇਲਾਕੇ ਨੂੰ ਪੰਜਾਬ ਦੀ ਨਵੀਂ ਰਾਜਧਾਨੀ ਲਈ ਚੁਣਿਆ ਗਿਆ। ਚੰਡੀ ਮੰਦਰ ਦੇ ਨਾਮ ਉੱਪਰ ਹੀ ਇਸ ਨਵੇਂ ਸ਼ਹਿਰ ਦਾ ਨਾਮ ਚੰਡੀਗੜ੍ਹ ਰੱਖਿਆ ਗਿਆ।

ਚੰਡੀਗੜ੍ਹ ਸ਼ਹਿਰ ਨੂੰ ਬਣਾਉਣ ਦਾ ਸੁਪਨਾ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੇ ਲਿਆ ਸੀ ਅਤੇ ਅਮਰੀਕੀ ਪਲੈਨਰ ਅਲਬਰਟ ਮੇਅਰ ਨੇ ਰਾਏ ਦਿੱਤੀ ਕਿ ਇਹ ਸ਼ਹਿਰ ਸ਼ਿਵਾਲਿਕ ਦੀਆਂ ਪਹਾੜੀਆਂ ਲਾਗੇ ਬਣਾਇਆ ਜਾਵੇ। ਅਲਬਰਟ ਮੇਅਰ ਅਮਰੀਕਾ ਦੀ ਸਿਟੀ ਬਿਊਟੀਫੁਲ ਲਹਿਰ ਤੋਂ ਪ੍ਰਭਾਵਿਤ ਸੀ ਤੇ ਉਸ ਨੇ ਸੰਨ 1950 ਵਿੱਚ ਇਸ ਸ਼ਹਿਰ ਦੀ ਸ਼ੁਰੂਆਤੀ ਯੋਜਨਾ ਬਣਾਈ। ਅਲਬਰਟ ਮੇਅਰ ਅਤੇ ਉਸ ਦੇ ਸਾਥੀ ਮੈਥਿਊ ਨੋਵਿਕੀ ਨੇ ਚੰਡੀਗੜ੍ਹ ਦੇ ਮਾਸਟਰ ਪਲਾਨ ਉੱਪਰ ਕੰਮ ਕੀਤਾ। ਸੰਨ 1951 ਵਿੱਚ ਮੈਥਿਊ ਨੋਵਿਕੀ ਦੀ ਇੱਕ ਹਵਾਈ ਹਾਦਸੇ ਵਿੱਚ ਮੌਤ ਹੋ ਗਈ ਅਤੇ ਕੁਝ ਹੋਰ ਕਾਰਨਾਂ ਕਰਕੇ ਅਲਬਰਟ ਮੇਅਰ ਇਸ ਪ੍ਰਾਜੈਕਟ ਤੋਂ ਵੱਖ ਹੋ ਗਿਆ।

ਇਸ ਤੋਂ ਬਾਅਦ ਭਾਰਤ ਸਰਕਾਰ ਨੇ ਸਵਿੱਸ-ਫਰਾਂਸੀਸੀ ਵਿਉਂਤਕਾਰ ਲੀ ਕਾਰਬੂਜ਼ੀਏ ਤੱਕ ਪਹੁੰਚ ਕੀਤੀ ਕਿ ਉਹ ਇਸ ਦਾ ਮੁੱਖ ਡਿਜ਼ਾਈਨਰ ਬਣੇ। ਇਸ ਤੋਂ ਬਾਅਦ ਸੰਨ 1951 ਵਿੱਚ ਲੀ ਕਾਰਬੂਜ਼ੀਏ ਚੰਡੀਗੜ੍ਹ ਦੇ ਮੁੱਖ ਵਿਉਂਤਕਾਰ ਬਣਿਆ। ਲੀ ਕਾਰਬੂਜ਼ੀਏ ਨੇ ਚੰਡੀਗੜ੍ਹ ਸ਼ਹਿਰ ਦੀ ਉਸਾਰੀ ਲਈ ਆਪਣੇ ਤਿੰਨ ਪ੍ਰਮੁੱਖ ਆਰਕੀਟੈਕਟ ਮੈਕਸਵੈਲ ਫਰੇ, ਉਸ ਦੀ ਪਤਨੀ ਜੇਨੀ ਬੀ ਡਰਿਊ ਅਤੇ ਆਪਣੇ ਭਤੀਜੇ ਪਾਇਰੀ ਜੇਅਨੇਰੇਤ ਨੂੰ ਲਗਾਇਆ। ਇਨ੍ਹਾਂ ਦਾ ਸਾਥ ਦੇਣ ਲਈ ਨੌਜਵਾਨ ਭਾਰਤੀ ਆਰਕੀਟੈਕਟਸ ਦੀ ਟੀਮ ਲਗਾਈ ਗਈ ਜਿਸ ਵਿੱਚ ਐੱਮ.ਐੱਨ. ਸ਼ਰਮਾ, ਏ.ਆਰ. ਪ੍ਰਭਾਕਰ, ਯੂ.ਈ. ਚੌਧਰੀ, ਜੇ.ਐੱਸ. ਡੇਠੇ, ਬੀ.ਪੀ. ਮਾਥੁਰ, ਅਦਿੱਤਿਆ ਪ੍ਰਕਾਸ਼, ਐੱਨ.ਐੱਸ. ਲਾਂਭਾ ਅਤੇ ਹੋਰ ਸ਼ਾਮਲ ਸਨ।

ਮਾਸਟਰ ਪਲਾਨ ਲੀ ਕਾਰਬੂਜ਼ੀਏ ਨੇ ਵਿਕਸਿਤ ਕੀਤਾ, ਜਿਸਨੇ ਕੈਪੀਟਲ ਕੰਪਲੈਕਸ ਅਤੇ ਸ਼ਹਿਰ ਦੀਆਂ ਮੁੱਖ ਇਮਾਰਤਾਂ ਦੇ ਆਰਕੀਟੈਕਚਰਲ ਕੰਟਰੋਲ ਅਤੇ ਡਿਜ਼ਾਈਨ ਦੀ ਸਥਾਪਨਾ ਕੀਤੀ। ਸਰਕਾਰੀ ਰਿਹਾਇਸ਼ਾਂ, ਸਕੂਲ, ਸ਼ਾਪਿੰਗ ਸੈਂਟਰ ਅਤੇ ਹਸਪਤਾਲ ਦਾ ਡਿਜ਼ਾਈਨ ਤਿੰਨੇ ਸੀਨੀਅਰ ਆਰਕੀਟੈਕਟਾਂ ਵੱਲੋਂ ਕੀਤਾ ਗਿਆ। ਬਾਅਦ ਵਿੱਚ ਮਹਿੰਦਰ ਸਿੰਘ ਰੰਧਾਵਾ ਨੇ ਇਸ ਸ਼ਹਿਰ ਨੂੰ ਸਜਾਉਣ/ਸੰਵਾਰਨ ਵਿੱਚ ਵੱਡਾ ਯੋਗਦਾਨ ਪਾਇਆ।

ਦੋ ਅਪਰੈਲ 1952 ਨੂੰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿੱਚ ਵੱਸੇ ਪਿੰਡ ਨਗਲਾ ਜਿਹੜਾ ਹੁਣ ਚੰਡੀਗੜ੍ਹ ਦੇ ਸੈਕਟਰ 19 ਤੇ 7 ਦਾ ਹਿੱਸਾ ਹੈ ਅਤੇ ਇਸ ਨੂੰ ਮੱਧਿਆ ਮਾਰਗ ਵੀ ਕਿਹਾ ਜਾਂਦਾ ਹੈ, ਵਿਖੇ ਆਏ ਅਤੇ ਉਨ੍ਹਾਂ ਨੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਨੀਂਹ ਰੱਖੀ। ਤਤਕਾਲੀ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੇ ਆਪਣੇ ਭਾਸ਼ਣ ਦੌਰਾਨ ਕਿਹਾ ਕਿ ਇਹ ਸ਼ਹਿਰ ਹਿੰਦੋਸਤਾਨ ਦੀ ਆਜ਼ਾਦੀ ਅਤੇ ਦੇਸ਼ ਦੇ ਭਵਿੱਖ ਦਾ ਪ੍ਰਤੀਕ ਬਣੇਗਾ।

ਪੰਜਾਬ ਦੀ ਇਹ ਨਵੀਂ ਰਾਜਧਾਨੀ ਪੰਜਾਬ ਦੀ ਉੱਪ ਬੋਲੀ ਪੁਆਧੀ ਨੂੰ ਬੋਲਣ ਵਾਲੇ ਕਈ ਪਿੰਡਾਂ ਦੀ ਜ਼ਮੀਨ 'ਤੇ ਬਣਾਈ ਗਈ। ਪੰਜਾਬ ਦੇ ਜਿਹੜੇ ਪਿੰਡ ਉਜਾੜੇ ਗਏ ਸਨ ਉਨ੍ਹਾਂ ਵਿੱਚ ਬਜਵਾੜੀ (23 ਸੈਕਟਰ), ਦਲਹੇੜੀ ਜੱਟਾਂ (28 ਸੈਕਟਰ), ਦਲਹੇੜੀ (19 ਸੈਕਟਰ), ਗੁਰਦਾਸਪੁਰਾ (28-ਇਡੰਸਟਰੀਅਲ ਏਰੀਆ), ਹਮੀਰਗੜ੍ਹ (ਕੰਚਨਪੁਰ) (7-26 ਸੈਕਟਰ), ਕਾਲੀਬੜ (4-5-8-9 ਸੈਕਟਰ), ਕੈਲੜ (15-16-24 ਸੈਕਟਰ), ਕਾਂਜੀ ਮਾਜਰਾ (14 ਸੈਕਟਰ - ਪੰਜਾਬ ਯੂਨੀਵਰਸਿਟੀ), ਖੇੜੀ (20-30-32 ਚੌਕ), ਮਹਿਲਾ ਮਾਜਰਾ (2-3 ਸੈਕਟਰ), ਨਗਲਾ (27 ਸੈਕਟਰ), ਰਾਮ ਨਗਰ (ਭੰਗੀ ਮਾਜਰਾ) (6-7 ਸੈਕਟਰ), ਰੁੜਕੀ (17-18-21-22 ਸੈਕਟਰ), ਸੈਣੀ ਮਾਜਰਾ (25 ਸੈਕਟਰ), ਸਹਿਜ਼ਾਦਪੁਰ (11-12 ਸੈਕਟਰ) (31-47 ਸੈਕਟਰ), ਬਜਵਾੜਾ (35-36 ਸੈਕਟਰ), ਬਜਵਾੜੀ ਬਖਤਾ (37 ਸੈਕਟਰ/ਬੇ-ਚਿਰਾਗ ਪਿੰਡ), ਫ਼ਤਹਿਗੜ੍ਹ (ਮਾਦੜਾਂ) (33-34 ਸੈਕਟਰ), ਗੱਗੜ ਮਾਜਰਾ (ਏਅਰਪੋਰਟ ਏਰੀਆ), ਕੰਥਾਲਾ (31 ਸੈਕਟਰ, ਟ੍ਰਿਬਿਊਨ ਚੌਕ), ਜੈਪੁਰ, ਸਲਾਹਪੁਰ, ਦਤਾਰਪੁਰ (ਰਾਮ ਦਰਬਾਰ, ਏਅਰਪੋਰਟ ਏਰੀਆ), ਚੂਹੜਪੁਰ, ਕਰਮਾਣ (29 ਸੈਕਟਰ, ਇਡੰਸਟਰੀਅਲ ਏਰੀਆ), ਝੁਮਰੂ (49-50 ਸੈਕਟਰ), ਨਿਜਾਮਪੁਰ (48 ਸੈਕਟਰ), ਸ਼ਾਹਪੁਰ (38 ਸੈਕਟਰ), ਮਨੀਮਾਜਰਾ, ਧਨਾਸ (14 ਸੈਕਟਰ), ਮਲੋਆ, ਡੱਡੂ ਮਾਜਰਾ (39 ਸੈਕਟਰ), ਬਡਹੇੜੀ, ਬੁਟੇਰਲਾ (41 ਸੈਕਟਰ), ਅਟਾਵਾ (42 ਸੈਕਟਰ), ਬੁੜੈਲ (45 ਸੈਕਟਰ), ਕਜਹੇੜੀ (52 ਸੈਕਟਰ), ਮਦਨਪੁਰ (54 ਸੈਕਟਰ), ਪਲਸੌਰਾ (55 ਸੈਕਟਰ) ਸ਼ਾਮਲ ਸਨ।



ਮੁਲਕ ਦੀ ਵੰਡ ਤੋਂ ਬਾਅਦ ਚੜ੍ਹਦੇ ਪੰਜਾਬ ਵਿੱਚ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਾਉਣ ਦੀ ਲੰਮੀ ਲਹਿਰ ਚੱਲੀ। ਅਖੀਰ ਵੱਡੇ ਸੰਘਰਸ਼ ਦੇ ਬਾਅਦ ਭਾਸ਼ਾ ਦੇ ਆਧਾਰ 'ਤੇ ਹੁਣ ਵਾਲਾ ਪੰਜਾਬ 1 ਨਵੰਬਰ 1966 ਨੂੰ ਹੋਂਦ ਵਿੱਚ ਆਇਆ। ਚੰਡੀਗੜ੍ਹ ਬਾਰੇ ਕੋਈ ਫ਼ੈਸਲਾ ਨਾ ਹੋ ਸਕਿਆ ਤੇ ਇਸ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਦਾ ਦਰਜਾ ਦੇ ਦਿੱਤਾ ਗਿਆ। ਚੰਡੀਗੜ੍ਹ, ਪੰਜਾਬ ਨੂੰ ਦੇਣ ਬਾਰੇ ਲਹਿਰ ਉੱਠੀ ਜਿਸ ਵਿੱਚ ਸੰਤ ਫਤਹਿ ਸਿੰਘ ਨੇ ਆਪਣੇ ਆਪ ਨੂੰ ਅੱਗ ਲਾ ਕੇ ਆਤਮ-ਬਲੀਦਾਨ ਦੇਣ ਦਾ ਐਲਾਨ ਕੀਤਾ, ਪਰ ਬਾਅਦ ਵਿੱਚ ਇਹ ਫ਼ੈਸਲਾ ਵਾਪਸ ਲੈ ਲਿਆ। ਇਸ ਮੰਗ ਨੂੰ ਮਨਵਾਉਣ ਵਾਸਤੇ ਦਰਸ਼ਨ ਸਿੰਘ ਫੇਰੂਮਾਨ ਨੇ ਵੀ ਕੁਰਬਾਨੀ ਦਿੱਤੀ। ਰਾਜੀਵ-ਲੌਂਗੋਵਾਲ ਸਮਝੌਤੇ ਦੌਰਾਨ ਇਹ ਤੈਅ ਹੋਇਆ ਕਿ ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਜਾਵੇਗਾ। ਇਸ ਸਮਝੌਤੇ ਦੀਆਂ ਕੁਝ ਹੋਰ ਸ਼ਰਤਾਂ ਤੇ ਗੁੰਝਲਾਂ ਸਨ ਜਿਨ੍ਹਾਂ ਦਾ ਹੱਲ ਨਾ ਲੱਭਿਆ ਜਾ ਸਕਿਆ ਅਤੇ ਚੰਡੀਗੜ੍ਹ ਪੰਜਾਬ ਨੂੰ ਮਿਲਦਾ ਮਿਲਦਾ ਰਹਿ ਗਿਆ।

ਇਤਿਹਾਸਕਾਰ ਆਰਨਲਡ ਟੋਨੀਬੀ ਦਾ ਕਹਿਣਾ ਹੈ ਕਿ ਰਾਜਧਾਨੀਆਂ ਸਵੈਮਾਣ ਲਈ ਬਣਾਈਆਂ ਜਾਂਦੀਆਂ ਹਨ। ਚੰਡੀਗੜ੍ਹ ਪੰਜਾਬ ਦੇ ਸਵੈਮਾਣ ਦਾ ਪ੍ਰਤੀਕ ਹੈ। ਉੱਘੇ ਵਿਦਵਾਨ ਸਵਰਾਜਬੀਰ ਲਿਖਦੇ ਹਨ ਕਿ ਚੰਡੀਗੜ੍ਹ ਪੰਜਾਬ ਨਾਲ ਇਉਂ ਜੁੜ ਗਿਆ ਹੈ ਜਿਵੇਂ ਲਾਹੌਰ ਜੁੜਿਆ ਹੋਇਆ ਸੀ। ਲਾਹੌਰ ਬਾਰੇ ਹਿੰਦੋਸਤਾਨ ਦੇ ਸ਼ਹਿਨਸ਼ਾਹ ਸ਼ਾਹਜਹਾਂ ਦੇ ਵੱਡੇ ਪੁੱਤਰ ਅਤੇ ਸੁਯੋਗ ਵਿਦਵਾਨ ਦਾਰਾ ਸ਼ਿਕੋਹ ਨੇ ਲਿਖਿਆ ਸੀ, "ਯਾ ਖ਼ੁਦਾ ਪੰਜਾਬ ਵਿੱਚ ਅਮਨ ਬਣਾਈ ਰੱਖੀਂ, ਸੰਤਾਂ ਦੀ ਇਸ ਧਰਤੀ ਨੂੰ ਬਚਾਈ ਰੱਖੀਂ, ਇਹ ਮੇਰਾ ਸ਼ਹਿਰ ਲਾਹੌਰ, ਹਮੇਸ਼ਾਂ ਖੇੜੇ ਵਿੱਚ ਰਹੇ ਅਤੇ ਏਥੇ ਨਾ ਕਦੇ ਕਾਲ ਪਏ ਅਤੇ ਨਾ ਕੋਈ ਵਬਾ ਫੈਲੇ।" ਇਨ੍ਹਾਂ ਤੁੱਕਾਂ ਵਿੱਚੋਂ ਜੇਕਰ ਲਾਹੌਰ ਦਾ ਨਾਂ ਕੱਢ ਦੇਈਏ ਤੇ ਇਹ ਦੁਆ ਚੰਡੀਗੜ੍ਹ 'ਤੇ ਬਿਲਕੁਲ ਢੁੱਕਦੀ ਹੈ।

ਜਿਵੇਂ ਚੜ੍ਹਦੇ ਪੰਜਾਬ ਤੋਂ ਲਾਹੌਰ ਵਿੱਛੜ ਗਿਆ ਹੈ, ਉਵੇਂ ਹੀ ਚੰਡੀਗੜ੍ਹ ਪੰਜਾਬ ਦਾ ਹੋ ਕੇ ਵੀ ਪੰਜਾਬ ਦਾ ਨਾ ਹੋ ਸਕਿਆ। ਦੇਖੋ ਆਖਰ ਪੰਜਾਬ ਨੂੰ ਆਪਣੀ ਰਾਜਧਾਨੀ ਦਾ ਸਵੈਮਾਣ ਕਦੋਂ ਮਿਲਦਾ ਹੈ।

# ਪਾਣੀਆਂ ’ਤੇ ਤੈਰਦੀ ਕਰੂਜ਼ ਜਹਾਜ਼ਾਂ ਦੀ ਦੁਨੀਆਂ

ਅਸ਼ਵਨੀ ਚਤਰਥ

ਆਦਮੀ ਦਾ ਕੁਦਰਤ ਨਾਲ ਸ਼ੁਰੂ ਤੋਂ ਹੀ ਨੇੜੇ ਦਾ ਰਿਸ਼ਤਾ ਰਿਹਾ ਹੈ। ਕੁਦਰਤੀ ਵਾਤਾਵਰਨ ਵਿੱਚ ਰਹਿ ਕੇ ਜਲ, ਥਲ ਅਤੇ ਆਕਾਸ਼ ਦੇ ਨਜ਼ਾਰਿਆਂ ਨੂੰ ਤੱਕਣ ਦੀ ਉਸ ਦੀ ਸ਼ੁਰੂ ਤੋਂ ਹੀ ਇੱਛਾ ਰਹੀ ਹੈ। ਇਸ ਇੱਛਾ ਨੂੰ ਪੂਰਾ ਕਰਨ ਲਈ ਉਹ ਚੰਦਰਮਾ ’ਤੇ ਵੀ ਪਹੁੰਚ ਗਿਆ ਸੀ ਅਤੇ ਪੁਲਾੜ ਦੇ ਧੁਰ ਤੱਕ ਖੋਜ ਕਰਦਿਆਂ ਉਹ ਰੋਜ਼ਾਨਾ ਨਵੇਂ ਕੀਰਤੀਮਾਨ ਸਥਾਪਿਤ ਕਰ ਰਿਹਾ ਹੈ।

ਮਨੁੱਖ ਦਾ ਬੇੜੀਆਂ ਵਰਤ ਕੇ ਸਮੁੰਦਰਾਂ ਦੇ ਪਾਰ ਜਾਣ ਦਾ ਇਤਿਹਾਸ ਹਜ਼ਾਰਾਂ ਸਾਲ ਪੁਰਾਣਾ ਹੈ। ਮਨੁੱਖੀ ਆਵਾਜਾਈ ਅਤੇ ਸਾਮਾਨ ਢੋਣ ਲਈ ਸਮੁੰਦਰੀ ਜਹਾਜ਼ਾਂ ਦੀ ਵਰਤੋਂ ਵੀ ਸਦੀਆਂ ਤੋਂ ਕੀਤੀ ਜਾ ਰਹੀ ਹੈ, ਪਰ ਸਮੁੰਦਰੀ ਜਹਾਜ਼ ਰਾਹੀਂ ਡਾਕ ਲੈ ਕੇ ਜਾਣ ਦੀ ਸ਼ੁਰੂਆਤ ਕਰੀਬ ਦੋ ਸੌ ਸਾਲ ਪਹਿਲਾਂ ਹੋਈ ਸੀ। ਇਹ ਸ਼ੁਰੂਆਤ ਸੰਨ 1822 ਵਿੱਚ ‘ਪੈਨਿਨਸੁਲਰ ਐਂਡ ਓਰੀਐਂਟਲ ਕੰਪਨੀ’ ਦੇ ਤਿੰਨ ਮਲਾਹਾਂ ਰਿਚਰਡ ਬਰਨ, ਬਰਾਡੀ ਮੈਕਗੀ ਅਤੇ ਆਰਥਰ ਐਂਡਰਸਨ ਨੇ ਕੀਤੀ ਸੀ। ਉਨ੍ਹਾਂ ਸਮੁੰਦਰੀ ਜਹਾਜ਼ ਰਾਹੀਂ ਯੂਰਪ ਦੇ ਤਿੰਨ ਉੱਘੇ ਇਲਾਕਿਆਂ ਲੰਡਨ, ਸਪੇਨ ਅਤੇ ਪੁਰਤਗਾਲ ਦਾ ਦੌਰਾ ਕੀਤਾ ਸੀ। ਉਨ੍ਹਾਂ ਦੀ ਇਸ ਯਾਤਰਾ ਦਾ ਮੰਤਵ ਡਾਕ ਦਾ ਸਾਮਾਨ ਪਹੁੰਚਾਉਣ ਲਈ ਨਵੇਂ ਢੰਗ ਤਰੀਕਿਆਂ ਦੀ ਖੋਜ ਕਰਨਾ ਸੀ।

ਇਸੇ ਕੰਪਨੀ ਵੱਲੋਂ ਬਾਅਦ ਵਿੱਚ ਸਮੁੰਦਰੀ ਜਹਾਜ਼ਾਂ ਰਾਹੀਂ ਸੈਰ-ਸਪਾਟੇ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ। ਸੈਰ-ਸਪਾਟੇ ਲਈ ਵਰਤੇ ਜਾਂਦੇ ਸਮੁੰਦਰੀ ਜਹਾਜ਼ਾਂ ਨੂੰ ‘ਕਰੂਜ਼ ਜਹਾਜ਼’ ਜਾਂ ਫਿਰ ਸਿਰਫ਼ ‘ਕਰੂਜ਼’ ਕਿਹਾ ਜਾਂਦਾ ਹੈ। ਕਰੂਜ਼ ਜਹਾਜ਼ ਅਤੇ ਸਾਮਾਨ ਢੋਣ ਵਾਲੇ ਜਹਾਜ਼ ਵਿੱਚ ਕੁਝ ਫ਼ਰਕ ਹੁੰਦੇ ਹਨ ਜਿਵੇਂ ਕਿ ਕਰੂਜ਼ ਵਿੱਚ ਰੇਸਤਰਾਂ, ਕੈਸੀਨੋ, ਥੀਏਟਰ, ਸਵਿਮਿੰਗ ਪੂਲ, ਦੁਕਾਨਾਂ ਅਤੇ ਬਾਰ ਆਦਿ ਸਭ ਹੁੰਦੇ ਜਦ ਕਿ ਆਮ ਸਮੁੰਦਰੀ ਜਹਾਜ਼ ਉੱਤੇ ਇਹ ਸਾਰਾ ਕੁਝ ਨਹੀਂ ਹੁੰਦਾ ਬਲਕਿ ਸਾਮਾਨ ਲੈ ਜਾਣ ਲਈ ਹੀ ਜਗ੍ਹਾ ਬਣਾਈ ਹੁੰਦੀ ਹੈ।

ਕੁਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਸੰਨ 1831 ਵਿੱਚ ਬਣੇ ‘ਫਰਾਂਸਿਸਕੋ-1’ ਨਾਂ ਦੇ ਕਰੂਜ਼ ਜਹਾਜ਼ ਨੇ ਜੂਨ, 1833 ਵਿੱਚ ਸਭ ਤੋਂ ਪਹਿਲਾ ਸਫ਼ਰ ਇਟਲੀ ਦੇ ਸ਼ਹਿਰ ਨੈਪਲਸ ਤੋਂ ਸ਼ੁਰੂ ਕੀਤਾ ਸੀ ਜਿਸ ਵਿੱਚ ਯੂਰਪ ਦੇ ਸ਼ਾਹੀ ਘਰਾਣਿਆਂ ਦੇ ਮੈਂਬਰਾਂ ਅਤੇ ਉੱਚ-ਅਧਿਕਾਰੀਆਂ ਨੇ ਯੂਰਪ ਦੇ ਕਈ ਸ਼ਹਿਰਾਂ ਦੀ ਸੈਰ ਕੀਤੀ ਸੀ। ਸਮੁੰਦਰੀ ਜਹਾਜ਼ ਨੂੰ ਸੈਰ-ਸਪਾਟੇ ਲਈ ਪ੍ਰਚੱਲਿਤ ਕਰਨ ਦਾ ਸਿਹਰਾ ਬਰਤਾਨੀਆ ਦੀ ਕੰਪਨੀ ‘ਪੈਨਿਨਸੁਲਰ ਐਂਡ ਓਰੀਐਂਟਲ’ ਦੇ ਸਿਰ ਹੀ ਬੱਝਦਾ ਹੈ ਜਿਸ ਨੇ ਕਰੂਜ਼ ਜਹਾਜ਼ ਵਿੱਚ ਛੁੱਟੀਆਂ ਮਨਾਉਣ ਦੀ ਸ਼ੁਰੂਆਤ ਕੀਤੀ ਸੀ। ਕਰੂਜ਼ ਜਹਾਜ਼ਾਂ ਨੂੰ ਹੋਰ ਮਸ਼ਹੂਰ ਕਰਨ ਅਤੇ ਇਸ ਨੂੰ ਉਦਯੋਗ ਦੇ ਰੂਪ ਵਿੱਚ ਵਿਕਸਿਤ ਕਰਨ ਲਈ ‘ਹੈਮਬਰਗ’ ਨਾਂ ਦੀ ਕੰਪਨੀ ਨੇ ‘ਅਗਸਤਾ ਵਿਕਟੋਰੀਆ’ ਨਾਂ ਦੇ ਜਹਾਜ਼ ਦੀ ਸੇਵਾ ਸ਼ੁਰੂ ਕੀਤੀ ਸੀ। ਇਸ ਜਹਾਜ਼ ਨੇ 22 ਜਨਵਰੀ, 1891 ਨੂੰ ਜਰਮਨੀ ਤੋਂ ਸਫ਼ਰ ਸ਼ੁਰੂ ਕਰਕੇ 22 ਮਾਰਚ, 1891 ਤੱਕ ਭੂ-ਮੱਧ ਸਾਗਰ ਦਾ ਦੌਰਾ ਕੀਤਾ ਸੀ। ਸਮਾਂ ਪਾ ਕੇ ਇਨ੍ਹਾਂ ਜਹਾਜ਼ਾਂ ਨੂੰ ਮਨੋਰੰਜਨ ਦੇ ਸਾਧਨ ਦੇ ਤੌਰ ’ਤੇ, ਛੁੱਟੀਆਂ ਬਿਤਾਉਣ ਵਾਸਤੇ, ਵਿਆਹ ਸ਼ਾਦੀਆਂ ਕਰਨ, ਪਾਰਟੀਆਂ ਕਰਨ, ਹਨੀਮੂਨ ਮਨਾਉਣ ਅਤੇ ਨੌਜਵਾਨ ਜੋੜਿਆਂ ਵੱਲੋਂ ਵਿਆਹ ਸਬੰਧੀ ਪ੍ਰਸਤਾਵ ਰੱਖਣ ਆਦਿ ਜਿਹੇ ਜਸ਼ਨਾਂ ਲਈ ਵਰਤਿਆ ਜਾਣ ਲੱਗ ਪਿਆ।




ਫਿਰ 1980 ਤੋਂ ਬਾਅਦ ਤਾਂ ਇਨ੍ਹਾਂ ਦੀ ਮੰਗ ਕਾਫ਼ੀ ਵਧ ਗਈ। ਦਸੰਬਰ 2021 ਵਿੱਚ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਦੁਨੀਆਂ ਦੇ ਵੱਖ- ਵੱਖ ਦੇਸ਼ਾਂ ਦੀਆਂ 54 ਕੰਪਨੀਆਂ ਦੇ ਕੁਲ 554 ਕਰੂਜ਼ ਜਹਾਜ਼ ਵੱਖ-ਵੱਖ ਸਮੁੰਦਰਾਂ ਵਿੱਚ ਚੱਲ ਰਹੇ ਹਨ ਜਿਨ੍ਹਾਂ ਵਿੱਚ ਛੇ ਲੱਖ ਦੇ ਕਰੀਬ ਯਾਤਰੀਆਂ ਨੂੰ ਲੈ ਕੇ ਜਾਣ ਦੀ ਸਮਰੱਥਾ ਹੈ।

ਕਰੂਜ਼ ਜਹਾਜ਼ਾਂ ਦੀ ਸਭ ਤੋਂ ਵੱਡੀ ਕੰਪਨੀ ‘ਕਾਰਨੀਵਲ ਕਾਰਪੋਰੇਸ਼ਨ’ ਹੈ ਜਿਸ ਦੇ 100 ਦੇ ਕਰੀਬ ਜਹਾਜ਼ ਹਨ। ਪੰਜਾਹ ਸਾਲਾਂ ਤੋਂ ਕੰਮ ਕਰ ਰਹੀ ਇਸ ਕੰਪਨੀ ਵਿੱਚ 40,000 ਕਰਮਚਾਰੀ ਕੰਮ ਕਰਦੇ ਹਨ। ਦੂਜੇ ਨੰਬਰ ਦੀ ਵੱਡੀ ਕੰਪਨੀ ‘ਰੌਇਲ ਕੈਰੀਬੀਅਨ ਇੰਟਰਨੈਸ਼ਨਲ’ ਹੈ ਜਿਸ ਦੇ 26 ਜਹਾਜ਼ ਹਨ। ਅਸਲ ਵਿੱਚ ਕਰੂਜ਼ ਜਹਾਜ਼ਾਂ ਦਾ ਉਦਯੋਗ ਅਜੋਕੇ ਸਮੇਂ ਦਾ ਇੱਕ ਵਧੀਆ ਵਪਾਰ ਬਣ ਚੁੱਕਾ ਹੈ। ਸੰਨ 1960 ਤੋਂ ਪਹਿਲਾਂ ਦੇ ਜਹਾਜ਼ ਸਾਧਾਰਨ ਕਿਸਮ ਦੇ ਹੋਇਆ ਕਰਦੇ ਸਨ, ਪਰ ਇਸ ਤੋਂ ਬਾਅਦ ਹਵਾਈ ਜਹਾਜ਼ਾਂ ਦਾ ਰੁਝਾਨ ਕਾਫ਼ੀ ਵਧ ਗਿਆ ਜਿਸ ਕਰਕੇ ਕਰੂਜ਼ ਕੰਪਨੀਆਂ ਨੂੰ ਵੀ ਮੁਕਾਬਲਾ ਕਰਨ ਲਈ ਵੱਧ ਸਹੂਲਤਾਂ ਦੇਣੀਆਂ ਪਈਆਂ। ਅਜੋਕੇ ਸਮੇਂ ਵਿੱਚ ਇਨ੍ਹਾਂ ਵਿੱਚ ਪੰਜ ਤਾਰਾ ਹੋਟਲਾਂ ਵਰਗੀਆਂ ਸਹੂਲਤਾਂ ਅਤੇ ਆਧੁਨਿਕ ਯੁੱਗ ਦੇ ਐਸ਼ੋ ਆਰਾਮ ਦੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਜਿਨ੍ਹਾਂ ਵਿੱਚ ਸਪਾ, ਜਿਮ, ਨਹਾਉਣ ਲਈ ਗਰਮ ਟੱਬ, ਬਾਰ, ਹੋਟਲ, ਕਲੱਬ, ਬੱਚਿਆਂ ਦੀਆਂ ਖੇਡਾਂ, ਥੀਏਟਰ, ਲਾਇਬ੍ਰੇਰੀ, ਪਾਣੀ ਦੇ ਸਲਾਈਡ ਅਤੇ ਧੁੱਪ ਸੇਕਣ ਲਈ ਹਰੇ ਕਚੂਰ ਘਾਹ ਵਾਲੇ ਲਾਅਨ ਆਦਿ। ਅਸਲ ਵਿੱਚ ਇਹ ਇੱਕ ਵਧੀਆ ਸੈਰ-ਸਪਾਟਾ ਉਦਯੋਗ ਬਣ ਚੁੱਕਾ ਹੈ ਜਿਸ ਦੀ ਸਾਲਾਨਾ ਆਮਦਨ ਤੀਹ ਬਿਲੀਅਨ ਅਮਰੀਕੀ ਡਾਲਰ ਦੇ ਕਰੀਬ ਹੈ। ਮੌਜੂਦਾ ਸਮੇਂ ਵਿੱਚ ‘ਰੌਇਲ ਕੈਰੇਬੀਆਈ ਕੰਪਨੀ’ ਦੇ ਜਹਾਜ਼ ਸਭ ਤੋਂ ਵੱਡੇ ਹਨ। ਕੰਪਨੀ ਵੱਲੋਂ ਹਾਲ ਹੀ ਵਿੱਚ ਸ਼ੁਰੂ ਕੀਤਾ ਗਿਆ ‘ਆਈਕਨ ਆਫ ਦਿ ਸੀਜ਼’ ਦੁਨੀਆ ਦਾ ਸਭ ਤੋਂ ਵੱਡਾ ਜਹਾਜ਼ ਹੈ। ਇਸ 1198 ਫੁੱਟ ਲੰਮੇ ਜਹਾਜ਼ ਵਿੱਚ 5610 ਯਾਤਰੀ ਬੈਠ ਸਕਦੇ ਹਨ ਅਤੇ 2350 ਕਰਮਚਾਰੀਆਂ ਦੇ ਰਹਿਣ ਲਈ ਜਗ੍ਹਾ ਵੱਖਰੀ ਹੈ। ਸੈਰ-ਸਪਾਟਾ ਉਦਯੋਗ ਨੂੰ ਹੁਲਾਰਾ ਦੇਣ ਲਈ ਕੰਪਨੀਆਂ ਆਪਣੇ ਜਹਾਜ਼ਾਂ ਵਿੱਚ ਨਵੀਆਂ ਤੋਂ ਨਵੀਆਂ ਤਕਨੀਕਾਂ ਸ਼ਾਮਲ ਕਰਦੀਆਂ ਰਹਿੰਦੀਆਂ ਹਨ। 19 ਜੁਲਾਈ, 2024 ਨੂੰ ‘ਯੂਟੋਪੀਆ ਆਫ ਦਿ ਸੀਜ਼’ ਨਾਂਅ ਦੇ ਨਵੇਂ ਉਤਾਰੇ ਗਏ ਜਹਾਜ਼ ਵਿੱਚ ਬਾਲਣ ਦੇ ਤੌਰ ’ਤੇ ਕੁਦਰਤੀ ਗੈਸ ਦੀ ਵਰਤੋਂ ਸ਼ੁਰੂ ਕੀਤੀ ਗਈ ਹੈ।

ਕਰੂਜ਼ ਜਹਾਜ਼ਾਂ ਦੀ ਇੱਕ ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਦੀ ਵਰਤੋਂ ਆਮ ਹਾਲਤਾਂ ਵਿੱਚ ਸੈਰ ਸਪਾਟੇ ਲਈ ਕੀਤੀ ਜਾਂਦੀ ਹੈ ਅਤੇ ਯੁੱਧ ਸਮੇਂ ਇਨ੍ਹਾਂ ਦੀ ਵਰਤੋਂ ਜੰਗੀ ਕੰਮਾਂ ਲਈ ਕੀਤੀ ਜਾ ਸਕਦੀ ਹੈ ਜਿਵੇਂ ਕਿ ਦੂਜੇ ਵਿਸ਼ਵ ਯੁੱਧ (1939-45) ਵੇਲੇ ਹੋਇਆ ਸੀ। ਉਦੋਂ ਸਾਰੇ ਹੀ ਦੇਸ਼ਾਂ ਨੇ ਆਪਣੇ ਕਰੂਜ਼ ਜਹਾਜ਼ ਲੜਾਈ ਦੇ ਕੰਮਾਂ ’ਤੇ ਲਗਾ ਦਿੱਤੇ ਸਨ। ਇਹ ਵੀ ਵੇਖਿਆ ਗਿਆ ਹੈ ਸਮੇਂ ਅਤੇ ਹਾਲਾਤ ਅਨੁਸਾਰ ਇਨ੍ਹਾਂ ਜਹਾਜ਼ਾਂ ਦੀ ਵਰਤੋਂ ਹੋਰ ਕਈ ਕੰਮਾਂ ਲਈ ਵੀ ਕੀਤੀ ਜਾਂਦੀ ਰਹੀ ਹੈ ਜਿਵੇਂ ਕਿ ਸੰਨ 2004 ਦੀਆਂ ਓਲੰਪਿਕ ਖੇਡਾਂ ਦੌਰਾਨ ਹੋਟਲਾਂ ਦੀ ਕਮੀ ਕਰਕੇ ਇਨ੍ਹਾਂ ਜਹਾਜ਼ਾਂ ਦੀ ਵਰਤੋਂ ਬਾਹਰੋਂ ਆਏ ਦਰਸ਼ਕਾਂ ਨੂੰ ਠਹਿਰਾਉਣ ਲਈ ਕੀਤੀ ਗਈ ਸੀ। ਇਸੇ ਤਰ੍ਹਾਂ ਸਤੰਬਰ, 2005 ਵਿੱਚ ਅਮਰੀਕਾ ਦੇ ‘ਫਲੋਰਿਡਾ’ ਅਤੇ ਨਿਊ ਆਰਲਿਅਨਸ’ ਇਲਾਕਿਆਂ ਵਿੱਚ ਆਏ ‘ਕੈਟਰੀਨਾ’ ਤੂਫ਼ਾਨ ਦੌਰਾਨ ਉੱਜੜੇ ਲੋਕਾਂ ਨੂੰ ਸ਼ਰਨ ਦੇਣ ਲਈ ਕਰੂਜ਼ ਜਹਾਜ਼ ਵਰਤੇ ਗਏ ਸਨ।

ਦੁਨੀਆਂ ਦੇ ਸਭ ਤੋਂ ਵੱਧ ਪ੍ਰਚੱਲਿਤ ਸੈਰ-ਸਪਾਟੇ ਦੀ ਜਗ੍ਹਾ ‘ਕੈਰੇਬਿਆਈ ਟਾਪੂ’ ਹਨ। ਅਮਰੀਕਾ ਨੇੜੇ ਕੈਰੇਬੀਅਨ ਸਮੁੰਦਰ ਵਿੱਚ ਵੱਸੇ ਹੋਏ ਬਾਰਬਾਡੋਸ, ਜਮਾਇਕਾ, ਐਂਟੀਗੁਆ, ਡੋਮਨਿਕਾ, ਗੁਇਆਨਾ ਅਤੇ ਐਂਗੀਲਾ ਜਿਹੇ ਇਨ੍ਹਾਂ ਮਨਮੋਹਕ ਟਾਪੂਆਂ ਦੇ ਕੁਦਰਤੀ ਦ੍ਰਿਸ਼ਾਂ ਦਾ ਅਨੰਦ ਮਾਣਦਿਆਂ ਇਨ੍ਹਾਂ ਇਲਾਕਿਆਂ ਦੇ ਸੁਆਦਲੇ ਖਾਣਿਆਂ ਦਾ ਮਜ਼ਾ ਚੱਖ ਕੇ ਯਾਤਰੀ ਰੁਮਾਂਚਿਤ ਹੋ ਜਾਂਦੇ ਹਨ। ਸਮੁੰਦਰੀ ਜਹਾਜ਼ਾਂ ਤੋਂ ਇਲਾਵਾ ਦਰਿਆਈ ਪਾਣੀਆਂ ਵਿੱਚ ਵੀ ਕਰੂਜ਼ ਜਹਾਜ਼ਾਂ ’ਤੇ ਸੈਰ-ਸਪਾਟੇ ਦਾ ਸ਼ੌਕ ਵੀ ਕਾਫ਼ੀ ਪ੍ਰਚੱਲਿਤ ਹੋ ਰਿਹਾ ਹੈ। ਇਸ ਦੀ ਇੱਕ ਉਦਾਹਰਨ ‘ਗੰਗਾ ਵਿਲਾਸ’ ਨਾਂ ਦਾ ਕਰੂਜ਼ ਜਹਾਜ਼ ਉੱਤਰ ਪ੍ਰਦੇਸ਼ ਦੇ ਵਾਰਾਨਸੀ ਤੋਂ ਸ਼ੁਰੂ ਹੋ ਕੇ ਆਸਾਮ ਦੇ ਡਿਬਰੂਗੜ੍ਹ ਤੱਕ 3200 ਕਿਲੋਮੀਟਰ ਦਾ ਸਫ਼ਰ ਕਰਦਾ ਹੋਇਆ ਯਾਤਰਆਂ ਨੂੰ ਦਿਲ ਖਿੱਚਵੇਂ ਨਜ਼ਾਰੇ ਪੇਸ਼ ਕਰਦਾ ਹੈ। ਇਹ ਜਹਾਜ਼ ਸਾਰਨਾਥ, ਸੁੰਦਰਬਨ ਅਤੇ ਕਾਜ਼ੀਰੰਗਾ ਕੌਮੀ ਪਾਰਕ ਜਿਹੇ ਮਨੋਰੰਜਕ ਥਾਵਾਂ ’ਚੋਂ ਹੋ ਕੇ ਲੰਘਦਾ ਹੈ। ਇੱਕ ਹੋਰ ਮਨਮੋਹਕ ਕਰੂਜ਼ ਟੂਰ ਮੁੰਬਈ ਤੋਂ ਚੱਲ ਕੇ ਲਕਸ਼ਦੀਪ ’ਚੋਂ ਹੁੰਦਾ ਹੋਇਆ ਗੋਆ ਤੱਕ ਦਾ ਸਫ਼ਰ ਸੈਲਾਨੀਆਂ ਨੂੰ ਰੋਜ਼ਾਨਾ ਜ਼ਿੰਦਗੀ ਦੀ ਦੌੜ ਭੱਜ ਤੋਂ ਦੂਰ ਲੈ ਕੇ ਜਾਂਦਾ ਹੋਇਆ ਦਰਿਆਵਾਂ ਦੇ ਡੂੰਘੇ ਪਾਣੀਆਂ ਦੇ ਨਜ਼ਾਰਿਆਂ ਨਾਲ ਵਾਕਿਫ਼ ਕਰਾਉਂਦਾ ਹੈ।

ਸਮੁੰਦਰੀ ਜਹਾਜ਼ਾਂ ਨਾਲ ਕੁਝ ਅਣਸੁਖਾਵੀਆਂ ਘਟਨਾਵਾਂ ਵੀ ਜੁੜੀਆਂ ਹਨ। ਸੰਨ 1912 ਦਾ ‘ਟਾਈਟੈਨਿਕ’ ਨਾਂ ਦਾ ਜਹਾਜ਼ ਇਤਿਹਾਸ ਦੇ ਪੰਨਿਆਂ ਵਿੱਚ ਦਰਜ ਹੈ। 15 ਅਪਰੈਲ, 1912 ਵਾਲੇ ਦਿਨ ਇੱਕ ਬਰਫ਼ੀਲੀ ਚੱਟਾਨ ਨਾਲ ਟਕਰਾਉਣ ਮਗਰੋਂ ਇਹ ਵਿਸ਼ਾਲ ਜਹਾਜ਼ ਡੁੱਬ ਗਿਆ ਸੀ ਅਤੇ 1500 ਦੇ ਕਰੀਬ ਯਾਤਰੂਆਂ ਦੀ ਮੌਤ ਹੋ ਗਈ ਸੀ। ਕਰੂਜ਼ ਜਹਾਜ਼ਾਂ ਉੱਤੇ ਹੁੰਦੀਆਂ ਪਾਰਟੀਆਂ ਅਕਸਰ ਵਿਵਾਦਾਂ ’ਚ ਘਿਰੀਆਂ ਰਹਿੰਦੀਆਂ ਹਨ। ਇਨ੍ਹਾਂ ਪਾਰਟੀਆਂ ਵਿੱਚ ਉੱਚੀ ਪਹੁੰਚ ਵਾਲੇ ਲੋਕ ਸ਼ਾਮਿਲ ਹੁੰਦੇ ਹਨ ਅਤੇ ਉੱਥੇ ਗੈਰਕਨੂੰਨੀ ਨਸ਼ੇ ਦੀ ਖੁੱਲ੍ਹ ਕੇ ਵਰਤੋਂ ਹੁੰਦੀ ਹੈ। ਅਤੀਤ ਵਿੱਚ ਅਜਿਹੀਆਂ ਕਈ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਵਿੱਚ ਵੱਡਿਆਂ ਘਰਾਂ ਦੇ ‘ਕਾਕੇ-ਕਾਕੀਆਂ’ ਦੇ ਸ਼ਾਮਿਲ ਹੋਣ ਦੇ ਪ੍ਰਤੱਖ ਪ੍ਰਮਾਣ ਮੌਜੂਦ ਹਨ।



# ਪੰਜਾਬ ਦੇ ਪਿੰਡਾਂ ਦਾ ਬਦਲਿਆ ਮੁਹਾਂਦਰਾ

ਇੰਜ. ਜਗਜੀਤ ਸਿੰਘ ਕੰਡਾ



ਇੱਕ ਸਮਾਂ ਸੀ ਜਦੋਂ ਲੋਕ ਆਮ ਹੀ ਕਹਿੰਦੇ ਸੁਣੇ ਜਾਂਦੇ ਸੀ ਕਿ ਪਿੰਡਾਂ ਵਿੱਚ ਰੱਬ ਵਸਦਾ ਹੈ। ਪੇਂਡੂ ਲੋਕਾਂ ਦਾ ਆਪਸੀ ਮੋਹ-ਪਿਆਰ ਹੱਦੋਂ ਵੱਧ ਹੁੰਦਾ ਸੀ। ਕਿਸੇ ਦੀ ਧੀ, ਭੈਣ ਨੂੰ ਪੂਰੇ ਪਿੰਡ ਦੀ ਧੀ, ਭੈਣ ਸਮਝਿਆ ਜਾਂਦਾ ਸੀ। ਕਿਸੇ ਦੇ ਘਰ ਆਏ ਜਵਾਈ ਭਾਈ ਨੂੰ ਸਾਰੇ ਪਿੰਡ ਵਾਲੇ ਆਪਣਾ ਰਿਸ਼ਤੇਦਾਰ ਸਮਝਦੇ ਸੀ ਤੇ ਆਂਢ-ਗੁਆਂਢ ਦੇ ਨੇੜਲੇ ਘਰ ਪ੍ਰਾਹੁਣੇ ਲਈ ਗੜਵੀ-ਗੜਵੀ ਦੁੱਧ ਦੀ ਦੇ ਕੇ ਜਾਂਦੇ ਸਨ। ਜੇਕਰ ਕੋਈ ਬਾਹਰਲੇ ਪਿੰਡੋਂ ਆਇਆ ਬੰਦਾ ਸੱਥ ਵਿੱਚੋਂ ਕਿਸੇ ਦਾ ਘਰ ਪੁੱਛਦਾ ਤਾਂ ਇੱਕ ਜਣਾ ਉਸ ਨੂੰ ਉਸ ਘਰ ਛੱਡਣ ਜਾਂਦਾ ਸੀ। ਇਹ ਸਾਡੇ ਪਿੰਡਾਂ ਦੀ ਆਪਸੀ ਭਾਈਚਾਰਕ ਸਾਂਝ ਦਾ ਪ੍ਰਤੀਕ ਸੀ। ਪਿੰਡਾਂ ਦੇ ਲੋਕ ਸ਼ਹਿਰਾਂ ਤੋਂ ਵੱਧ ਇੱਕ ਦੂਜੇ ਨਾਲ ਦੁੱਖ-ਸੁੱਖ ਵਿੱਚ ਸਾਂਝ ਨਿਭਾਉਂਦੇ ਸਨ ਜੋ ਅੱਜ ਪੈਸੇ ਦੀ ਦੌੜ ਵਿੱਚ ਕਿਧਰੇ ਗੁਆਚ ਗਈ ਹੈ। ਜੇਕਰ ਆਂਢ-ਗੁਆਂਢ ਕਿਸੇ ਦੇ ਘਰ ਕੋਈ ਜੀ ਰੱਬ ਨੂੰ ਪਿਆਰਾ ਹੋ ਜਾਂਦਾ ਤਾਂ ਭੋਗ ਤੱਕ ਉਸ ਨੂੰ ਚੁੱਲ੍ਹੇ ਅੱਗ ਨਹੀਂ ਪਾਉਣ ਦਿੰਦੇ ਸਨ। ਰਾਤ ਨੂੰ ਉਨ੍ਹਾਂ ਦੇ ਘਰ ਵਾਰੀ-ਵਾਰੀ ਸਾਰੇ ਗੁਆਂਢੀ ਰਾਤਾਂ ਕਟਵਾਉਂਦੇ ਸਨ। ਵਿਸ਼ਵੀਕਰਨ ਨੇ ਸਾਡਾ ਉਹ ਆਪਸੀ ਨਿੱਘ ਨਿਗਲ ਲਿਆ ਹੈ।

ਪਿੰਡਾਂ ਦੇ ਲੋਕ ਸਵੇਰ ਤੋਂ ਆਥਣ ਤੱਕ ਸੱਥਾਂ ਵਿੱਚ ਰੱਖੇ ਖੁੰਢਾਂ 'ਤੇ ਬਹਿ ਕੇ ਖੁੰਢ ਚਰਚਾ ਕਰਦੇ ਹੋਏ ਇੱਕ ਦੂਜੇ ਨਾਲ ਦੁੱਖ-ਸੁੱਖ ਫੋਲ ਕੇ ਉਦਾਸ ਮਨ ਨੂੰ ਖ਼ੁਸ਼ੀਆਂ ਤੇ ਖੇੜੇ ਨਾਲ ਭਰ ਦਿੰਦੇ ਸਨ। ਇਹ ਖੁੰਢ ਚਰਚਾ ਆਪਸੀ ਭਾਈਚਾਰਕ ਸਾਂਝ ਨੂੰ ਜਿੱਥੇ ਮਜ਼ਬੂਤ ਕਰਦੀ ਸੀ, ਉੱਥੇ ਬਹੁਤ ਲੋਕਾਂ ਦੇ ਸਵਾਲਾਂ ਤੇ ਮਸਲਿਆਂ ਦਾ ਹੱਲ ਵੀ ਕੱਢ ਕੇ ਦਿੰਦੀ ਸੀ। ਰਸਮ ਰਿਵਾਜਾਂ ਵਿੱਚ ਬਹੁਤ ਨੇੜਤਾ ਵਾਲੀ ਸਾਂਝ ਹੁੰਦੀ ਸੀ। ਆਪਣੇ ਬੇਗਾਨੇ ਦੀ ਕੋਈ ਪਛਾਣ ਹੀ ਨਹੀਂ ਹੁੰਦੀ ਸੀ। ਕਿਸੇ ਧੀ, ਭੈਣ ਦਾ ਸਾਹਾ ਹੁੰਦਾ ਤਾਂ ਸਾਰੇ ਪਿੰਡ ਦੀ ਰੋਟੀ ਇੱਕੋ ਥਾਂ ਸਾਹੇ ਵਾਲੇ ਘਰ ਪੱਕਦੀ ਸੀ। ਸਾਰਾ ਪਿੰਡ ਮਿਲਜੁਲ ਕੇ ਹੱਥ ਵਟਾਉਂਦੇ। ਅੱਜ ਵਾਂਗ ਮਹਿੰਗੇ ਮੈਰਿਜ ਪੈਲੇਸ ਨਹੀਂ ਹੁੰਦੇ ਸਨ, ਪਿੰਡ ਦੀ ਧਰਮਸ਼ਾਲਾ ਹੀ ਮੈਰਿਜ ਪੈਲੇਸ ਹੁੰਦੀ ਸੀ। ਬਰਾਤ ਕਈ-ਕਈ ਦਿਨ ਪਹਿਲਾਂ ਢੁੱਕਦੀ ਸੀ। ਧਰਮਸ਼ਾਲਾ ਵਿੱਚ ਹੀ ਮੰਜੇ ਡਾਹ ਕੇ ਉੱਪਰ ਦਰੀਆਂ ਤੇ ਚਿੱਟੀਆਂ ਚਾਦਰਾਂ ਵਿਛਾਈਆਂ ਜਾਂਦੀਆਂ ਸਨ। ਉੱਥੇ ਹੀ ਕੜਾਹਿਆਂ ਵਿੱਚ ਨਹਾਉਣ ਲਈ ਗਰਮ ਜਾਂ ਠੰਢਾ ਪਾਣੀ ਹੁੰਦਾ ਸੀ। ਖਾਣ ਲਈ ਅੱਜ ਵਾਂਗ ਤਰ੍ਹਾਂ-ਤਰ੍ਹਾਂ ਦੀਆਂ ਬਾਜ਼ਾਰੂ ਨਕਲੀ ਮਠਿਆਈਆਂ ਨਹੀਂ ਹੁੰਦੀਆਂ ਸਨ ਸਗੋਂ ਗੁੜ ਦਾ ਕੜਾਹ, ਲੱਡੂ, ਜਲੇਬੀਆਂ, ਪਕੌੜੀਆਂ, ਮਖਾਣੇ, ਸ਼ੱਕਰ ਪਾਰੇ, ਬਾਲੂਸ਼ਾਈਆਂ ਆਦਿ ਤੇ ਰੋਟੀ-ਟੁੱਕ ਸਾਦਾ, ਪਿਓਰ ਤੇ ਸਿਹਤ ਵਰਧਕ ਹੁੰਦਾ ਸੀ। ਲੋਕ ਵਿਆਹ ਤੋਂ ਇੱਕੀ ਦਿਨ ਪਹਿਲਾਂ ਮੁੰਡੇ ਜਾਂ ਕੁੜੀ ਦੇ ਗਾਨਾ ਬੰਨ੍ਹ ਦਿੰਦੇ, ਮੁੰਡੇ ਦੇ ਵਿਆਹ ਵਿੱਚ ਰਾਤ ਨੂੰ ਰੋਜ਼ਾਨਾ ਘੋੜੀਆਂ ਤੇ ਕੁੜੀ ਦੇ ਵਿਆਹ ਵਿੱਚ ਸੁਹਾਗ ਗਾਏ ਜਾਂਦੇ ਸਨ। ਵਿਆਹਾਂ ਵਿੱਚ ਬੰਬੀਹੇ ਬੁਲਾਏ ਜਾਂਦੇ ਸਨ ਤੇ ਨਾਨਕੇ ਮੇਲ ਦੀ ਵਾਹਵਾ ਚੜ੍ਹਾਈ ਹੁੰਦੀ ਸੀ। ਮਾਮੀ ਮੇਲਣ ਬਣ ਕੇ ਜਾਗੋ ਚੁੱਕਦੀ ਸੀ ਤੇ ਛੱਜ ਕੁੱਟੇ ਜਾਂਦੇ ਸਨ। ਨਾਨਕੇ ਤੇ ਦਾਦਕਿਆਂ ਵੱਲੋਂ ਸਿੱਠਣੀਆਂ ਗਾਈਆਂ ਜਾਂਦੀਆਂ ਸਨ। ਨਾਨਕਾ ਪਰਿਵਾਰ ਵਿਆਹ ਤੋਂ ਕਈ-ਕਈ ਦਿਨ ਪਹਿਲਾਂ ਹੀ ਆ ਜਾਂਦਾ ਸੀ। ਅੱਜਕੱਲ੍ਹ ਦੀ ਪੀੜ੍ਹੀ ਤਾਂ ਇਨ੍ਹਾਂ ਸਭ ਰਸਮਾਂ, ਰਿਵਾਜਾਂ ਨੂੰ ਭੁੱਲ ਚੁੱਕੀ ਹੈ। ਕਿਸੇ ਨਾਨਕੇ, ਦਾਦਕੇ ਕੋਲ ਟਾਈਮ ਹੀ ਨਹੀਂ ਹੈ। ਮੈਰਿਜ ਪੈਲੇਸ ਵਿੱਚ ਕੁਝ ਹੀ ਘੰਟਿਆਂ ਵਿੱਚ ਵਿਆਹ ਸੰਪੂਰਨ ਕਰ ਦਿੱਤਾ ਜਾਂਦਾ ਹੈ। ਘਰਵਾਲਿਆਂ ਤੋਂ ਬਿਨਾਂ ਬਾਕੀ ਸਾਰੇ ਰਿਸ਼ਤੇਦਾਰ ਮੈਰਿਜ ਪੈਲੇਸ ਵਿੱਚ ਟਾਈਮ 'ਤੇ ਮਸਾਂ ਹੀ ਪਹੁੰਚਦੇ ਹਨ, ਬਹੁਤੇ ਤਾਂ ਡੋਲੀ ਤੁਰਨ ਤੋਂ ਪਹਿਲਾਂ ਹੀ ਆਪਣੇ ਘਰਾਂ ਨੂੰ ਕੂਚ ਕਰ ਜਾਂਦੇ ਹਨ। ਘੋੜੀਆਂ ਤੇ ਸੁਹਾਗ ਤਾਂ ਬੀਤੇ ਦੀਆਂ ਕਹਾਣੀਆਂ ਬਣ ਗਏ ਹਨ।

ਪੰਜਾਬ ਦੇ ਪਿੰਡਾਂ ਵਿੱਚ ਵੱਸਦੇ ਲੋਕਾਂ ਦੇ ਘਰ ਉਦੋਂ ਵੱਡੇ ਤੇ ਕੱਚੇ ਹੁੰਦੇ ਸਨ, ਪਰ ਲੋਕ ਦਿਲਾਂ ਦੇ ਸੱਚੇ ਹੁੰਦੇ ਸਨ। ਤਕਰੀਬਨ ਸਾਰੇ ਹੀ ਪਰਿਵਾਰ ਸੰਯੁਕਤ ਰੂਪ ਵਿੱਚ ਰਹਿੰਦੇ ਸੀ। ਲੋਕ ਇੱਕ ਦੂਜੇ ਦੀ ਦਿਲੋਂ ਬਿਨਾਂ ਕਿਸੇ ਸਵਾਰਥ ਤੋਂ ਮਦਦ ਕਰਦੇ ਸਨ। ਘਰ ਲੋੜਾਂ ਦੇ ਮੁਤਾਬਿਕ ਹੀ ਬਣਾਏ ਜਾਂਦੇ ਸਨ, ਵੱਡਾ ਵਿਹੜਾ, ਸਬਾਤ, ਚੁੱਲ੍ਹਾ, ਚੌਂਕਾ, ਝਲਾਣੀ, ਪਸ਼ੂਆਂ ਵਾਲਾ ਵਾੜਾ ਆਦਿ। ਅੱਜ ਦੇ ਪੂੰਜੀਵਾਦੀ ਯੁੱਗ ਵਿੱਚ ਘਰ ਪੱਕੇ ਤੇ ਆਕਾਰ ਛੋਟਾ ਹੋਣ ਦੇ ਨਾਲ-ਨਾਲ ਸਾਡੇ ਅੰਦਰਲਾ ਪਹਿਲਾਂ ਵਾਲਾ ਪਿਆਰ ਸੁੰਗੜ ਗਿਆ ਹੈ।

ਉਦੋਂ ਪਿੰਡਾਂ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੁੰਦਾ ਸੀ। ਖਾਣ ਜੋਗੀ ਬੀਜੀ ਜਾਂਦੀ ਸੀ। ਉਦੋਂ ਹਲਾਂ ਤੇ ਨਗੌਰੀ ਬਲਦਾਂ ਦੀਆਂ ਜੋੜੀਆਂ ਦਾ ਖ਼ਾਸ ਹੀ ਮਹੱਤਵ ਹੁੰਦਾ ਸੀ। ਘਰ-ਘਰ ਵਿੱਚ ਦੁੱਧ ਲਈ ਪਸ਼ੂਆਂ ਦੀ ਭਰਮਾਰ ਸੀ। ਖੂਹਾਂ ਤੋਂ ਪਾਣੀ ਭਰਦੀਆਂ ਮੁਟਿਆਰਾਂ ਤੇ ਮਜਾਜ਼ਣਾਂ ਦਾ ਇਕੱਠੇ ਹੋ ਕੇ ਜਾਣਾ ਬਹੁਤ ਹੀ ਚੰਗਾ ਲੱਗਦਾ ਸੀ। ਅੱਜ ਅਸੀਂ ਵਿਹਲੜ ਬਣ ਕੇ ਸਾਰਾ ਦਿਨ ਇੱਧਰ-ਉੱਧਰ ਘੁੰਮ ਕੇ ਟਾਈਮ ਪਾਸ ਕਰ ਰਹੇ ਹਾਂ। ਪੈਲੀ ਠੇਕੇ 'ਤੇ ਦੇ ਕੇ ਆਪਣੇ-ਆਪ ਨੂੰ ਸੁਰਖ਼ਰੂ ਮਹਿਸੂਸ ਕਰ ਰਹੇ ਹਾਂ। ਉਦੋਂ ਮਿਹਨਤ ਕਰਨ ਕਰਕੇ ਬਿਮਾਰੀਆਂ ਦਾ ਨਾਮੋ ਨਿਸ਼ਾਨ ਨਹੀਂ ਹੁੰਦਾ ਸੀ ਤੇ ਅੱਜ ਸਾਨੂੰ ਭਿਆਨਕ ਲਾ-ਇਲਾਜ ਬਿਮਾਰੀਆਂ ਖ਼ਤਮ ਕਰ ਰਹੀਆਂ ਹਨ। ਘਰਾਂ ਦੀਆਂ ਕੱਚੀਆਂ ਕੰਧਾਂ ਅਤੇ ਕੰਧੋਲੀਆਂ 'ਤੇ ਵੇਲ ਬੂਟੇ, ਮੋਰ ਤੋਤਿਆਂ, ਬੱਤਖਾਂ ਆਦਿ ਦੇ ਚਿੱਤਰ ਬਣਾ ਕੇ ਉੱਤੇ ਪਾਂਡੂ ਦਾ ਪੋਚਾ ਫੇਰਨ ਨਾਲ ਕਲਾਕਾਰੀ ਦਾ ਅਨੋਖਾ ਨਮੂਨਾ ਪੇਸ਼ ਹੁੰਦਾ ਸੀ। ਉਹ ਅੱਜ ਦੇ ਮਹਿੰਗੇ ਰੰਗਾਂ ਤੇ ਮਸ਼ੀਨੀ ਪੇਂਟ ਨੂੰ ਮਾਤ ਪਾਉਂਦਾ ਸੀ। ਚੁੱਲ੍ਹੇ ਨੂੰ ਰੋਜ਼ਾਨਾ ਸੁਵਖਤੇ ਉੱਠ ਕੇ ਪਰੋਲਾ ਫੇਰਿਆ ਜਾਂਦਾ ਸੀ, ਇਉਂ ਲੱਗਦਾ ਸੀ ਇਹ ਰੋਜ਼ ਹੀ ਨਵਾਂ ਗੱਡਿਆ ਹੋਵੇ। ਇਹ ਸਭ ਅੱਜ ਦੇ ਮਸ਼ੀਨੀ ਯੁੱਗ ਦੀ ਭੇਂਟ ਚੜ੍ਹਕੇ ਮਹਿੰਗੀਆਂ ਰਸੋਈਆਂ ਵਿੱਚ ਬਦਲ ਚੁੱਕਾ ਹੈ। ਜਿਸ ਕਾਰਨ ਪਿੰਡਾਂ ਵਿੱਚੋਂ ਪਸ਼ੂ ਧਨ ਬਹੁਤ ਘਟ ਗਿਆ ਹੈ ਤੇ ਅਸੀਂ ਸਾਰੇ ਰੋਜ਼ਾਨਾ ਲੱਖਾਂ ਲੀਟਰ ਨਕਲੀ ਦੁੱਧ ਤੇ ਡੇਅਰੀ ਉਤਪਾਦ ਖਾ ਪੀ ਕੇ ਕੈਂਸਰ ਟਰੇਨ ਦੇ ਡੱਬਿਆਂ ਨੂੰ ਵਧਾ ਰਹੇ ਹਾਂ।

ਸਾਡੇ ਪੇਂਡੂ ਰਿਸ਼ਤੇ-ਨਾਤਿਆਂ ਵਿੱਚ ਵੀ ਵੱਡੀ ਤਬਦੀਲੀ ਆਈ ਹੈ। ਪੰਜਾਬ ਦੇ ਪਿੰਡਾਂ ਵਿੱਚ ਹਮੇਸ਼ਾ ਹੀ ਦਿਓਰ-ਭਰਜਾਈ ਦਾ ਰਿਸ਼ਤਾ ਮੋਹ ਤੇ ਅਪਣੱਤ ਭਰਿਆ ਰਿਹਾ ਹੈ। ਇਸ ਬਾਰੇ ਇੱਕ ਗੀਤ ਵੀ ਪ੍ਰਚੱਲਿਤ ਹਨ-'ਛੜੇ ਜੇਠ ਨੂੰ ਲੱਸੀ ਨਹੀਂ ਪਾਉਣੀ, ਦਿਉਰ ਭਾਵੇਂ ਮੱਝ ਚੁੰਘ ਜਾਏ।' ਅੱਜ ਦਿਓਰ-ਭਰਜਾਈ ਦੇ ਰਿਸ਼ਤੇ ਵਿਚਲਾ ਨਿੱਘ ਤੇ ਅਪਣੱਤ ਲਗਭਗ ਖ਼ਤਮ ਹੋ ਕੇ ਸ਼ਰੀਕੇਬਾਜ਼ੀ ਵਿੱਚ ਬਦਲ ਗਿਆ ਹੈ। ਸੱਸ-ਨੂੰਹ, ਜੀਜਾ-ਸਾਲੀ ਦੇ ਰਿਸ਼ਤਿਆਂ ਦੀ ਗੀਤਾਂ ਵਿਚਲੀ ਗੱਲਬਾਤ ਲੋਪ ਹੋ ਕੇ ਸਿਰਫ਼ ਕਿਤਾਬਾਂ ਤੱਕ ਸੀਮਤ ਹੋ ਗਈ ਹੈ। ਪਹਿਲਾਂ ਬੱਚੇ ਨਾਨਕੇ-ਦਾਦਕੇ ਜਾਣ ਲਈ ਜਿੱਥੇ ਛੁੱਟੀਆਂ ਦਾ ਇੰਤਜ਼ਾਰ ਕਰਦੇ ਹੋਏ ਗਾਉਂਦੇ ਸਨ, 'ਨਾਨੀ ਕੋਲ ਜਾਵਾਂਗੇ, ਦੁੱਧ ਮਲਾਈਆਂ ਖਾਵਾਂਗੇ, ਮੋਟੇ ਹੋ ਕੇ ਆਵਾਂਗੇ।' ਮੋਬਾਈਲ ਦੇ ਯੁੱਗ ਨੇ ਬੱਚਿਆਂ ਨੂੰ ਹੁਣ ਨਾਨਕੇ ਹੀ ਭੁਲਾ ਦਿੱਤੇ ਹਨ। ਪਹਿਲਾਂ ਲੋਕ ਕਿਸੇ ਨੂੰ ਗੁੱਸੇ ਨਾਲ ਅਕਸਰ ਕਹਿੰਦੇ ਸਨ ਕਿ ਸੁਧਰ ਜਾ ਨਹੀਂ ਤਾਂ 'ਨਾਨੀ ਚੇਤੇ ਕਰਾਦੂੰ' ਅੱਜ ਬੱਚਿਆਂ ਨੂੰ ਇਸ ਮੁਹਾਵਰੇ ਦੇ ਅਰਥ ਹੀ ਨਹੀਂ ਪਤਾ।

ਪਿੰਡਾਂ ਵਿੱਚ ਅੱਜ ਦੇ ਸੂਚਨਾ ਤਕਨਾਲੋਜੀ ਵਾਲੇ ਜ਼ਮਾਨੇ ਦੀ ਹਰ ਸੁੱਖ ਸਹੂਲਤ ਮੌਜੂਦ ਹੈ। ਪਿੰਡਾਂ ਦੀਆਂ ਫਿਰਨੀਆਂ 'ਤੇ ਖੁੱਲ੍ਹੀਆਂ ਦੁਕਾਨਾਂ ਸ਼ਹਿਰ ਦੇ ਬਾਜ਼ਾਰਾਂ ਦਾ ਭੁਲੇਖਾ ਪਾਉਂਦੀਆਂਹਨ। ਕਿਸੇ ਸਮੇਂ ਘਰੇਲੂ ਵਰਤੋਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਾਰਾ ਸਾਮਾਨ ਸ਼ਹਿਰੋਂ ਲਿਆਉਣਾ ਪੈਂਦਾ ਸੀ, ਪਰ ਅੱਜ ਜ਼ਮਾਨੇ ਦੇ ਨਾਲ-ਨਾਲ ਪਿੰਡਾਂ ਦਾ ਮੁਹਾਂਦਰਾ ਬਦਲ ਚੁੱਕਿਆ ਹੈ, ਜਿਸ ਨਾਲ ਸਾਡੇ ਮਨਾਂ ਅੰਦਰੋਂ ਆਪਸੀ ਭਾਈਚਾਰਕ ਸਾਂਝ ਖੰਭ ਲਾ ਕੇ ਕਿਧਰੇ ਉੱਡ ਗਈ ਹੈ। ਇਸ ਦਾ ਮੁੱਢਲਾ ਕਾਰਨ ਸਾਡੀ ਨੌਜਵਾਨ ਪੀੜ੍ਹੀ ਦਾ ਤਰੱਕੀ ਦੀ ਭੁੱਖ, ਬੇਰੁਜ਼ਗਾਰੀ ਦੀ ਮਾਰ ਸਦਕਾ ਵਿਦੇਸ਼ਾਂ ਵੱਲ ਪਰਵਾਸ ਕਰਨਾ ਹੈ। ਪੰਜਾਬ ਵਿੱਚ ਥਾਂ ਖਾਲੀ ਹੋ ਰਹੀ ਹੈ, ਜਿਸ ਨੂੰ ਪੁਰ ਕਰਨ ਲਈ ਵੱਖ-ਵੱਖ ਖਿੱਤਿਆਂ ਵਿੱਚ ਲੋਕ ਪੰਜਾਬ ਵਿੱਚ ਆ ਕੇ ਵਸ ਰਹੇ ਹਨ। ਸ਼ਾਲਾ! ਮੇਰਾ ਉਹ ਪੁਰਾਤਨ ਪੰਜਾਬ ਫਿਰ ਤੋਂ ਆਬਾਦ ਹੋਵੇ।

# ਪਹਿਲਾਂ ਵਿਆਹਾਂ 'ਚ ਮਾਮੇ ਦੀ ਹੁੰਦੀ ਸੀ ਖ਼ੂਬ ਪੁੱਛਗਿੱਛ, ਹੁਣ ਰਿਵਾਜ਼ ਬਦਲੇ

ਬਹਾਦਰ ਸਿੰਘ ਗੋਸਲ



ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿੱਚ ਜਾਂ ਖੇਤਰਾਂ ਵਿੱਚ ਵਿਆਹ ਵੀ ਵੱਖ-ਵੱਖ ਰਸਮਾਂ ਨਾਲ ਹੀ ਹੁੰਦੇ ਹਨ। ਜੇ ਪੰਜਾਬ ਦੇ ਪਿੰਡਾਂ 'ਚ ਹੁੰਦੇ ਵਿਆਹਾਂ ਦੀ ਗੱਲ ਕਰੀਏ, ਤਾਂ ਉਹ ਬਹੁਤ ਹੀ ਵਿਲੱਖਣ, ਮਸਤੀ ਭਰੇ, ਗੀਤ-ਸੰਗੀਤਾਂ ਨਾਲ ਸ਼ਿੰਗਾਰੇ, ਗਿੱਧਿਆਂ, ਭੰਗੜਿਆਂ ਦੀ ਧਮਾਲ ਅਤੇ ਸਮਾਜਿਕ ਭਾਈਵਾਲਤਾ ਦੀ ਤਸਵੀਰ ਪੇਸ਼ ਕਰਦੇ ਸਨ। ਕਿਸੇ ਪਿੰਡ ਵਿੱਚ ਹੋਣ ਵਾਲਾ ਵਿਆਹ ਸਾਰੇ ਪਿੰਡ ਦਾ ਸਾਂਝਾ ਕਾਰਜ ਬਣ ਜਾਂਦਾ ਸੀ ਤੇ ਪਿੰਡ ਦੇ ਹਰ ਘਰ 'ਚ ਵਿਆਹ ਦਾ ਮਾਹੌਲ ਬਣ ਜਾਂਦਾ ਸੀ। ਵਿਆਹ ਵਾਲੇ ਘਰ ਆਏ ਮਹਿਮਾਨ ਸਾਰੇ ਘਰਾਂ 'ਚ ਵੰਡੇ ਜਾਂਦੇ ਸਨ।

**ਹਰ ਰਸਮ 'ਚ ਕੀਤਾ ਜਾਂਦਾ ਸੀ ਸ਼ਗਨ**

ਵਿਆਹ ਭਾਵੇਂ ਕਿਸੇ ਮੁੰਡੇ ਦਾ ਹੋਵੇ ਜਾਂ ਕਿਸੇ ਕੁੜੀ, ਪਿੰਡ ਵਿੱਚ ਤਾਂ ਮਾਹੌਲ ਖ਼ੁਸ਼ੀਆਂ ਭਰਿਆ ਤੇ ਰੰਗੀਨ ਹੋ ਜਾਂਦਾ ਸੀ। ਪੰਜਾਬ ਦੇ ਪਿੰਡਾਂ 'ਚ ਸਦੀਆਂ ਤੋਂ ਹੀ ਵਿਆਹ ਦੀ ਹਰ ਰਸਮ ਨੂੰ ਸ਼ਗਨਾਂ ਦਾ ਰੂਪ ਦਿੱਤਾ ਜਾਂਦਾ ਸੀ। ਵਿਆਹ ਵਿੱਚ ਕੁਝ ਵੀ ਕਰਨ ਤੋਂ ਪਹਿਲਾਂ ਚੰਗੇ ਸ਼ਗਨ ਮਨਾਏ ਜਾਂਦੇ ਸਨ ਤੇ ਪੈਰ-ਪੈਰ 'ਤੇ ਇਸ ਗੱਲ ਦਾ ਧਿਆਨ ਰੱਖਿਆ ਜਾਂਦਾ ਸੀ ਕਿ ਵਿਆਹ ਵਿੱਚ ਕੋਈ ਬਦ-ਸ਼ਗਨ ਨਾ ਹੋ ਜਾਵੇ। ਵਿਆਹ ਦੀ ਚਿੱਠੀ ਦੇ ਦਿਨ ਤੋਂ ਲੈ ਕੇ ਵਿਆਹ ਦੀ ਸੰਪੂਰਨਤਾ ਤਕ ਤਰ੍ਹਾਂ-ਤਰ੍ਹਾਂ ਦੇ ਸ਼ਗਨ ਮਨਾਏ ਜਾਂਦੇ ਸਨ, ਜਿਵੇਂ ਵਿਆਹ ਦੀ ਚਿੱਠੀ ਨੂੰ ਵੀ ਤੋਰਨਾ ਪੰਚਾਇਤ ਵਿੱਚ ਅਤੇ ਉਹ ਵੀ ਥਾਲ ਵਿੱਚ ਮਿੱਠਾ, ਖੰਮਣੀ, ਹਲਦੀ, ਸਿੱਕਾ ਆਦਿ ਰੱਖ ਕੇ ਸ਼ਗਨ ਮਨਾਇਆ ਜਾਂਦਾ। ਵਿਆਹ ਤੋਂ ਕਿੰਨੇ ਦਿਨ ਪਹਿਲਾਂ ਵਿਆਹ ਵਾਲੇ ਘਰ ਸ਼ਾਮ ਨੂੰ ਔਰਤਾਂ ਇਕੱਠੀਆਂ ਹੋ ਕੇ ਸ਼ਗਨਾਂ ਦੇ ਗੀਤ ਗਾਉਂਦੀਆਂ।

**ਮਾਮੇ ਦੀ ਹੁੰਦੀ ਸੀ ਖ਼ੂਬ ਪੁੱਛਗਿੱਛ**

ਜਿਵੇਂ ਅਸੀਂ ਦੇਖਦੇ ਆਏ ਹਾਂ ਕਿ ਸਦੀਆਂ ਤੋਂ ਚੱਲਦੀ ਰੀਤ ਅਨੁਸਾਰ ਵਿਆਹ ਵਿੱਚ ਮਹਿੰਦੀ ਲਗਾਉਣਾ, ਬੰਨ ਲਗਾਉਣਾ ਜਾਂ ਨਾਈਂ-ਧੋਬੀ ਦੀ ਰਸਮ ਖ਼ਾਸ ਹੁੰਦੀਆਂ ਹਨ ਭਾਵੇਂ ਹੋਰ ਵੀ ਬਹੁਤ ਸਾਰੀਆਂ ਰਸਮਾਂ ਹੁੰਦੀਆਂ ਹਨ। ਇਨ੍ਹਾਂ ਤਿੰਨਾਂ ਨੂੰ ਤਾਂ ਔਰਤਾਂ ਖ਼ੂਬ ਗੀਤ ਗਾ ਕੇ ਆਨੰਦਮਈ ਬਣਾ ਦਿੰਦੀਆਂ ਸਨ। ਹਾਂ, ਹਰ ਵਿਆਹ ਵਿੱਚ ਨਾਨਕਿਆਂ ਦਾ ਰੋਲ ਅਹਿਮ ਹੁੰਦਾ ਸੀ, ਇਹੀ ਕਾਰਨ ਹੁੰਦਾ ਸੀ ਕਿ ਵਿਆਹ ਵਿੱਚ ਮਾਮਾ ਪੂਰਾ ਪ੍ਰਧਾਨ ਹੁੰਦਾ ਸੀ। ਉਂਝ ਹੀ ਨਹੀਂ ਉਸ ਨੇ ਨਾਨਕਿਆਂ ਵੱਲੋਂ ਮੜ੍ਹੇ ਦੇ ਰੂਪ ਵਿੱਚ ਸ਼ਗਨ ਕਰ ਕੇ ਕੱਪੜਿਆਂ ਅਤੇ ਗਹਿਣਿਆਂ ਗੱਟਿਆਂ 'ਤੇ ਵੀ ਚੰਗਾ ਖ਼ਰਚ ਕੀਤਾ ਹੁੰਦਾ ਸੀ, ਜਿਸ ਨਾਲ ਗ਼ਰੀਬ ਵਿਆਹ ਵਾਲਿਆਂ ਨੂੰ ਕੋਈ ਸਹਾਰਾ ਮਿਲ ਜਾਂਦਾ ਸੀ। ਇਸੇ ਲਈ ਤਾਂ ਵਿਆਹ ਵਿੱਚ ਆਈਆਂ ਨਾਨਕਿਆਂ ਵੱਲੋਂ ਔਰਤਾਂ ਮੜ੍ਹੇ 'ਤੇ ਗੀਤ ਗਾਉਂਦੀਆਂ ਕਹਿੰਦੀਆਂ -

ਦੇਖੋ! ਭਾਈ ਦੇਖੋ, ਨਾਨਕ ਛੱਕ,  
ਮਾਮੇ ਨੇ ਵਾਰ ਦਿੱਤੀ ਨੋਟਾਂ  
ਦੀ ਲੱਪ।

ਵਿਆਂਦੜ ਦੀ ਮਾਂ ਨੂੰ ਆਪਣੇ ਭਰਾਵਾਂ ਉੱਤੇ ਮਾਣ ਹੁੰਦਾ ਅਤੇ ਮੁੰਡੇ ਜਾਂ ਕੁੜੀ ਦੇ ਮਾਂ-ਬਾਪ ਵਿਆਹ ਵਿੱਚ ਹਰ ਸਲਾਹ ਮਾਮੇ ਨਾਲ ਜ਼ਰੂਰ ਕਰਦੇ। ਵੈਸੇ ਵੀ ਬੱਚਿਆਂ ਦਾ ਮਾਮੇ ਨਾਲ ਪਿਆਰ ਹੁੰਦਾ ਹੈ ਕਿਉਂਕਿ ਮਾਮਾ ਕਹਿਣ ਲਈ ਦੋ ਵਾਰ ਮਾਂ ਸ਼ਬਦ ਨੂੰ ਦੁਹਰਾਉਣਾ ਪੈਂਦਾ ਹੈ। ਉਧਰ ਵਿਆਹ ਵਿੱਚ ਮਾਮੇ ਅਤੇ ਉਸ ਦੀ ਘਰ ਵਾਲੀ ਮਾਮੀ ਨੂੰ ਆਪਣੇ ਭਾਣਜੇ ਜਾਂ ਭਾਣਜੀ ਦੇ ਵਿਆਹ ਦਾ ਪੂਰਾ-ਪੂਰਾ ਚਾਅ ਹੁੰਦਾ ਹੈ। ਪੁਰਾਣੇ ਸਮਿਆਂ ਵਿੱਚ ਨਾਨਕਾ ਮੇਲ ਕਈ-ਕਈ ਦਿਨ ਵਿਆਹਾਂ ਵਿੱਚ ਲਗਾ ਜਾਂਦਾ ਸੀ ਤੇ ਨਾਨਕੀਆਂ ਤਾਂ ਵਾਰ-ਵਾਰ ਗਿੱਧਿਆਂ ਦੇ ਪਿੜ ਬੰਨ੍ਹਦੀਆਂ। ਉਧਰ ਮਾਮਾ ਵੀ ਆਪਣੀ ਮਸਤੀ ਵਿੱਚ ਝੂਮਦਾ ਰਹਿੰਦਾ ਅਤੇ ਵਾਰ-ਵਾਰ ਆਪਣੀ ਘਰਵਾਲੀ ਨੂੰ ਨੱਚ-ਨੱਚ ਧੂੜਾ ਪੁੱਟਣ ਨੂੰ ਕਹਿੰਦਾ-

ਨੀ ਨੱਚ ਲੈ ਮੋਰਨੀਏ,  
ਨਿੱਤ ਨਿੱਤ ਨੀ ਭਾਣਜੇ ਵਿਆਉਣੇ।

ਉਧਰ ਮਾਮੀ ਵੀ ਇਸ ਮੌਕੇ ਦਾ ਪੂਰਾ-ਪੂਰਾ ਲਾਹਾ ਲੈਂਦੀ ਤੇ ਖ਼ੂਬ ਬਣ ਠਣ ਕੇ ਪੂਰੀ ਟੌਹਰ ਖਿੱਚ ਕੇ ਗਿੱਧੇ ਵਿੱਚ ਗੇੜਾ ਦੇਂਦੀ ਅਤੇ ਇੰਨੇ ਜ਼ੋਰ ਨਾਲ ਗਿੱਧੇ ਵਿੱਚ ਨੱਚਦੀ ਕਿ

ਪਿੰਡ ਦੀਆਂ ਔਰਤਾਂ ਇਹ ਕਹਿਣ ਤੋਂ ਨਾ ਰੁਕਦੀਆਂ -

ਸੁਣ ਨੀਂ ਮਾਮੀਏ ਨੱਚਣ ਵਾਲੀਏ  
ਆਈ ਐਂ ਗਿੱਧੇ 'ਚ ਬਣ ਠਣ ਕੇ  
ਕੰਨੀਂ ਤੇਰੇਹਰੀਆਂ ਬੋਤਲਾਂ, ਬਾਹੀਂ ਚੂੜਾ ਛਣਕੇ  
ਤੀਲੀ ਤੇਰੀ ਨੇ ਮੁਲਕ ਮੋਹ ਲਿਆ,  
ਗਲ ਵਿੱਚ ਮੂੰਗੇ ਮਣਕੇ  
ਨੀਂ ਫੇਰ ਕਦ ਨੱਚੇਗੀ, ਨੱਚ ਲੈ ਪਟੋਲਾ ਬਣ ਕੇ।

ਵਿਆਹ ਦੇ ਬਹੁਤ ਸਾਰੇ ਸ਼ਗਨਾਂ ਵਿੱਚ ਭਾਵੇਂ ਮਾਮੇ ਦੀ ਲੋੜ ਪੈਂਦੀ ਸੀ ਪਰ ਵਿਆਹ ਵਾਲੇ ਦਿਨ, ਜਦੋਂ ਮੁੰਡੇ ਕੁੜੀ ਦੇ ਆਨੰਦ ਕਾਰਜ ਜਾਂ ਫੇਰੇ ਹੋਣੇ ਹੁੰਦੇ ਸਨ ਤਾਂ ਇੱਕ ਬਹੁਤ ਹੀ ਮਹੱਤਵਪੂਰਨ ਰਸਮ ਹੁੰਦੀ ਸੀ ਨਾਈਂ-ਧੋਈ ਦੀ। ਵਿਆਂਦੜ ਨੂੰ ਚੌਂਕੀ ਉਤੇ ਬਿਠਾ ਕੇ ਬਟਨਾ ਮਲਿਆ ਜਾਂਦਾ ਅਤੇ ਫਿਰ ਨਹਾਇਆ ਜਾਂਦਾ। ਇਸ ਮੌਕੇ ਔਰਤਾਂ ਵੱਲੋਂ ਵੀ ਸ਼ਗਨਾਂ ਦੇ ਗੀਤ ਜਾਰੀ ਰਹਿੰਦੇ। ਨਾਈਂ-ਧੋਈ ਦੀ ਰਸਮ ਸਮੇਂ ਮਾਮੇ ਨੂੰ ਜ਼ਰੂਰ ਹਾਜ਼ਰ ਹੋਣਾ ਪੈਂਦਾ ਸੀ ਕਿਉਂਕਿ ਵਿਆਂਦੜ ਦੇ ਨਹਾਉਣ ਤੋਂ ਬਾਅਦ ਉਸ ਨੂੰ ਚੌਂਕੀ ਤੋਂ ਮਾਮਾ ਹੀ ਉਤਾਰਦਾ ਸੀ ਅਤੇ ਇਸ ਨੂੰ ਵੱਡਾ ਸ਼ਗਨ ਮੰਨਿਆ ਜਾਂਦਾ ਸੀ। ਵਿਆਹ ਭਾਵੇਂ ਮੁੰਡੇ ਦਾ ਹੋਵੇ ਜਾਂ ਕੁੜੀ ਦਾ ਪਰ ਨਾਈਂ-ਧੋਬੀ ਸਮੇਂ ਉਨ੍ਹਾਂ ਨੂੰ ਚੌਂਕੀ ਤੋਂ ਮਾਮਾ ਹੀ ਉਤਾਰਦਾ ਸੀ। ਕਈ ਵਾਰ ਤਾਂ ਔਰਤਾਂ ਵੱਲੋਂ ਗਾਇਆ ਜਾਂਦਾ -

ਸੱਦੋ ਨੀ ਸੱਦੋ ਕੁੜੀਓ,  
ਕੁੜੀ ਨੂੰ ਚੌਂਕੀਓ ਉਤਾਰੇ।

ਚੌਂਕੀ ਤੋਂ ਵਿਆਂਦੜ ਨੂੰ ਉਤਾਰਨ ਦੀ ਰਸਮ ਵੀ ਬੜੀ ਹੀ ਮਹੱਤਵਪੂਰਨ ਹੁੰਦੀ ਸੀ ਅਤੇ ਇਸ ਕਰਕੇ ਇਸ ਸਮੇਂ ਮਾਮੇ ਦੀ ਖ਼ੂਬ ਪੁੱਛਗਿੱਛ ਹੁੰਦੀ ਸੀ। ਔਰਤਾਂ ਵੀ ਮਿਲ ਕੇ ਗਾਣਾ ਸ਼ੁਰੂ ਕਰ ਦੇਂਦੀਆਂ -

ਇਸ ਵੇਲੇ ਜ਼ਰੂਰ  
ਮਾਮਾ ਲੋੜੀਂਦਾ।  
ਲੋੜੀਂਦਾ ਜ਼ਰੂਰ, ਮਾਮਾ ਲੋੜੀਂਦਾ।

ਵਿਹੜੇ ਵਿੱਚ ਚੌਂਕੀ ਉੱਤੇ ਮੁੰਡੇ-ਕੁੜੀ ਨੂੰ ਨਹਾਉਂਦੇ ਸਮੇਂ ਵਿਹੜੇ ਵਿੱਚ ਚਿੱਕੜ ਹੋ ਜਾਂਦਾ ਪਰ ਇਹ ਵੀ ਸ਼ਗਨਾਂ ਦਾ ਰੂਪ ਹੀ ਲੈ ਲੈਂਦਾ ਅਤੇ ਔਰਤਾਂ ਇਸ ਦਾ ਬੁਰਾ ਨਾ ਮਨਾਉਂਦੀਆਂ ਹੋਈਆਂ ਇਸ ਨੂੰ ਸ਼ਗਨਾਂ ਭਰੇ ਗੀਤ ਨਾਲ ਆਨੰਦਿਤ ਕਰ ਦੇਂਦੀਆਂ ਅਤੇ ਮਿਲ ਕੇ ਗਾਉਣਾ ਸ਼ੁਰੂ ਕਰ ਦਿੰਦੀਆਂ -

ਆਂਗਨ ਚਿੱਕੜ ਕੀਨੇ ਕੀਤਾ,  
ਕੀਨੇ ਡੋਲਿਆ ਪਾਣੀ,  
ਜਿਹਨੇ ਡੋਲਿਆ ਪਾਣੀ।

ਪਰ ਚੌਂਕੀ ਤੋਂ ਵਿਆਂਦੜ ਨੂੰ ਉਤਾਰਨਾ ਬਹੁਤ ਹੀ ਭਾਵੁਕ ਦ੍ਰਿਸ਼ ਪੇਸ਼ ਕਰਦਾ ਸੀ ਕਿਉਂਕਿ ਜਿੱਥੇ ਇਹ ਮਾਮੇ ਭਾਣਜੇ ਦੇ ਪਿਆਰ ਦਾ ਪ੍ਰਤੀਕ ਸੀ, ਉੱਥੇ ਹੀ ਰਿਸ਼ਤੇਦਾਰੀ ਦੀ ਇਸ ਪਿਆਰ ਲੜੀ ਨੂੰ ਬਹੁਤ ਹੀ ਸਲੀਕੇ ਦਾ ਦਰਜਾ ਮਿਲਦਾ ਸੀ, ਤਾਂ ਹੀ ਉਸ ਸਮੇਂ ਔਰਤਾਂ ਮਿਲ ਕੇ ਫੇਰ ਗਾਉਂਦੀਆਂ ਸਨ-

ਸੱਦੋ ਨੀ ਸੱਦੋ ਇਹਦੇ ਮਾਮੇ ਨੂੰ  
ਲੱਖ ਧਰਮੀ ਨੂੰ  
ਲਾਡਲੇ ਨੂੰ ਚੌਂਕੀਓ ਉਤਾਰੇ।

**ਰੀਤੀ-ਰਿਵਾਜਾਂ 'ਚ ਆ ਚੁੱਕੀ ਤਬਦੀਲੀ**

ਇਸ ਤਰ੍ਹਾਂ ਮਾਮੇ ਵੱਲੋਂ ਵਿਆਂਦੜ ਨੂੰ ਚੌਂਕੀ ਤੋਂ ਉਤਾਰ ਕੇ ਨਾਈਂ-ਧੋਈ ਦੀ ਰਸਮ ਨੂੰ ਸੰਪੂਰਨ ਕੀਤਾ ਜਾਂਦਾ ਅਤੇ ਵਿਆਹ ਦੀ ਖ਼ੁਸ਼ੀ ਭਰੀ ਲੜੀ ਨੂੰ ਅੱਗੇ ਤੋਰਿਆ ਜਾਂਦਾ।

(ਬਾਕੀ ਸਫ਼ਾ 31 'ਤੇ)

## ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

**ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਪ੍ਰਕਾਸ਼ ਪੁਰਬ 'ਤੇ ਉਹਨਾਂ ਦੇ ਜੀਵਨ, ਬਾਣੀ ਅਤੇ ਕੁਲ ਕਾਇਨਾਤ ਦੀ ਰੂਹਾਨੀਅਤ ਨੂੰ ਪ੍ਰਗਟ ਕਰਦੇ ਵੱਖ-ਵੱਖ ਲੇਖਕਾਂ ਦੇ ਵਿਸ਼ੇਸ਼ ਲੇਖ**

# ਲੁਕਾਈ ਨੂੰ ਸਤਿਗੁਰੂ ਨਾਨਕ ਵੱਲੋਂ ਸਾਂਝੀਵਾਲਤਾ ਦਾ ਸੰਦੇਸ਼



ਡਾ. ਜਸਪਾਲ ਸਿੰਘ
ਸਾਬਕਾ ਉੱਪ-ਕੁਲਪਤੀ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਗੁਰੂ ਨਾਨਕ ਦੇਵ ਜੀ ਦੇ ਹਰ ਬੋਲ ਵਿੱਚ 'ਮਨੁੱਖਤਾ' ਦੇ ਸਮੂਹਿਕ ਕਲਿਆਣ ਦੀ ਭਾਵਨਾ ਸਮੋਈ ਹੋਈ ਹੈ। ਉਨ੍ਹਾਂ ਨੇ ਡੂੰਘੀ ਰੂਹਾਨੀ ਵਚਨਬੱਧਤਾ ਨਾਲ, ਸਮੁੱਚੀ ਮਨੁੱਖ ਜਾਤੀ ਨੂੰ ਏਕਤਾ ਦੇ ਸੂਤਰ ਵਿੱਚ ਪਰੋ ਕੇ, ਸੱਭਿਆਚਾਰਕ ਸਾਂਝ ਦੀ ਸਿਰਜਣਾ ਦਾ ਵਡਮੁੱਲਾ ਸੰਕਲਪ ਦਿੱਤਾ ਸੀ। ਗੁਰੂ ਸਾਹਿਬ ਨੇ ਤਾਕੀਦ ਕੀਤੀ ਸੀ ਕਿ ਵੱਖ-ਵੱਖ ਅਕੀਦਿਆਂ ਤੇ ਸ਼੍ਰੇਣੀਆਂ ਦੇ ਮਨੁੱਖੀ ਸਮੂਹਾਂ ਨੂੰ, ਬਾਹਰੀ ਵੰਡੀਆਂ ਅਤੇ ਤਫਰਕਿਆਂ ਤੋਂ ਪਾਰ, ਉਨ੍ਹਾਂ ਅੰਦਰ ਮੌਜੂਦ ਸਾਂਝੇ ਮਨੁੱਖੀ-ਤੱਤ ਦੀ ਪਛਾਣ ਕਰਨੀ ਚਾਹੀਦੀ ਹੈ।

ਇਤਿਹਾਸ ਸਾਖੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੇ ਦੌਰ ਵਿੱਚ ਸਾਰੀ ਦੁਨੀਆਂ ਦਾ ਭਰਮਣ ਕਰ ਕੇ, ਜਿਸ ਤਰ੍ਹਾਂ ਵੱਖ-ਵੱਖ ਧਰਮਾਂ, ਫ਼ਿਰਕਿਆਂ ਤੇ ਮੁਲਕਾਂ ਦੀਆਂ ਹੱਦਾਂ ਤੋਂ ਪਾਰ, ਮਨੁੱਖ ਨੂੰ ਆਪਣਾ ਕੇਂਦਰੀ ਸਰੋਕਾਰ ਬਣਾਇਆ ਸੀ, ਅੱਜ ਸਾਰੀ ਦੁਨੀਆਂ ਉਸ ਦਾ ਪਾਲਣ ਕਰ ਰਹੀ ਹੈ। ਇਤਿਹਾਸ ਨੂੰ ਰਤਾ ਸੰਜੀਦਗੀ ਨਾਲ ਵੇਖੀਏ ਤਾਂ ਇਹ ਤੱਥ ਨਿੱਖਰ ਕੇ ਸਾਹਮਣੇ ਆਵੇਗਾ ਕਿ ਗੁਰੂ ਨਾਨਕ ਦੇਵ ਜੀ ਕਿਸੇ ਤਰ੍ਹਾਂ ਦੇ ਵਿਤਕਰੇ ਨੂੰ ਨਹੀਂ ਮੰਨਦੇ, ਕਿਸੇ ਸੀਮਾ ਨੂੰ ਨਹੀਂ ਮੰਨਦੇ, ਕੋਈ ਬੰਧਨ ਉਨ੍ਹਾਂ ਨੂੰ ਰੋਕਣ ਦੇ ਸਮਰੱਥ ਨਹੀਂ। ਸੀਮਾਵਾਂ ਉਸਰਦੀਆਂ ਜ਼ਰੂਰ ਰਹੀਆਂ ਹਨ, ਬੰਧਨ ਵੀ ਪੈਂਦੇ ਰਹੇ ਹਨ। ਪਰ ਗੁਰੂ ਨਾਨਕ ਦੇਵ ਜੀ ਦੀ ਵਿਸ਼ਾਲ ਦ੍ਰਿਸ਼ਟੀ ਅਤੇ ਉਦਾਰਤਾ ਨੇ ਉਨ੍ਹਾਂ ਦੀ ਕੋਈ ਪਰਵਾਹ ਨਹੀਂ ਕੀਤੀ। ਬੰਧਨ ਤੇ ਸੀਮਾਵਾਂ ਨੂੰ ਨਕਾਰਨਾ ਅਤੇ ਭਾਸ਼ਾ, ਪਹਿਰਾਵੇ ਤੇ ਰਸਮੋ-ਰਿਵਾਜ ਨੂੰ ਖੁੱਲ੍ਹ-ਦਿਲੀ ਨਾਲ ਅਪਣਾਉਣਾ - ਇਸ ਪਿੱਛੇ ਇਕ ਖ਼ਾਸ ਸੋਚ ਸੀ ਅਤੇ ਇਹ ਸੋਚ ਸੀ ਸਮੁੱਚੀ ਮਨੁੱਖਤਾ ਵਿੱਚ ਆਪਸੀ ਸਾਂਝ ਸਥਾਪਿਤ ਕਰਨ ਦੀ।



ਸਮਕਾਲੀ ਸਮਾਜਿਕ ਵਿਵਸਥਾ ਬਾਰੇ ਗੁਰੂ ਸਾਹਿਬ ਦਾ ਪ੍ਰਤੀਕਰਮ ਵੀ ਬਾਣੀ ਵਿਚ ਦਰਜ ਹੈ। ਗੁਰੂ ਸਾਹਿਬ ਹਰ ਕਿਸਮ ਦੇ ਵਿਤਕਰੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਦੇ ਹਨ। ਜਾਤ ਦੇ ਆਧਾਰ 'ਤੇ ਹੋ ਰਹੇ ਭੇਦ-ਭਾਵ ਵਿਰੁੱਧ ਉਨ੍ਹਾਂ ਦਾ ਇਹ ਫ਼ਰਮਾਨ ਵੇਖਣ ਵਾਲਾ ਹੈ :

ਜਾਤਿ ਜਨਮੁ ਨਹ ਪੂਛੀਐ
ਸਚ ਘਰੁ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ
ਜੇਹੇ ਕਰਮ ਕਮਾਇ॥
(ਅੰਗ-1330)

ਸਿਰੀ ਰਾਗ ਵਿੱਚ ਅੰਕਿਤ ਗੁਰੂ ਸਾਹਿਬ ਦਾ ਇਹ ਵਾਕ, ਉਨ੍ਹਾਂ ਦੀ ਸਮੁੱਚੀ ਵਿਚਾਰਧਾਰਾ ਦੀ ਤਰਜਮਾਨੀ ਕਰਦਾ ਹੈ :

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ
ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ॥ (ਅੰਗ-15)

ਇਸਤਰੀ ਜਾਤੀ ਨਾਲ ਹੋ ਰਹੇ ਵਿਤਕਰੇ ਵਿਰੁੱਧ ਗੁਰੂ ਨਾਨਕ ਪਾਤਸ਼ਾਹ ਨੇ ਆਪਣਾ ਪੁਰਜ਼ੋਰ ਵਿਰੋਧ ਦਰਜ ਕੀਤਾ ਸੀ। 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਵਾਲੀ ਰਚਨਾ ਇਸ ਵਿਤਕਰੇ ਦੇ ਸੂਤਰਧਾਰਾਂ ਨੂੰ ਖੁੱਲ੍ਹੀ ਵੰਗਾਰ ਹੈ :

ਭੰਡਿ ਜੰਮੀਐ ਭੰਡਿ ਨਿੰਮੀਐ
ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ
ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ
ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥
(ਅੰਗ-473)

ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਅਧਿਐਨ ਕਰੀਏ ਤਾਂ ਇਹ ਹਕੀਕਤ ਵੀ ਬੜੀ ਸ਼ਿੱਦਤ ਨਾਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿੱਚ 'ਰੱਬ ਦੀ ਇੱਕਤਾ' ਦੇ ਸਿਧਾਂਤ ਦੀ ਵਿਆਖਿਆ ਬੜੀ ਤਫ਼ਸੀਲ ਨਾਲ ਕੀਤੀ ਹੈ। ਇਸੇ ਲਈ ਸਰ ਮੁਹੰਮਦ ਇਕਬਾਲ ਨੇ ਕਿਹਾ ਸੀ ਕਿ ਗੁਰੂ ਨਾਨਕ ਦੇਵ ਜੀ 'ਤੋਹੀਦ' ਦੀ ਆਵਾਜ਼ ਬਣ ਕੇ ਆਏ ਸਨ। ਪੰਜਾਬ ਤੋਂ ਉੱਠੀ ਉਸ 'ਮਰਦ-ਏ-ਕਾਮਿਲ' ਦੀ ਆਵਾਜ਼ ਨੇ ਗ਼ਫ਼ਲਤ ਦੀ ਨੀਂਦ ਵਿੱਚ ਸੁੱਤੇ ਹਿੰਦੋਸਤਾਨ ਨੂੰ ਜਗਾ ਦਿੱਤਾ ਸੀ:

ਫਿਰ ਉਠੀ ਆਖ਼ਿਰ ਸਦਾ
ਤੋਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦ-ਏ-ਕਾਮਿਲ ਨੇ
ਜਗਾਯਾ ਖ਼ਵਾਬ ਸੇ।

ਪਰ ਇੱਥੇ ਗੁਰੂ ਸਾਹਿਬ ਦੇ 'ਰੱਬ ਦੀ ਇੱਕਤਾ' ਦੇ ਸਿਧਾਂਤ ਦੇ ਪ੍ਰਸੰਗ 'ਚ ਇੱਕ ਹੋਰ ਗੱਲ ਧਿਆਨ ਵਿੱਚ ਰੱਖਣ ਵਾਲੀ ਹੈ। ਗੁਰੂ ਸਾਹਿਬ ਦਾ ਬਹੁਤ ਸਪੱਸ਼ਟ ਸੰਦੇਸ਼ ਹੈ ਕਿ ਜੇ ਰੱਬ ਇੱਕ ਹੈ ਤਾਂ ਉਸ ਦੀ ਰਚਨਾ ਵਿੱਚ ਵੰਡੀਆਂ ਕਿਸ ਤਰ੍ਹਾਂ ਪਾਈਆਂ ਜਾ ਸਕਦੀਆਂ ਹਨ। ਜੇ ਰਚਨਾਕਾਰ ਇਕ ਹੈ, ਤਾਂ ਉਸ ਦੀ ਰਚਨਾ ਵਿੱਚ ਭੇਦ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ।

ਫਿਰ ਇਥੇ ਇੱਕ ਹੋਰ ਨੁਕਤਾ ਵੀ ਬਹੁਤ ਮਹੱਤਵਪੂਰਨ ਹੈ ਅਤੇ ਸੰਜੀਦਗੀ ਨਾਲ ਵਿਚਾਰਨ ਵਾਲਾ ਹੈ। ਗੁਰੂ ਪਾਤਸ਼ਾਹ ਦੇ ਵਿਸ਼ਾਲ ਘੇਰੇ ਵਾਲੀ ਦਿਬ-ਦ੍ਰਿਸ਼ਟੀ ਵਿੱਚ ਦੁਨੀਆਂ ਦੀ ਵੰਨ-ਸੁਵੰਨਤਾ ਸਹਿਜੇ ਹੀ ਸਮੋਈ ਹੋਈ ਹੈ। ਆਪਣੀ ਬਾਣੀ ਵਿੱਚ ਗੁਰੂ ਸਾਹਿਬ ਥਾਂ-ਥਾਂ 'ਤੇ ਇਸ ਵਿਭਿੰਨਤਾ ਦੀ, ਵੰਨ-ਸੁਵੰਨਤਾ ਦੀ ਵਜ਼ਾਹਤ ਕਰਦੇ ਹਨ, ਉਸ ਦੀ ਭਰਪੂਰ ਚਰਚਾ ਕਰਦੇ ਹਨ ਅਤੇ ਉਸ ਨੂੰ ਤਰ੍ਹਾਂ-ਤਰ੍ਹਾਂ ਨਾਲ ਵਡਿਆਉਂਦੇ ਹਨ। ਜਪੁਜੀ ਸਾਹਿਬ ਦੀਆਂ ਇਹ ਸਤਰਾਂ ਵੇਖਣ ਵਾਲੀਆਂ ਹਨ :

ਰੰਗੀ ਰੰਗੀ ਭਾਤੀ ਕਰਿ ਕਰਿ
ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਵੇਖੈ ਕੀਤਾ ਆਪਣਾ
ਜਿਵ ਤਿਸ ਦੀ ਵਡਿਆਈ॥ (ਅੰਗ-6)

ਇਕ ਹੋਰ ਥਾਂ 'ਤੇ ਗੁਰੂ ਸਾਹਿਬ ਦਾ ਫ਼ਰਮਾਨ ਹੈ :

ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ॥
ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ॥
ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ॥
(ਅੰਗ-17)

ਆਪਣੀ ਇੱਕ ਹੋਰ ਰਚਨਾ ਵਿੱਚ ਗੁਰੂ ਸਾਹਿਬ ਵੰਨ-ਸੁਵੰਨਤਾ ਦੀ ਵਜ਼ਾਹਤ ਬੜੇ ਨਿਵੇਕਲੇ ਢੰਗ ਨਾਲ ਕਰਦੇ ਹਨ। ਇਸ ਰਚਨਾ ਵਿੱਚ ਧਰਮ ਦੇ ਆਧਾਰ 'ਤੇ ਭੇਦ-ਭਾਵ ਤੇ ਵੰਡੀਆਂ ਨੂੰ ਅਸਵੀਕਾਰ ਕਰਦਿਆਂ, ਗੁਰੂ ਸਾਹਿਬ ਇੱਕ ਸਿਧਾਂਤ ਦਿੰਦੇ ਹਨ ਕਿ ਰੱਬ ਦੇ ਕਈ ਨਾਮ ਰੱਖੇ ਜਾ ਸਕਦੇ ਹਨ, ਉਸ ਨੂੰ ਯਾਦ ਕਰਨ ਦੇ ਤਰੀਕੇ ਵੱਖਰੇ ਹੋ ਸਕਦੇ ਹਨ। ਪਰ ਇਸ ਆਧਾਰ 'ਤੇ ਰਚਨਾ ਵਿੱਚ ਪਾੜੇ ਨਹੀਂ ਪਾਏ ਜਾ ਸਕਦੇ। ਇਸ ਤੋਂ ਖ਼ੂਬਸੂਰਤ ਉਦਾਹਰਨ ਕੀ ਹੋ ਸਕਦੀ ਹੈ- ਸਮੁੱਚੀ ਲੋਕਾਈ ਨੂੰ ਸੰਬੋਧਨ ਦਾ ਅਤੇ ਉਨ੍ਹਾਂ ਦੀ ਸਾਂਝੀ ਅਤੇ ਵਿਆਪਕ ਦ੍ਰਿਸ਼ਟੀ ਦਾ, ਜਦੋਂ ਗੁਰੂ ਨਾਨਕ ਦੇਵ ਜੀ ਨਿਵੇਕਲੇ ਢੰਗ ਨਾਲ ਵੰਨ-ਸੁਵੰਨਤਾ ਦੀ ਪ੍ਰਸੰਸਾ ਕਰਦਿਆਂ, ਅਤਿ ਨਿਮਰ ਭਾਵ ਨਾਲ ਕਹਿੰਦੇ ਹਨ- ਨਾਨਕ ਵਿਚਾਰਾ ਕੀ ਆਖ ਸਕਦਾ ਹੈ?

ਸਾਰਾ ਸੰਸਾਰ ਹੀ ਤੈਨੂੰ 'ਇਕੋ' ਨੂੰ ਸਲਾਹ ਰਿਹਾ ਹੈ। ਨਾਨਕ ਦਾ ਸਿਰ, ਤੇਰੀ ਸਿਫ਼ਤੋ-ਸਲਾਹ ਕਰਨ ਵਾਲੇ ਬੰਦਿਆਂ ਦੇ ਕਦਮਾਂ 'ਤੇ ਹੈ ਭਾਵੇਂ ਤੈਨੂੰ ਕੋਈ ਕਿਸੇ ਵੀ ਨਾਮ ਨਾਲ ਯਾਦ ਕਰ ਰਿਹਾ ਹੈ। ਜਿਤਨੇ ਵੀ ਤੇਰੇ ਨਾਮ ਹਨ ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ :

ਨਾਨਕੁ ਵੇਚਾਰਾ ਕਿਆ ਕਹੈ॥
ਸਭੁ ਲੋਕੁ ਸਲਾਹੇ ਏਕਸੈ॥
ਸਿਰੁ ਨਾਨਕ ਲੋਕਾ ਪਾਵ ਹੈ॥
ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥
(ਅੰਗ-1168)

(ਬਾਕੀ ਸਫ਼ਾ 31 'ਤੇ)

# ਕਲਿ ਤਾਰਣਿ ਗੁਰੂ ਨਾਨਕ ਆਇਆ



ਡਾ. ਇੰਦਰਜੀਤ ਸਿੰਘ
ਗੋਗੋਆਣੀ

ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਪ੍ਰਕਾਸ਼ ਤੇ ਪ੍ਰਕਾਸ਼ਮਈ ਜੀਵਨ ਇਤਿਹਾਸ ਅਤੇ ਸਿੱਖਿਆਵਾਂ ਸੰਬੰਧੀ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਬਹੁਤ ਹੀ ਗਿਆਨ ਭਰਪੂਰ ਹੈ। ਇਹ ਲੇਖ ਪਹਿਲੀ ਵਾਰ 'ਤੇ ਹੀ ਆਧਾਰਿਤ ਹੈ। ਇਸ ਦੀ 23ਵੀਂ ਪਉੜੀ ਵਿੱਚ ਉਪਰੋਕਤ ਮੁੱਖ ਵਿਸ਼ਾ ਹੈ ਕਿ ਕਲਿਜੁਗ (ਕਲਿ) ਦਾ ਉਦਾਰ ਕਰਨ ਵਾਸਤੇ ਸ੍ਰੀ ਗੁਰੂ ਨਾਨਕ ਜੀ ਸੰਸਾਰ ਵਿੱਚ ਆਏ। ਫਿਰ ਇੱਕ ਪਉੜੀ ਵਿੱਚ ਕਲਿਜੁਗ ਦਾ ਵਰਣਨ ਕੀਤਾ ਹੈ:

ਕਲਿਜੁਗ ਬੌਧੁ ਅਉਤਾਰ ਹੈ ਬੋਧ ਅਬੋਧੁ ਨ ਦ੍ਰਿਸਟੀ ਆਵੈ॥
ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨ ਭਾਵੈ॥
(ਪਉੜੀ : 18)

ਭਾਵ ਕਲਿਜੁਗ ਵਿੱਚ ਬੋਧਪ੍ਰਸਤੀ ਤਾਂ ਹੈ ਪਰ ਗਿਆਨ ਅਗਿਆਨ (ਬੋਧ-ਅਬੋਧ) ਨਜ਼ਰ ਨਹੀਂ ਆਉਂਦਾ। ਇਸ ਦਾ ਕਾਰਨ ਕੋਈ ਕਿਸੇ ਨੂੰ ਵਰਜਦਾ ਨਹੀਂ ਤੇ ਜੋ ਕਿਸੇ ਦਾ ਮਨ ਕਰਦਾ ਉਹ ਮਨਿਮੱਤ ਅਨੁਸਾਰ ਕਰੀ ਜਾ ਰਿਹਾ ਹੈ। ਇਸ ਵਰਤਾਰੇ ਦਾ ਆਮ ਜਨ ਜੀਵਨ ਅਤੇ ਸਮਾਜ ਉਪਰ ਕੀ ਪ੍ਰਭਾਵ ਸੀ:

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।
ਵਰਤਿਆ ਪਾਪ ਸਭਸ ਜਗ ਮਾਂਹੀ॥ (ਪਉੜੀ : 30)

ਭਾਵ ਕਲਿਜੁਗ ਦੀ ਦ੍ਰਿਸ਼ਟੀ ਕੁੱਤੇ ਮੂੰਹੀ ਹੋ ਗਈ ਤੇ ਖਾਣਾ (ਖਾਜ) ਪਰਾਇਆ ਹੱਕ ਮੁਰਦਿਆਂ ਦਾ ਮਾਸ ਹੋ ਗਿਆ। ਪਰਜਾ ਨੂੰ ਪਾਲਣਹਾਰੇ ਰਾਜੇ ਪਾਪ ਕਮਾ ਰਹੇ ਸਨ ਅਤੇ ਇਹ ਤਾਂ ਉਲਟੀ ਵਾੜ ਹੀ ਖੇਤ ਨੂੰ ਖਾ ਰਹੀ ਸੀ। ਪਰਜਾ ਗਿਆਨ ਤੋਂ ਬਗ਼ੈਰ ਅੰਨ੍ਹੀ ਤੇ ਕੂੜ ਕੁਫ਼ਰ ਮੁੱਖੋਂ ਬੋਲ ਰਹੀ ਸੀ। ਤੱਤਸਾਰ ਕਿ ਸਾਰੇ ਪਾਸੇ ਪਾਪ ਦਾ ਵਰਤਾਰਾ ਸੀ। ਅਜਿਹੇ ਰਾਜਨੀਤਕ, ਧਾਰਮਿਕ ਤੇ ਸਮਾਜਿਕ ਧੁੰਧੂਕਾਰ ਵਿੱਚ ਫਿਰ ਅਕਾਲ ਪੁਰਖ ਦੀ ਕਲਾ ਵਰਤੀ:-

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।
ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨੁ ਕਰਾਇਆ।
(ਪਉੜੀ : 23)

ਅਕਾਲ ਪੁਰਖ ਨੇ ਧਰਤੀ ਦੀ ਪੁਕਾਰ ਸੁਣੀ ਤੇ ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਸੰਸਾਰ ਵਿੱਚ ਭੇਜਿਆ। ਉਨ੍ਹਾਂ ਨੇ ਧਰਮ ਨੂੰ ਸੰਪੂਰਨਤਾ (ਚਾਰੇ ਪੈਰ) ਪ੍ਰਦਾਨ ਕੀਤੀ ਤੇ ਮਾਨਵਤਾ ਜੋ ਚਾਰ ਵਰਨਾਂ 'ਚ ਵੰਡੀ ਹੋਈ ਸੀ, ਉਸ ਨੂੰ ਏਕਤਾ ਦੇ ਸੂਤਰ 'ਚ ਪਰੋਇਆ। ਇੱਥੇ ਰਾਣਾ ਰੰਕ ਬਰਾਬਰੀ ਦਾ ਸੰਦੇਸ਼ ਹੈ। ਸਤਿਗੁਰਾਂ ਨੇ ਸੱਚੇ ਨਾਮ ਦੀ ਸਿੱਖਿਆ (ਮੰਤਰ) ਭਾਵ ਸ਼ਬਦ ਦੀ ਸ਼ਕਤੀ ਰਾਹੀਂ ਕਲਿਜੁਗ ਦੇ ਜੀਵਾਂ ਨੂੰ ਤਾਰਿਆ। ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ॥ (ਵਾਰ 23) ਉਸ ਸਮੇਂ ਹਰ ਪੱਖੋਂ ਗਿਰਾਵਟ ਵਿੱਚ ਆਏ ਸੰਸਾਰ ਦਾ ਪਾਰ ਉਤਾਰਾ ਕਰਨ ਲਈ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਕੀ ਕੀਤਾ?

ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ॥
(ਪਉੜੀ : 24)

ਭਾਵ ਸਤਿਗੁਰਾਂ ਨੇ ਅਨੁਭਵਤਾ ਨਾਲ ਤੱਕਿਆ ਤਾਂ ਸਾਰੀ ਧਰਤੀ ਪਾਪਾਂ ਨਾਲ ਕੁਰਲਾਉਂਦੀ (ਜਲਤੀ) ਦੇਖੀ। ਸੱਚੇ ਗੁਰੂ ਦੀ ਸਿੱਖਿਆ ਤੋਂ ਬਿਨਾ ਹਨੇਰਾ ਸੀ ਤੇ ਸਮੂਹ ਮਾਨਵਤਾ ਹਾਇ-ਹਾਇ ਕਰ ਰਹੀ ਸੀ। ਗੁਰੂ ਜੀ ਸੰਸਾਰ ਦੇ ਭਲੇ ਲਈ ਫ਼ਕੀਰੀ ਧਾਰਨ ਕਰ ਕੇ ਧਰਤ ਲੋਕਾਈ ਨੂੰ ਤਾਰਨ ਲਈ ਪ੍ਰਚਾਰ ਲਈ ਚੱਲ ਪਏ।

ਭਾਈ ਗੁਰਦਾਸ ਜੀ ਨੇ ਪ੍ਰਚਾਰ ਦਾ ਢੰਗ, ਵੱਖ-ਵੱਖ ਸਥਾਨਾਂ 'ਤੇ ਸਿੱਧਾਂ ਨਾਲ ਸੰਵਾਦ ਦਾ ਵਰਣਨ ਕੀਤਾ ਹੈ। ਤੱਤਸਾਰ ਵਜੋਂ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਦੈਵੀ ਪ੍ਰਤਾਪ, ਰੂਹਾਨੀ ਆਭਾ ਤੇ ਸ਼ਬਦ ਦੀ ਸ਼ਕਤੀ ਨਾਲ ਕਿਵੇਂ ਰਹਿਮਤਾਂ ਬਰਸੀਆਂ ਤੇ ਮਨੁੱਖਤਾ ਨਿਹਾਲ ਹੋਈ, ਇਸ ਦਾ ਵੇਰਵਾ ਇਉਂ ਦਿੱਤਾ ਹੈ:

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।
ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਮੀ ਸਚਾ ਢੋਆ।
ਗੁਰਮੁਖਿ ਕਲਿ ਵਿਚ ਪਰਗਟੁ ਹੋਆ॥ (ਪਉੜੀ : 27)

ਭਾਵ ਗੁਰੂ ਜੀ ਦੀ ਬਾਣੀ ਦੇ ਪ੍ਰਭਾਵ ਸਦਕਾ ਮਾਨਵਤਾ ਏਨੀ ਪ੍ਰਭਾਵਿਤ ਤੇ ਵਿਸਮਾਦੀ ਰੰਗਣ ਵਿੱਚ ਰੰਗੀ ਗਈ ਕਿ ਜਾਣੀ ਘਰ-ਘਰ ਧਰਮਸ਼ਾਲਾ ਹੋ ਗਈ ਅਤੇ ਅਕਾਲ ਪੁਰਖ ਦੀ ਕੀਰਤੀ ਦਾ ਕੀਰਤਨ ਹੋਣ ਲੱਗ ਗਿਆ। ਹੁਣ ਸਭ ਨੂੰ ਇਉਂ ਜਾਪੇ ਜਿਵੇਂ ਸਦਾ ਹੀ ਵਿਸਾਖੀ (ਵਿਸੋਆ) ਹੋਵੇ। ਜਾਹਰ ਪੀਰ ਜਗਤ ਗੁਰ ਬਾਬਾ ਨੇ ਸੰਸਾਰ ਦੀਆਂ ਚਾਰੇ ਹੀ ਦਿਸ਼ਾਵਾਂ ਤਾਰ ਦਿੱਤੀਆਂ ਭਾਵ ਕੋਈ ਭਿੰਨ ਭੇਦ ਨਹੀਂ। ਇਹ ਉਪਦੇਸ਼ ਸਭ ਵਰਨਾ ਲਈ ਸੀ। ਇਸ ਤਰ੍ਹਾਂ ਨੌ ਖੰਡ ਪ੍ਰਿਥਵੀ ਵਿਖੇ ਸੱਚ ਪ੍ਰੇਮ ਦਾ ਮਿਲਾਪ ਹੋ ਗਿਆ। ਕਲਿਜੁਗ ਵਿਚ ਸ਼੍ਰੋਮਣੀ ਗੁਰੂ-ਗੁਰੂ ਨਾਨਕ ਜੀ ਪਰਗਟ ਹੋਏ। ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਕਲਾ ਕਿਵੇਂ ਵਰਤੀ ਅਤੇ ਹਰ ਕਾਲ ਵਿਚ ਇਸ ਦਾ ਮੁੱਖ ਸਰੋਤ ਤੇ ਆਧਾਰ ਕੀ ਹੈ? ਸਿੱਧਾਂ ਨੂੰ ਸਤਿਗੁਰਾਂ ਨੇ ਜੋ ਉਨ੍ਹਾਂ ਦੇ ਪ੍ਰਸ਼ਨਾਂ ਦਾ ਉੱਤਰ ਦਿੰਦਿਆਂ ਫ਼ਰਮਾਇਆ ਉਹ ਸਦਾ-ਸਦਾ ਸਾਡਾ ਰਾਹ ਦਸੇਰਾ ਹੈ:-

ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹਹਿ ਰਾਈ॥
(ਪਉੜੀ:42)

ਗੁਰਸੰਗਤ ਤੇ ਬਾਣੀ ਦੀ ਕਲਾ ਪਹਿਲਾਂ ਵੀ ਵਰਤਦੀ ਰਹੀ, ਅੱਜ ਵੀ ਵਰਤ ਰਹੀ ਹੈ ਤੇ ਸਦੀਵ ਕਾਲ ਵਰਤਦੀ ਰਹੇਗੀ। ਇਹ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਨਿਰਮਲ ਪੰਥ ਦਾ ਫਲਸਫ਼ਾ ਹੈ।

# ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ



ਬੀਬੀ ਜਗੀਰ ਕੌਰ



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਨਾਲ ਵਿਸ਼ਵ ਦੇ ਧਰਮ ਇਤਿਹਾਸ ਅੰਦਰ ਇੱਕ ਨਿਵੇਕਲੇ ਅਧਿਆਇ ਦਾ ਆਰੰਭ ਹੋਇਆ। ਆਪ ਜੀ ਦਾ ਪ੍ਰਕਾਸ਼ ਰਾਇ ਭੋਇ ਦੀ ਤਲਵੰਡੀ (ਪਾਕਿਸਤਾਨ) ਵਿਖੇ 1469 ਈਸਵੀ ਵਿੱਚ ਪਿਤਾ ਮਹਿਤਾ ਕਲਿਆਣ ਦਾਸ ਜੀ ਅਤੇ ਮਾਤਾ ਤ੍ਰਿਪਤਾ ਜੀ ਦੇ ਘਰ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਇਸ ਨਗਰ ਨੂੰ ਸ੍ਰੀ ਨਨਕਾਣਾ ਸਾਹਿਬ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਨਾਲ ਮਾਨਵਤਾ ਨੂੰ ਅੰਮ੍ਰਿਤਮਈ ਅਗਵਾਈ ਮਿਲੀ, ਜਿਸ ਨਾਲ ਧਾਰਮਿਕ, ਸਮਾਜਿਕ, ਰਾਜਨੀਤਕ, ਆਰਥਿਕ ਅਤੇ ਵਿਗਿਆਨਕ ਆਦਿ ਖੇਤਰਾਂ ਅੰਦਰ ਇੱਕ ਕ੍ਰਾਂਤੀਕਾਰੀ ਲੋਅ ਚਮਕੀ। ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਤੋਂ ਪਹਿਲਾਂ ਸਮਾਜ ਅੰਦਰ ਅਗਿਆਨਤਾ ਦਾ ਹਨੇਰਾ ਪਸਰਿਆ ਹੋਇਆ ਸੀ। ਧਾਰਮਿਕ ਆਗੂਆਂ ਦੇ ਸਤਾਏ ਹੋਏ ਲੋਕ ਅਜਿਹੇ ਆਸਰੇ ਦੀ ਭਾਲ 'ਚ ਸਨ, ਜਿੱਥੋਂ ਉਨ੍ਹਾਂ ਨੂੰ ਜੀਵਨ ਦਾ ਸਹੀ ਮਾਰਗ ਪ੍ਰਾਪਤ ਹੋ ਸਕੇ। ਇਸ ਅਧੋਗਤੀ ਦੇ ਸਮੇਂ ਅੰਦਰ ਜਿਥੇ ਲੋਕਾਈ ਵਹਿਮਾਂ-ਭਰਮਾਂ ਅਤੇ ਪਾਖੰਡਵਾਦ ਵਿੱਚ ਫਸੀ ਹੋਈ ਸੀ, ਉਥੇ ਹੀ ਧਰਮ ਦੇ ਨਾਂਅ 'ਤੇ ਮਾਨਵਤਾ ਨੂੰ ਵੰਡਣ ਦਾ ਬੋਲਬਾਲਾ ਵੀ ਸੀ। ਵਰਣ-ਵੰਡ ਅਤੇ ਛੂਤ-ਛਾਤ ਸਿਖ਼ਰ 'ਤੇ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਸਾਰ 'ਤੇ ਆਗਮਨ ਨਾਲ ਮਨੁੱਖਤਾ ਨੂੰ ਇੱਕ ਠੰਢਾ ਅਹਿਸਾਸ ਹੋਇਆ। ਸਮਾਜਿਕ ਅਧੋਗਤੀ ਦਾ ਵਰਣਨ ਕਰਦਿਆਂ ਗੁਰੂ ਸਾਹਿਬ ਨੇ ਪਾਵਨ ਗੁਰਬਾਣੀ ਵਿੱਚ ਫ਼ਰਮਾਇਆ ਹੈ:

> ਕਲਿ ਕਾਤੀ ਰਾਜੇ ਕਾਸਾਈ
> ਧਰਮੁ ਪੰਖ ਕਰਿ ਉਡਰਿਆ॥
> ਕੂੜੁ ਅਮਾਵਸ ਸਚੁ ਚੰਦ੍ਰਮਾ
> ਦੀਸੈ ਨਾਹੀ ਕਹ ਚੜਿਆ॥ (ਅੰਗ 145)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਮਨੁੱਖਤਾ ਨੂੰ ਬਰਾਬਰਤਾ, ਸਾਂਝੀਵਾਲਤਾ ਅਤੇ ਸੁਤੰਤਰਤਾ ਵਾਲੀ ਕ੍ਰਾਂਤੀਕਾਰੀ ਵਿਚਾਰਧਾਰਾ ਦੇ ਕੇ ਸੰਸਾਰ ਦਾ ਮਾਰਗ-ਦਰਸ਼ਨ ਕੀਤਾ। ਆਪ ਜੀ ਦੀ ਵਿਚਾਰਧਾਰਾ ਨੇ ਇਨਸਾਨ ਨੂੰ ਧਾਰਮਿਕ ਪੱਖ ਤੋਂ ਸਚਿਆਰ, ਸਮਾਜਿਕ ਪੱਖ ਤੋਂ ਬਰਾਬਰ ਤੇ ਆਰਥਿਕ ਪੱਖ ਤੋਂ ਆਪਣੀ ਸੱਚੀ-ਸੁੱਚੀ ਕਿਰਤ ਰਾਹੀਂ ਸੰਤੁਸ਼ਟ ਰਹਿਣਾ ਸਿਖਾਇਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਕਰਮਕਾਂਡੀ ਤਰਜੀਹਾਂ ਤੋਂ ਵੱਖ ਕਰਕੇ ਸਮਾਜਿਕ ਖੇਤਰ ਵਿਚ ਧਰਮ ਦਾ ਸਹੀ ਸਥਾਨ ਨਿਸਚਿਤ ਕੀਤਾ ਅਤੇ ਧਰਮ ਤੇ ਸਮਾਜ ਦੀ ਨਿਰਭਰਤਾ ਨੂੰ ਸਪੱਸ਼ਟ ਕੀਤਾ। ਉਨ੍ਹਾਂ ਭਾਰਤੀ ਸਮਾਜ ਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਕੇ ਉਨ੍ਹਾਂ ਦੇ ਢੁੱਕਵੇਂ, ਸਾਵੇਂ ਤੇ ਸਪੱਸ਼ਟ ਹੱਲ ਦੱਸੇ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹਿਆਂ ਤੇ ਵਿਚਾਰਿਆਂ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਉਨ੍ਹਾਂ ਮਨੁੱਖੀ ਜੀਵਨ ਨੂੰ ਆਦਰਸ਼ਕ ਬਣਾਉਣ ਲਈ ਇਸ ਦੀ ਹਰ ਪੱਖ ਤੋਂ ਅਗਵਾਈ ਕੀਤੀ। ਆਪ ਜੀ ਨੇ ਉਹ ਵਿਚਾਰਧਾਰਾ ਦਿੱਤੀ, ਜੋ ਸੰਸਾਰਕ ਜੀਵਨ ਦੇ ਨਾਲੋ-ਨਾਲ ਹੋ ਕੇ ਚੱਲਦੀ ਹੈ।

ਗੁਰੂ ਸਾਹਿਬ ਦੇ ਪਾਵਨ ਉਪਦੇਸ਼ਾਂ ਅਤੇ ਸਿਧਾਂਤਾਂ ਨੇ ਹਿੰਦੋਸਤਾਨ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ ਅਤੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਉਨ੍ਹਾਂ ਨੇ ਮਨੁੱਖ ਨੂੰ ਸੱਚਾਈ, ਨਿਮਰਤਾ, ਦਇਆ, ਸੇਵਾ, ਸਬਰ, ਸੰਤੋਖ, ਪਰਉਪਕਾਰ ਆਦਿ ਗੁਣਾਂ ਦੇ ਧਾਰਨੀ ਬਣਨ ਦੀ ਪ੍ਰੇਰਣਾ ਕੀਤੀ ਅਤੇ ਆਤਮ-ਨਿਰਭਰ ਤੇ ਸਵੈਮਾਣ ਵਾਲਾ ਜੀਵਨ ਜੀਣ ਦੇ ਯੋਗ ਬਣਾਇਆ। ਗੁਰੂ ਸਾਹਿਬ ਜੀ ਵਲੋਂ ਸੁਝਾਇਆ ਇਹ ਮਾਰਗ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦੇ ਬੁਨਿਆਦੀ ਸਿਧਾਂਤਾਂ 'ਤੇ ਆਧਾਰਿਤ ਹੈ। ਆਪ ਜੀ ਨੇ ਲੰਗਰ ਦੀ ਪ੍ਰਥਾ ਕਾਇਮ ਕੀਤੀ ਅਤੇ ਸੰਗਤ-ਪੰਗਤ ਤੇ ਸੇਵਾ-ਸਿਮਰਨ ਆਦਿ ਦੇ ਅਜਿਹੇ ਅਦੁੱਤੀ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ, ਜੋ ਸਦੀਵੀਂ ਸੇਧ ਦੇਣ ਵਾਲੇ ਹਨ।

ਇਸ ਦੇ ਨਾਲ ਹੀ ਸਮਾਜ ਅੰਦਰ ਤ੍ਰਿਸਕਾਰੀ ਜਾ ਰਹੀ ਇਸਤਰੀ ਸ਼੍ਰੇਣੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉੱਚਾ ਸਨਮਾਨ ਦਿੱਤਾ ਅਤੇ ਉਨ੍ਹਾਂ ਦੇ ਹੱਕਾਂ, ਹਿੱਤਾਂ ਲਈ ਆਵਾਜ਼ ਬੁਲੰਦ ਕੀਤੀ। ਅਸਲ ਵਿੱਚ ਉਸ ਸਮੇਂ ਹਿੰਦੋਸਤਾਨੀ ਸਮਾਜ ਵਿੱਚ ਇਸਤਰੀ ਦੀ ਦਸ਼ਾ ਬੜੀ ਮਾੜੀ ਸੀ। ਆਪ ਜੀ ਨੇ ਇਸਤਰੀ ਦੇ ਸਨਮਾਨ ਨੂੰ ਹਕੀਕੀ ਤੌਰ 'ਤੇ ਬਹਾਲ ਕਰਦਿਆਂ ਆਪਣੇ ਪੰਥ ਵਿੱਚ ਮਰਦ ਦੇ ਬਰਾਬਰ ਖੜ੍ਹਾ ਕੀਤਾ। ਇਸ ਸੰਬੰਧ ਵਿੱਚ ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਇਸ ਤਰ੍ਹਾਂ ਫ਼ਰਮਾਇਆ:

> ਭੰਡਿ ਜੰਮੀਐ ਭੰਡਿ
> ਨਿੰਮੀਐ ਭੰਡਿ ਮੰਗਣੁ ਵੀਆਹੁ॥
> ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
> ਭੰਡੁ ਮੁਆ ਭੰਡੁ ਭਾਲੀਐ
> ਭੰਡਿ ਹੋਵੈ ਬੰਧਾਨੁ॥
> ਸੋ ਕਿਉ ਮੰਦਾ ਆਖੀਐ
> ਜਿਤੁ ਜੰਮਹਿ ਰਾਜਾਨ॥
> (ਅੰਗ : 473)

ਬਹੁਪੱਖੀ ਸ਼ਖ਼ਸੀਅਤ ਅਤੇ ਵਿਸ਼ਾਲ ਪ੍ਰਤਿਭਾ ਦੇ ਮਾਲਕ ਹੋਣ ਕਰਕੇ ਆਪ ਜੀ ਧਰਮ, ਦਰਸ਼ਨ ਸ਼ਾਸਤਰ ਦੇ ਖੇਤਰ ਵਿੱਚ ਵੀ ਇਕ ਵਿਲੱਖਣ ਤੇ ਮਹਾਨ ਕ੍ਰਾਂਤੀ ਦੇ ਜਨਮਦਾਤਾ ਸਨ। ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਤੇ ਉਪਦੇਸ਼ਾਂ ਨੇ ਲੋਕਾਂ ਨੂੰ ਉਸਾਰੂ ਜੀਵਨ ਜਾਚ ਦੇ ਸਨਮੁੱਖ ਕੀਤਾ ਅਤੇ ਇਸੇ ਦਾ ਹੀ ਕਾਰਨ ਸੀ ਕਿ ਗੁਰੂ ਸਾਹਿਬ ਦੇ ਵਿਚਾਰਾਂ ਨੂੰ ਲੋਕਾਂ ਨੇ ਸਿਰ-ਮੱਥੇ ਪ੍ਰਵਾਨ ਕੀਤਾ। ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਸਦਾ ਨਿਵੇਕਲੀ ਹੈ, ਜਿਸ ਨੂੰ ਅੱਜ ਵੀ ਸਿੱਖਾਂ ਤੋਂ ਇਲਾਵਾ ਦੁਨੀਆ ਭਰ ਦੇ ਹਰ ਧਰਮ, ਵਰਗ, ਫ਼ਿਰਕੇ ਨਾਲ ਸੰਬੰਧਿਤ ਲੋਕ ਸਤਿਕਾਰਦੇ ਹਨ ਅਤੇ ਅਗਾਂਹ ਵੀ ਸਤਿਕਾਰਦੇ ਰਹਿਣਗੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਬਾਰਕ ਪ੍ਰਕਾਸ਼ ਪੁਰਬ ਮੌਕੇ ਜਿੱਥੇ ਅਸੀਂ ਆਪਣਾ ਜੀਵਨ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਬਤੀਤ ਕਰਨ ਦਾ ਪ੍ਰਣ ਕਰਨਾ ਹੈ, ਉਥੇ ਹੀ ਸਭ ਦਾ ਫਰਜ ਹੈ ਕਿ ਅਸੀਂ ਗੁਰੂ ਸਾਹਿਬ ਵਲੋਂ ਬਖਸ਼ੇ ਫ਼ਲਸਫ਼ੇ ਨੂੰ ਸੰਸਾਰ ਵਿੱਚ ਫੈਲਾਉਣ ਦਾ ਯਤਨ ਕਰੀਏ।

# ਪੁਰਾਤਨ ਜਨਮ ਸਾਖੀ ਦੀ ਯਾਤਰਾ

ਡਾ. ਧਰਮ ਸਿੰਘ



ਮੱਧਕਾਲ ਵਿੱਚ ਉਸ ਵੇਲੇ ਦੀ ਸੋਚ ਅਤੇ ਦ੍ਰਿਸ਼ਟੀਕੋਣ ਅਨੁਸਾਰ ਲਿਖੇ ਗਏ ਜੀਵਨ-ਬਿਰਤਾਂਤ ਨੂੰ ਜਨਮ ਸਾਖੀਆਂ ਕਿਹਾ ਜਾਂਦਾ ਹੈ ਅਤੇ ਇਹ ਵੀ ਇੱਕ ਤੱਥ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਬਿਰਤਾਂਤ ਵਾਲੀਆਂ ਰਚਨਾਵਾਂ ਹੀ ਜਨਮ ਸਾਖੀਆਂ ਅਖਵਾਈਆਂ। ਸੰਖੇਪ ਵਿੱਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਜਨਮ ਸਾਖੀ ਦਾ ਸੰਕਲਪ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੀ ਜੁੜਿਆ ਹੋਇਆ ਹੈ। ਇਹ ਜਨਮ ਸਾਖੀਆਂ ਮੱਧਕਾਲੀ ਪੰਜਾਬੀ ਸਾਹਿਤ ਦਾ ਸਰਮਾਇਆ ਹਨ, ਕਿਉਂਕਿ ਇਨ੍ਹਾਂ ਦਾ ਮਹੱਤਵ ਬਹੁ-ਪਰਤੀ ਹੈ। ਇਨ੍ਹਾਂ ਵਿੱਚ ਧਰਮ, ਦਰਸ਼ਨ, ਇਤਿਹਾਸ, ਮਿਥਿਹਾਸ, ਲੋਕਯਾਨ ਅਤੇ ਹੋਰ ਬਹੁਤ ਕੁਝ ਅੰਕਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਪੰਜ ਜਨਮ ਸਾਖੀਆਂ ਵਧੇਰੇ ਪ੍ਰਸਿੱਧ ਹਨ, ਜਿਨ੍ਹਾਂ ਵਿੱਚ ਪੁਰਾਤਨ ਜਨਮ ਸਾਖੀ ਜਾਂ ਵਲਾਇਤ ਵਾਲੀ ਜਨਮ ਸਾਖੀ, ਮਿਹਰਬਾਨ ਵਾਲੀ ਜਨਮ ਸਾਖੀ, ਜਨਮ ਪੱਤਰੀ ਬਾਬੇ ਨਾਨਕ ਦੀ ਅਤੇ ਗਿਆਨ ਰਤਨਾਵਾਲੀ ਜਾਂ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਆਦਿ। ਇਨ੍ਹਾਂ ਵਿਚੋਂ ਪੁਰਾਤਨ ਜਨਮ ਸਾਖੀ ਦੀ ਗਾਥਾ ਬੜੀ ਦਿਲਚਸਪ ਅਤੇ ਬਚਿੱਤਰ ਹੈ। ਇਸ ਯਾਤਰਾ ਕਰਕੇ ਹੀ ਇਸ ਜਨਮ ਸਾਖੀ ਦੇ ਵੱਖ-ਵੱਖ ਨਾਂਅ ਮਿਲਦੇ ਹਨ।

ਪੁਰਾਤਨ ਜਨਮ ਸਾਖੀ ਜਿਸ ਦੇ ਹੋਰ ਨਾਂਅ ਹਾਫਜ਼ਬਾਦ ਵਾਲੀ ਜਨਮ ਸਾਖੀ, ਕੋਲਬਾਰੁਕ ਵਾਲੀ ਜਨਮ ਸਾਖੀ, ਵਲੈਤ ਵਾਲੀ ਜਨਮਾਖੀ, ਮੈਕਾਲਿਫ਼ ਵਾਲੀ ਜਨਮ ਸਾਖੀ ਵੀ ਮਿਲਦੇ ਹਨ। ਅਸਲ ਵਿੱਚ ਇੱਕ ਹੀ ਜਨਮ ਸਾਖੀ ਜਾਂ ਉਸ ਦੇ ਭਿੰਨ-ਭਿੰਨ ਸੰਸਕਰਣ ਜਾਂ ਉਤਾਰੇ ਹਨ। ਹਾਫ਼ਜ਼ਾਬਾਦ ਵਿਚੋਂ ਜ਼ਿਲ੍ਹਾ ਗੁਜਰਾਂਵਾਲਾ ਜ਼ਿਲ੍ਹੇ ਦੀ ਇੱਕ ਤਹਿਸੀਲ (ਅੱਜ ਕੱਲ੍ਹ ਪਾਕਿਸਤਾਨ) ਵਿੱਚ ਉਸ ਵੇਲੇ ਦੇ ਇੱਕ ਅੰਗਰੇਜ਼ ਅਫ਼ਸਰ ਐਸ.ਟੀ. ਕੋਲਬਰੁੱਕ ਨੇ ਆਪਣਾ ਦੌਰਾ ਰੱਖਿਆ ਅਤੇ ਨਾਲ ਹੀ ਇਹ ਮੁਨਾਦੀ ਕਰਵਾ ਦਿੱਤੀ ਕਿ ਜਿਸ ਵੀ ਕਿਸੇ ਵਿਅਕਤੀ ਕੋਲ ਕੋਈ ਪੁਰਾਣੀ ਚੀਜ਼ ਹੋਵੇ, ਉਹ ਆਪਣੇ ਨਾਲ ਲੈ ਕੇ ਆਵੇ, ਕਿਉਂਕਿ ਸਾਹਬ ਬਹਾਦਰ ਨੇ ਉਹ ਵਸਤਾਂ ਵੇਖਣੀਆਂ ਹਨ। ਹਾਫ਼ਜ਼ਾਬਾਦ ਪਿੰਡ ਦੇ ਇੱਕ ਵਸਨੀਕ ਕੋਲ ਇਹ ਜਨਮ ਸਾਖੀ ਪਈ ਸੀ, ਜੋ ਉਸ ਨੇ ਕੋਲਬਰੁੱਕ ਨੂੰ ਲਿਆ ਕੇ ਵਿਖਾਈ। ਇਸ ਜਨਮ ਸਾਖੀ ਵਿਚਲੀਆਂ ਸਾਰੀਆਂ ਹੀ ਸਾਖੀਆਂ ਸਚਿੱਤਰ ਸਨ, ਜਿਨ੍ਹਾਂ ਦੀ ਕੁੱਲ ਗਿਣਤੀ 57 ਸੀ। ਕੋਲਬਰੁੱਕ ਨੂੰ ਉਸ ਦੇ ਸਥਾਨਕ ਸਹਾਇਕਾਂ ਨੇ ਦੱਸਿਆ ਕਿ ਇਹ ਪੁਰਾਤਨ ਸਮੇਂ ਵਿੱਚ ਲਿਖੀ ਗਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਹੈ। ਤਸਵੀਰਾਂ ਨੇ ਇਸ ਦੀ ਕਦਰ ਹੋਰ ਵੀ ਵਧਾ ਦਿੱਤੀ ਸੀ, ਕਿਉਂਕਿ ਇਹ ਕਲਾ ਦਾ ਇੱਕ ਉੱਤਮ ਨਮੂਨਾ ਵੀ ਸੀ। ਲਗਭਗ ਏਸੇ ਹੀ ਸਮੇਂ ਅੰਗਰੇਜ਼ ਹਕੂਮਤ ਨੇ ਇੱਕ ਜਰਮਨ ਵਿਦਵਾਨ ਅਰਨੈਸਟ ਟਰੰਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚੋਣਵੇਂ ਸ਼ਬਦਾਂ ਦਾ ਅੰਗਰੇਜ਼ੀ ਅਨੁਵਾਦ ਕਰਨ ਦਾ ਕੰਮ ਸੌਂਪ ਰੱਖਿਆ ਸੀ। ਕੋਲਬਰੁੱਕ ਨੂੰ ਲੱਗਿਆ ਕਿ ਇਹ ਪੁਸਤਕ ਟਰੰਪ ਦੇ ਕੰਮ ਆਉਣ ਵਾਲੀ ਹੈ। ਉਸ ਨੇ ਇਹ ਇੰਡੀਆ ਆਫ਼ਿਸ ਲਾਇਬ੍ਰੇਰੀ ਲੰਡਨ ਵਿਖੇ ਭਿਜਵਾ ਦਿੱਤੀ। ਸਿਆਣੇ ਲਾਇਬ੍ਰੇਰੀਅਨ ਨੇ ਅੱਗੋਂ ਇਸ ਬਾਰੇ ਟਰੰਪ ਨੂੰ ਸੂਚਿਤ ਕਰ ਦਿੱਤਾ। ਟਰੰਪ ਨੇ ਜਦ ਇਹ ਜਨਮ ਸਾਖੀ ਵੇਖੀ ਤਾਂ ਖ਼ੁਸ਼ੀ ਨਾਲ ਉਸ ਦੀਆਂ ਵਾਛਾਂ ਖਿੜ ਗਈਆਂ, ਕਿਉਂਕਿ ਉਸ ਨੂੰ ਲੱਗਿਆ ਕਿ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਨਾਲ ਉਨ੍ਹਾਂ ਦੀ ਬਾਣੀ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕੇਗਾ। ਇੰਝ ਹਾਫ਼ਜ਼ਾਬਾਦ ਵਾਲੀ ਜਨਮ ਸਾਖੀ ਹੁਣ ਕੋਲਬਰੁੱਕ ਅਤੇ ਵਲਾਇਤ ਵਾਲੀ ਜਨਮ ਸਾਖੀ ਬਣ ਗਈ ਸੀ। ਇਸ ਜਨਮ ਸਾਖੀ ਦੇ ਵਲਾਇਤ ਚਲੇ ਜਾਣ ਦੀ ਸੂਹ ਭਾਰਤ ਰਹਿੰਦੇ ਕੁਝ ਸੂਝਵਾਨ ਸਿੱਖਾਂ ਨੂੰ ਵੀ ਮਿਲ ਗਈ। ਉਨ੍ਹਾਂ ਨੇ ਇਹ ਜਨਮ ਸਾਖੀ ਏਧਰੋਂ ਵੀ ਲੱਭਣੀ ਸ਼ੁਰੂ ਕਰ ਦਿੱਤੀ, ਕਿਉਂਕਿ ਜਨਮ ਸਾਖੀ ਦੇ ਕਈ-ਕਈ ਉਤਾਰੇ ਹੋਏ ਮਿਲਦੇ ਸਨ। ਚੰਗੇ ਭਾਗੀਂ ਇਸ ਜਨਮ ਸਾਖੀ ਦੀ ਇੱਕ ਪ੍ਰਤੀਲਿਪੀ ਏਧਰ ਵੀ ਲੱਭ ਗਈ। ਇਸ ਵੇਲੇ ਤੱਕ ਪੰਜਾਬ ਦੇ ਕੇਂਦਰੀ ਸ਼ਹਿਰ ਲਾਹੌਰ ਵਿੱਚ ਛਾਪਾਖਾਨਾ ਲੱਗ ਚੁੱਕਾ ਸੀ। ਸੋ, ਇਸ ਜਨਮ ਸਾਖੀ ਦੇ ਮਹੱਤਵ ਨੂੰ ਪਛਾਣਦਿਆਂ ਅਤੇ ਇਸ ਨੂੰ ਆਮ ਲੋਕਾਂ ਤੱਕ ਪੁੱਜਦਾ ਕਰਨ ਹਿਤ ਇਹ ਪਹਿਲੀ ਵਾਰ ਸਿੰਘ ਸਭਾ ਲਾਹੌਰ ਦੇ ਯਤਨਾਂ ਨਾਲ ਛਪੀ। ਲਾਹੌਰ ਵਿੱਚ ਹੀ ਓਰੀਐਂਟਲ ਕਾਲਜ 1870 ਵਿੱਚ ਖੁੱਲ੍ਹ ਚੁੱਕਾ ਸੀ, ਜਿਥੇ ਪੰਜਾਬੀ ਦੀਆਂ ਬੁੱਧੀਮਾਨੀ, ਵਿਦਵਾਨੀ ਅਤੇ ਗਿਆਨੀ ਕਲਾਸਾਂ ਸ਼ੁਰੂ ਹੋ ਚੁੱਕੀਆਂ ਸਨ। ਪ੍ਰੋ. ਗੁਰਮੁਖ ਸਿੰਘ ਓਰੀਐਂਟਲ ਕਾਲਜ ਵਿੱਚ ਅਧਿਆਪਕ ਨਿਯੁਕਤ ਹੋ ਚੁੱਕੇ ਸਨ ਅਤੇ ਉਹ ਸਿੰਘ ਸਭਾ ਲਾਹੌਰ ਦੇ ਵੀ ਬੜੇ ਸਰਗਰਮ ਮੈਂਬਰ ਸਨ। ਠੀਕ ਇਨ੍ਹਾਂ ਹੀ ਦਿਨਾਂ ਵਿੱਚ ਅੰਗਰੇਜ਼ ਵਿਦਵਾਨ ਮੈਕਾਲਿਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚੋਣਵੇਂ ਸ਼ਬਦਾਂ ਦੇ ਅਨੁਵਾਦ ਅਤੇ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਨਾਂਅ ਦੇ ਵਡ-ਅਕਾਰੀ ਪ੍ਰਾਜੈਕਟ ਉੱਪਰ ਕੰਮ ਕਰ ਰਿਹਾ ਸੀ ਕਿਉਂਕਿ ਟਰੰਪ ਦੇ ਅਨੁਵਾਦ ਨੂੰ ਸਿੱਖ ਸੰਗਤ ਨੇ ਨਕਾਰ ਦਿੱਤਾ ਸੀ।

ਮੈਕਾਲਿਫ਼ ਭਾਵੇਂ ਇਕ ਅਫ਼ਸਰ ਵਜੋਂ ਹੀ ਨਿਯੁਕਤ ਹੋ ਕੇ ਪੰਜਾਬ ਆਇਆ ਸੀ ਪਰ ਉਹ ਪੂਰਬੀ ਇਲਮਾਂ ਦਾ ਚੰਗਾ ਗਿਆਤਾ ਵੀ ਸੀ। ਮੈਕਾਲਿਫ਼ ਦੇ ਅਕਾਦਮਿਕ ਸਲਾਹਕਾਰਾਂ ਵਿੱਚ ਪ੍ਰੋ. ਗੁਰਮੁਖ ਸਿੰਘ ਵੀ ਸ਼ਾਮਿਲ ਸੀ। ਮੈਕਾਲਿਫ਼ ਦੀ ਪ੍ਰੇਰਨਾ ਅਤੇ ਅਗਵਾਈ ਵਿੱਚ ਪ੍ਰੋ. ਗੁਰਮੁਖ ਸਿੰਘ ਨੇ ਪਹਿਲੀ ਵਾਰ 1885 ਵਿੱਚ ਇਸ ਜਨਮ ਸਾਖੀ ਨੂੰ ਵਿਧੀਵੱਤ ਸੰਪਾਦਿਤ ਕਰਕੇ ਛਪਵਾਇਆ। ਪ੍ਰੋ. ਗੁਰਮੁਖ ਸਿੰਘ ਦੇ ਇਸ ਜਨਮ ਸਾਖੀ ਦੀ ਭੂਮਿਕਾ ਵਿੱਚ ਇਸ ਦੇ ਰਚਨਾਕਾਰ ਅਤੇ ਰਚਨਾ ਕਾਲ ਵੱਲ ਵੀ ਸੰਕੇਤ ਕੀਤੇ ਹਨ ਅਤੇ ਕੁਝ ਹੋਰ ਜਨਮ ਸਾਖੀਆਂ ਦੀ ਦੱਸ ਵੀ ਪਾਈ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸੰਪਾਦਿਤ ਅਤੇ ਬਿਨਾਂ ਸੰਪਾਦਨਾ ਦੇ ਇਸ ਜਨਮ ਸਾਖੀ ਦਾ ਪ੍ਰਕਾਸ਼ਨ ਜਾਰੀ ਰਿਹਾ। ਮੈਕਾਲਿਫ਼ ਦੀ ਨਿਗਰਾਨੀ ਜਾਂ ਅਗਵਾਈ, ਜਿਸ ਨੂੰ ਪ੍ਰੋ. ਗੁਰਮੁਖ ਸਿੰਘ ਨੇ ਸਵੀਕਾਰਿਆ ਵੀ ਹੈ, ਵਿਚੋਂ ਇਸ ਜਨਮ ਸਾਖੀ ਨੂੰ ਮੈਕਾਲਿਫ਼ ਵਾਲੀ ਜਨਮ ਸਾਖੀ ਦਾ ਵੀ ਨਾਂਅ ਪ੍ਰਾਪਤ ਹੋਇਆ। ਪ੍ਰੋ. ਗੁਰਮੁਖ ਸਿੰਘ ਦੀ ਸੰਪਾਦਨਾ ਤੋਂ ਬਾਅਦ ਇਸ ਜਨਮ ਸਾਖੀ ਦੇ ਹੋਰ ਉਤਾਰੇ ਅਤੇ ਹੋਰ ਜਨਮ ਸਾਖੀਆਂ ਵੀ ਪ੍ਰਕਾਸ਼ ਵਿੱਚ ਆ ਗਈਆਂ, ਜੋ ਇਨ੍ਹਾਂ ਮਸਲਿਆਂ ਵੱਲ ਉਨ੍ਹਾਂ ਨੇ ਸੰਕੇਤ ਕੀਤੇ ਸਨ, ਭਾਈ ਵੀਰ ਸਿੰਘ ਨੇ (1926 ਈ.) ਇਨ੍ਹਾਂ ਬਾਰੇ ਖੁੱਲ੍ਹ ਕੇ ਬਹਿਸ ਕੀਤੀ। ਇਸ ਰਚਨਾ ਵਿੱਚ ਆਏ ਕਾਲਖੰਡਾਂ, ਸਾਖੀਆਂ ਦੀ ਥੋੜ੍ਹੀ ਗਿਣਤੀ ਅਤੇ ਹੋਰ ਕਈ ਤੱਥਾਂ ਕਰਕੇ ਭਾਈ ਵੀਰ ਸਿੰਘ ਇਸ ਜਨਮ ਸਾਖੀ ਨੂੰ 'ਪੁਰਾਤਨ' ਦਾ ਨਾਂਅ ਜਾਂ ਵਿਸ਼ੇਸ਼ਣ ਦੇ ਦਿੰਦੇ ਹਨ। ਇਥੇ ਇਹ ਸੰਕੇਤ ਕਰਨਾ ਜ਼ਰੂਰੀ ਹੈ ਕਿ 'ਪੁਰਾਤਨ' ਸ਼ਬਦ ਇਸ ਜਨਮ ਸਾਖੀ ਦੇ ਨਾਂਅ ਦਾ ਹਿੱਸਾ ਬਿਲਕੁਲ ਨਹੀਂ, ਸਗੋਂ ਇਹ ਭਾਈ ਜੀ ਦੁਆਰਾ ਦਿੱਤਾ ਗਿਆ ਨਾਂਅ ਹੈ। ਅੱਜ ਭਾਵੇਂ ਇਹ ਜਨਮ ਸਾਖੀ ਪੁਰਾਤਨ ਜਨਮ ਸਾਖੀ ਕਰਕੇ ਹੀ ਪ੍ਰਸਿੱਧ ਹੈ ਅਤੇ ਕਈ ਯੂਨੀਵਰਸਿਟੀਆਂ ਵਿਚ ਪਾਠ-ਪੁਸਤਕ ਵਜੋਂ ਪੜ੍ਹੀ-ਪੜ੍ਹਾਈ ਵੀ ਜਾਂਦੀ ਹੈ, ਪਰ ਇਹ ਇਸ ਦਾ ਅਸਲ ਨਾਂਅ ਨਹੀਂ। ਆਧੁਨਿਕ ਯੁੱਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਜਿੰਨੀਆਂ ਵੀ ਜੀਵਨੀਆਂ ਲਿਖੀਆਂ ਗਈਆਂ, ਉਨ੍ਹਾਂ ਵਿੱਚ ਪੁਰਾਤਨ ਜਨਮ ਸਾਖੀ ਇੱਕ ਆਧਾਰ ਗ੍ਰੰਥ ਵਜੋਂ ਕੰਮ ਆਉਂਦੀ ਹੈ। ਇਸ ਵਿੱਚ ਆਏ 57 ਚਿੱਤਰਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਉਨ੍ਹਾਂ ਵਿੱਚ ਵਰਤੇ ਗਏ ਮੂਲ ਰੰਗਾਂ ਅਤੇ ਅਕਾਰਾਂ ਵਿੱਚ 'ਗੁਰੂ ਨਾਨਕ ਚਿਤਰਾਵਲੀ' ਨਾਂਅ ਹੇਠ ਛਾਪਿਆ ਹੈ। ਇਨ੍ਹਾਂ ਹੀ ਚਿੱਤਰਾਂ ਨੂੰ ਕੇਂਦਰੀ ਯੂਨੀਵਰਸਿਟੀ, ਬਠਿੰਡਾ ਦੀ ਪਹਿਲੀ ਬਿਲਡਿੰਗ ਵਿੱਚ ਮੂਰਤੀਮਾਨ ਕੀਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਸੰਬੰਧੀ ਲਿਖੀਆਂ ਗਈਆਂ ਕਈ ਪੁਸਤਕਾਂ ਅਤੇ ਲੇਖਾਂ ਵਿੱਚ ਇਨ੍ਹਾਂ ਚਿੱਤਰਾਂ ਦੀ ਖੁੱਲ੍ਹ ਕੇ ਹੋਈ ਵਰਤੋਂ ਵੀ ਵੇਖੀ ਜਾ ਸਕਦੀ ਹੈ।



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਗੁਰੂ ਨਾਨਕ ਮਹਿਮਾ

ਮਹਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਜੀ ਦੇ ਪੁੰਨ ਕਰਮਾਂ ਦਾ ਫਲ ਸੀ ਕਿ ਉਹਨਾਂ ਦੇ ਗ੍ਰਹਿ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ। ਗੁਰੂ ਜੀ ਦੇ ਪ੍ਰਕਾਸ਼ ਨਾਲ ਪਵਿੱਤਰ ਹੋਈ ਰਾਇ ਭੋਇ ਦੀ ਤਲਵੰਡੀ ਨਨਕਾਣਾ ਸਾਹਿਬ ਦੇ ਨਾਂਅ ਨਾਲ ਪ੍ਰਸਿੱਧੀ ਗ੍ਰਹਿਣ ਕਰ ਗਈ। ਬਚਪਨ ਦੇ ਕੌਤਕਾਂ ਨੇ ਹੀ ਗੁਰੂ ਜੀ ਦੀ ਸ਼ਖ਼ਸੀਅਤ ਵਿਚੋਂ ਦੈਵੀ ਪੁਰਖ ਹੋਣ ਦਾ ਪ੍ਰਗਟਾਵਾ ਕਰ ਦਿੱਤਾ ਸੀ। ਗੁਰੂ ਜੀ ਦੀ ਆਪਣੀ ਬਾਣੀ ਉਹਨਾਂ ਦੇ ਦੈਵੀ ਪੁਰਖ ਹੋਣਾ ਸਿੱਧ ਕਰਦੀ ਹੈ। ਪਰਮਾਤਮਾ ਨਾਲ ਆਪਣੀ ਅਧਿਆਤਮਕ ਸਾਂਝ ਦਾ ਪ੍ਰਗਟਾਵਾ ਕਰਦੇ ਹੋਏ ਗੁਰੂ ਜੀ ਦੱਸਦੇ ਹਨ:

ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥ ਗੁ.ਗ੍ਰੰ., ਪੰਨਾ 599

ਗੁਰੂ ਨਾਨਕ ਦੇਵ ਜੀ ਦਾ ਇਹ ਬਚਨ ਉਹਨਾਂ ਦੇ ਇਸ਼ਟ ਦਾ ਵਿਖਿਆਨ ਕਰਦਾ ਹੈ। ਆਪਣਾ ਹਰ ਕਾਰਜ ਪਰਮਾਤਮਾ ਦੀ ਰਜ਼ਾ ਅਧੀਨ ਹੋ ਕੇ ਕਰਨਾ ਅਤੇ ਆਪਣਾ ਸਮੁੱਚਾ ਜੀਵਨ ਉਸ ਦੇ ਮਿਸ਼ਨ ਦੇ ਪ੍ਰਚਾਰ ਵਿੱਚ ਬਸਰ ਕਰ ਦੇਣਾ ਗੁਰੂ ਜੀ ਦੀ ਪ੍ਰਭੂ-ਬੰਦਗੀ ਅਤੇ ਪ੍ਰਭੂ-ਪ੍ਰੇਮ ਦਾ ਪ੍ਰਤੱਖ ਪ੍ਰਮਾਣ ਹੈ। ਸੁਲਤਾਨਪੁਰ ਲੋਧੀ ਵਿਖੇ ਵੇਈਂ ਪ੍ਰਵੇਸ਼ ਦੀ ਘਟਨਾ ਗੁਰੂ ਜੀ ਦੇ ਜੀਵਨ ਦਾ ਇਕ ਮਹੱਤਵਪੂਰਨ ਪਹਿਲੂ ਹੈ ਜਿਸ ਵਿੱਚ ਉਹਨਾਂ ਦੇ ਦੈਵੀ ਸੰਦੇਸ਼ ਪ੍ਰਾਪਤ ਕਰਨ ਦੇ ਸੰਕੇਤ ਮਿਲਦੇ ਹਨ। ਗੁਰੂ ਜੀ ਆਪਣੀ ਬਾਣੀ ਵਿੱਚ ਵੀ ਰੱਬੀ ਸੰਦੇਸ਼ ਪ੍ਰਾਪਤ ਕਰਨ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ:

ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁ.ਗ੍ਰੰ., ਪੰਨਾ 150

ਗੁਰਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਭਾਈ ਨੰਦ ਲਾਲ ਗ੍ਰੰਥਾਵਲੀ, ਜਨਮਸਾਖੀਆਂ ਆਦਿ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਅਧਿਆਤਮਿਕ ਸ਼ਖ਼ਸੀਅਤ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਵਾਲੇ ਪ੍ਰਮੁੱਖ ਸਰੋਤ ਹਨ। ਇਹਨਾਂ ਸਰੋਤਾਂ ਵਿਚੋਂ ਗੁਰੂ ਜੀ ਦੇ ਸੂਰਜ ਜਿਹੇ ਤੇਜ, ਚੰਦਰਮਾ ਜਿਹੀ ਸ਼ਾਂਤੀ, ਸਮੁੰਦਰ ਜਿਹੇ ਸਹਿਜ, ਸੁਮੇਰ ਪਰਬਤ ਜਿਹੀ ਦ੍ਰਿੜਤਾ ਅਤੇ ਰੁੱਖਾਂ ਜਿਹੀ ਨਿਮਰਤਾ ਦੇ ਦਰਸ਼ਨ ਹੁੰਦੇ ਹਨ। ਸਰਬ-ਗੁਣ ਸੰਪੰਨ ਗੁਰੂ ਜੀ ਦੀ ਇੱਕ ਦ੍ਰਿਸ਼ਟੀ ਹੀ ਮਨੁੱਖ ਦਾ ਜੀਵਨ ਬਦਲਣ ਲਈ ਕਾਫ਼ੀ ਹੈ। ਜਿਸ ਮਾਰਗ 'ਤੇ ਗੁਰੂ ਜੀ ਇੱਕ ਵਾਰੀ ਗਏ ਦੁਬਾਰਾ ਨਹੀਂ ਜਾ ਸਕੇ ਪਰ ਉਹਨਾਂ ਦੁਆਰਾ ਸਥਾਪਤ ਕੀਤੀ ਸੰਗਤ ਨਿਰੰਤਰ ਕਾਇਮ ਰਹੀ।

ਜਿਥੇ ਗੁਰੂ ਜੀ ਦੇ ਚਰਨ ਟਿਕੇ ਉਹ ਅਸਥਾਨ ਪੂਜਣ ਯੋਗ ਹੋ ਗਏ। ਗੁਰੂ ਜੀ ਨੇ ਆਪਣਾ ਜੀਵਨ- ਪੰਧ ਜੰਗਲਾਂ, ਪਹਾੜਾਂ, ਰੇਗਿਸਤਾਨਾਂ, ਸਮੁੰਦਰਾਂ, ਨਦੀਆਂ ਆਦਿ ਰਾਹੀਂ ਤਹਿ ਕੀਤਾ ਪਰ ਕਿਤੇ ਵੀ ਕਿਸੇ ਕਿਸਮ ਦਾ ਡਰ ਅਤੇ ਦੁਬਿਧਾ ਉਹਨਾਂ ਦੇ ਜੀਵਨ ਵਿੱਚ ਦਿਖਾਈ ਨਹੀਂ ਦਿੰਦੀ।

ਲੋਕ ਕੁੱਝ ਵੀ ਕਹਿੰਦੇ ਰਹੇ ਪਰ ਗੁਰੂ ਜੀ ਪਰਮਾਤਮਾ ਦੇ ਮਿਸ਼ਨ ਦੇ ਪ੍ਰਚਾਰ ਵਿੱਚ ਨਿਰੰਤਰ ਯਤਨਸ਼ੀਲ ਰਹੇ। ਲੋਕਾਈ ਨੂੰ ਸੱਚਾਈ ਅਤੇ ਸਦਾਚਾਰ ਦੇ ਮਾਰਗ 'ਤੇ ਪਾਉਣ ਲਈ ਗੁਰੂ ਜੀ ਨੇ ਜਿਹੜਾ ਕਾਰਜ ਅਰੰਭ ਕੀਤਾ ਸੀ ਉਸ ਦੇ ਰਾਹ ਵਿੱਚ ਜਿਹੜੀ ਵੀ ਰੁਕਾਵਟ ਆਈ, ਉਸ ਨੂੰ ਪੂਰਨ ਦ੍ਰਿੜਤਾ, ਸਹਿਜ, ਨਿਮਰਤਾ ਅਤੇ ਵਿਚਾਰ-ਚਰਚਾ ਨਾਲ ਦੂਰ ਕਰ ਦਿੱਤਾ। ਵੱਡੇ ਤੋਂ ਵੱਡੇ ਹੰਕਾਰੀ ਮਨੁੱਖਾਂ ਦੇ ਮਨ ਵਿੱਚ ਪ੍ਰੇਮ ਅਤੇ ਦਇਆ ਦੀ ਭਾਵਨਾ ਪੈਦਾ ਹੋਈ ਅਤੇ ਉਹਨਾਂ ਨੇ ਗੁਰੂ ਜੀ ਦੁਆਰਾ ਦਰਸਾਇਆ ਪਰਮਸਤਿ ਦਾ ਮਾਰਗ ਧਾਰਨ ਕਰ ਲਿਆ। ਜਿਹੜਾ ਵਿਚਾਰ-ਚਰਚਾ ਕਰਨ ਲਈ ਆਇਆ ਉਹ ਗੁਰੂ ਜੀ ਦੀ ਬਾਣੀ ਅੱਗੇ ਪਾਣੀ ਹੋ ਕੇ ਉਹਨਾਂ ਦੇ ਚਰਨਾਂ ਵਿੱਚ ਨਮਸਕਾਰ ਕਰ ਗਿਆ। ਗੁਰੂ ਜੀ ਦੀ ਮਹਿਮਾ ਬਾਰੇ ਜਿਹੜੀਆਂ ਸਾਖੀਆਂ ਸੁਣਨ ਨੂੰ ਮਿਲਦੀਆਂ ਹਨ ਸਥਾਨਕ ਲੋਕਾਂ ਦੇ ਮਨ ਵਿੱਚ ਸਦੀਵ ਕਾਲ ਲਈ ਮੌਜੂਦ ਹਨ ਅਤੇ ਪੀੜ੍ਹੀ-ਦਰ-ਪੀੜ੍ਹੀ ਅੱਗੇ ਚੱਲ ਰਹੀਆਂ ਹਨ।

ਗੁਰੂ ਨਾਨਕ ਦੇਵ ਜੀ ਦੀ ਮਹਿਮਾ ਕਰਨ ਵਾਲੇ ਉਹਨਾਂ ਦੁਆਰਾ ਪ੍ਰਦਾਨ ਕੀਤੇ ਗਏ ਇੱਕ ਅਕਾਲ ਪੁਰਖ ਦੇ ਸਿਧਾਂਤ ਤੋਂ ਬਹੁਤ ਪ੍ਰਭਾਵਿਤ ਸਨ ਜਿਹੜਾ ਕਿ ਸਮਾਜ ਵਿੱਚ ਪ੍ਰਚੱਲਿਤ ਵਿਭਿੰਨ ਵਿਸ਼ਵਾਸਾਂ ਦੀ ਹੋਂਦ ਨੂੰ ਖ਼ਤਮ ਕਰਦਾ ਹੈ ਜਿਸ ਵਿਚੋਂ 'ਮੇਰੇ ਰੱਬ' ਦੀ ਬਜਾਏ 'ਸਾਡੇ ਰੱਬ' ਦੀ ਸਰਬਸਾਂਝੀ ਭਾਵਨਾ ਦਾ ਪ੍ਰਗਟਾਵਾ ਹੁੰਦਾ ਹੈ। ਗੁਰੂ ਜੀ ਦੀ ਦ੍ਰਿਸ਼ਟੀ ਵਿੱਚ ਪਰਮਾਤਮਾ ਸਰਬ-ਸ਼ਕਤੀਮਾਨ, ਸਰਬ-ਵਿਆਪਕ, ਸਰਬ-ਗਿਆਤਾ ਅਤੇ ਸਦੀਵੀ ਹੋਂਦ ਵਾਲਾ ਹੈ।

ਉਸ ਦੀ ਜੋਤਿ ਨਾਲ ਹੀ ਸਮੂਹ ਜੀਵਾਂ ਦਾ ਜਨਮ ਹੁੰਦਾ ਹੈ; ਉਸ ਦੇ ਗਿਆਨ ਨਾਲ ਹੀ ਸਮੂਹ ਜੀਵਾਂ ਵਿੱਚ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਉਸ ਦੇ ਸਿਮਰਨ ਨਾਲ ਹੀ ਮੁਕਤੀ ਸੰਭਵ ਹੈ, ਉਸ ਦੀ ਬੰਦਗੀ ਨਾਲ ਹੀ ਬਦਰੂਹਾਂ ਦਾ ਨਾਸ਼ ਹੁੰਦਾ ਹੈ; ਉਸ ਦੀ ਬਖ਼ਸ਼ਿਸ਼ ਨਾਲ ਹੀ ਸਮੂਹ ਪ੍ਰਾਪਤੀਆਂ ਸੰਭਵ ਹਨ। ਉਹੀ ਸੱਚਖੰਡ ਤੱਕ ਲਿਜਾਣ ਦੇ ਸਮਰੱਥ ਹੈ। ਉਸ ਨਾਲ ਜੁੜਿਆ ਮਨੁੱਖ ਦੇਵਤਾ ਹੋ ਜਾਂਦਾ ਹੈ; ਉਸ ਦੀ ਇੱਕ ਛੋਹ ਮਨੁੱਖ ਨੂੰ ਪਾਰਸ ਬਣਾ ਦਿੰਦੀ ਹੈ ਜਿਹੜੀ ਕਿ ਹੋਰਨਾਂ ਦਾ ਭਲਾ ਕਰਨ ਦੇ ਸਮਰੱਥ ਹੋ ਜਾਂਦੀ ਹੈ, ਉਸੇ ਦੀ ਕਿਰਪਾ ਨਾਲ ਗੁੰਗੇ ਬੋਲਣ, ਬੋਲੇ ਸੁਣਨ ਅਤੇ ਅੰਨੇ ਦੇਖਣ ਲੱਗ ਜਾਂਦੇ ਹਨ ਅਤੇ ਉਸੇ ਦੀ ਬਖ਼ਸ਼ਿਸ਼ ਨਾਲ ਪਿੰਗਲੇ ਅੰਦਰ ਪਹਾੜ 'ਤੇ ਚੜ੍ਹਨ ਦੀ ਸ਼ਕਤੀ ਪੈਦਾ ਹੋ ਜਾਂਦੀ ਹੈ, ਉਹੀ ਨਦੀਆਂ ਵਿੱਚ ਟਿੱਬੇ ਅਤੇ ਮਾਰੂਥਲਾਂ ਵਿੱਚ ਹਰਿਆਵਲ ਪੈਦਾ ਕਰਨ ਦੇ ਸਮਰੱਥ ਹੈ। ਉਹ ਚਾਹਵੇ ਤਾਂ ਕੀੜਿਆਂ ਨੂੰ ਪਾਤਸ਼ਾਹੀ ਬਖ਼ਸ਼ ਦਿੰਦਾ ਹੈ ਅਤੇ ਵੱਡੇ ਤੋਂ ਵੱਡੇ ਸ਼ਕਤੀਸ਼ਾਲੀ ਲਸ਼ਕਰ ਨੂੰ ਸੁਆਹ ਕਰ ਸਕਦਾ ਹੈ। ਦਇਆਵਾਨ ਰੂਪ ਵਿੱਚ ਉਹ ਹਜ਼ਾਰਾਂ ਗੁਨਾਹ ਬਖ਼ਸ਼ ਦਿੰਦਾ ਹੈ। ਉਸ ਗੁਣੀ-ਨਿਧਾਨ ਦੇ ਕਿਸੇ ਇੱਕ ਪੱਖ ਨੂੰ ਵੀ ਪੂਰਨ ਰੂਪ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ ਬਲਕਿ ਸਮਰਪਿਤ ਭਾਵਨਾ ਨਾਲ ਉਸ ਦੀ ਰਜ਼ਾ ਵਿੱਚ ਰਹਿ ਕੇ ਜੀਵਨ ਸਫ਼ਲ ਹੋ ਸਕਦਾ ਹੈ। ਪਰਮਾਤਮਾ ਦੇ ਇਹ ਗੁਣ ਕਿਸੇ ਵਿਅਕਤੀ ਵਿਸ਼ੇਸ਼, ਹਸਤੀ, ਭੂਗੋਲਿਕ ਖ਼ਿੱਤੇ ਆਦਿ ਲਈ ਨਹੀਂ ਬਲਕਿ ਸਮੁੱਚੀ ਲੋਕਾਈ ਦਾ ਇਕੋ ਜਿਹਾ ਮਾਰਗ ਦਰਸ਼ਨ ਕਰਨ ਵਾਲੇ ਹਨ।

ਗੁਰੂ ਨਾਨਕ ਦੇਵ ਜੀ ਲੋਕਾਈ ਨੂੰ ਪਰਮਾਤਮਾ ਦਾ ਰਾਹ ਦਿਖਾਉਂਦੇ ਹਨ ਅਤੇ ਪ੍ਰਭੂ-ਉਸਤਤ ਕਰਦੇ ਹੋਏ ਉਸ ਦੇ ਦੱਸੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਕਰਦੇ ਹਨ। ਗੁਰੂ ਜੀ ਆਪਣੀ ਉਪਾਸਨਾ ਨਹੀਂ ਕਰਾਉਂਦੇ ਬਲਕਿ ਉਹ ਚਾਹੁੰਦੇ ਹਨ ਕਿ ਲੋਕ ਸਦਾਚਾਰ ਦੇ ਰਾਹ 'ਤੇ ਚੱਲਣ ਜਿਹੜਾ ਕਿ ਪਰਮਾਤਮਾ ਦੀ ਬੰਦਗੀ ਵਿਚੋਂ ਪ੍ਰਗਟ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਜਿਹੜੇ ਗੁਣਾਂ ਦਾ ਵਿਖਿਆਨ ਕੀਤਾ, ਸ਼ਰਧਾਲੂ ਉਹੀ ਗੁਣ ਗੁਰੂ ਜੀ ਦੀ ਸ਼ਖ਼ਸੀਅਤ ਵਿੱਚ ਮਹਿਸੂਸ ਕਰਦੇ ਹੋਏ ਉਹਨਾਂ ਦਾ ਵਿਖਿਆਨ ਕਰਦੇ ਹਨ। ਗੁਰੂ ਜੀ ਦੀ ਸ਼ਖ਼ਸੀਅਤ ਦਾ ਪ੍ਰਭਾਵ ਇਤਨਾ ਜ਼ਿਆਦਾ ਹੈ ਕਿ ਜਿਹੜਾ ਉਹਨਾਂ ਦੀ ਦ੍ਰਿਸ਼ਟੀ ਗ੍ਰਹਿਣ ਕਰ ਜਾਂਦਾ ਹੈ, ਉਸ ਦੇ ਅੰਤਰੀਵੀ-ਗਿਆਨ ਦੀ ਜੋਤ ਪ੍ਰਗਟ ਹੋ ਜਾਂਦੀ ਹੈ ਅਤੇ ਉਹ ਸਦੀਵ ਕਾਲ ਲਈ ਸਰਬੱਤ ਦੇ ਭਲੇ ਵਾਲੇ ਸਿਧਾਂਤ ਦਾ ਧਾਰਨੀ ਹੋ ਜਾਂਦਾ ਹੈ। ਆਮ ਲੋਕ ਗੁਰੂ ਨਾਨਕ ਦੇਵ ਜੀ ਨੂੰ ਸਮੂਹ ਬੁਰਾਈਆਂ ਦਾ ਨਾਸ਼ਕ ਸਮਝਦੇ ਹਨ ਅਤੇ ਉਹਨਾਂ ਦੁਆਰਾ ਦਰਸਾਏ ਮਾਰਗ 'ਤੇ ਚੱਲਣਾ ਪੁੰਨ ਕਰਮ ਸਮਝਣ ਲੱਗ ਪੈਂਦੇ ਹਨ। ਉਹ ਮੰਨਦੇ ਹਨ ਕਿ ਜਿਹੜਾ ਵਿਅਕਤੀ ਗੁਰੂ ਜੀ ਦੇ ਮਾਰਗ ਨੂੰ ਧਾਰਨ ਕਰ ਲੈਂਦਾ ਹੈ, ਰਾਹੂ ਤੇ ਕੇਤੂ ਉਸ ਦਾ ਕੁੱਝ ਵੀ ਵਿਗਾੜ ਨਹੀਂ ਸਕਦੇ; ਮੰਗਲ, ਵੀਰਵਾਰ ਤੇ ਸ਼ਨੀਵਾਰ ਦਾ ਡਰ ਦੂਰ ਹੋ ਜਾਂਦਾ ਹੈ। ਗ੍ਰਹਿਣ ਕੁਦਰਤ ਦੀ ਸਹਿਜ ਪ੍ਰਕ੍ਰਿਆ ਲੱਗਣ ਲੱਗ ਪੈਂਦੇ ਹਨ। ਬਿੱਲੀਆਂ ਦੇ ਰਾਹ ਕੱਟਣ ਅਤੇ ਮਿਰਚਾਂ ਦੇ ਵਹਿਮ-ਭਰਮ ਬਾਕੀ ਨਹੀਂ ਰਹਿੰਦੇ। ਸ਼ੁਭ ਸ਼ਗਨ ਲਈ ਮਹੂਰਤ ਕਢਾਉਣ ਦੀ ਲੋੜ ਨਹੀਂ ਪੈਂਦੀ। ਜੋਤਿਸ਼ ਤੋਂ ਵਧੇਰੇ ਉੱਦਮ 'ਤੇ ਵਿਸ਼ਵਾਸ ਪਰਪੱਕ ਹੋ ਜਾਂਦਾ ਹੈ। ਜੀਵਾਂ ਪ੍ਰਤੀ ਪੈਦਾ ਹੋਈ ਦਇਆ ਸ਼ੁਭ-ਜੀਵਨ ਦਾ ਮਾਰਗ ਖੋਲ੍ਹਣ ਦੇ ਸਮਰੱਥ ਹੈ।

ਕਵੀਆਂ, ਕਵੀਸ਼ਰਾਂ, ਢਾਡੀਆਂ, ਵਿਦਵਾਨਾਂ, ਖੋਜੀਆਂ, ਗੁਣੀਜਨਾਂ ਆਦਿ ਨੇ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਆਪੋ-ਆਪਣੇ ਢੰਗ ਨਾਲ ਬਿਆਨ ਕੀਤਾ ਹੈ। ਇਹਨਾਂ ਵਿੱਚ ਉਹ ਰਚਨਾਕਾਰ ਵੀ ਸ਼ਾਮਲ ਹਨ ਜਿਹੜੇ ਗੁਰੂ ਜੀ ਨੂੰ ਸਮੂਹ ਗੁਰੂਆਂ ਵਿਚੋਂ ਸ੍ਰੇਸ਼ਟ ਸਮਝਦੇ ਹਨ, ਉਹ ਕਹਿੰਦੇ ਹਨ ਕਿ ਸਮੂਹ ਅਵਤਾਰਾਂ ਦੇ ਸਰੂਪ ਗੁਰੂ ਜੀ ਦੇ ਅੰਦਰ ਹੀ ਸਮੋਏ ਹੋਏ ਹਨ ਭਾਵ ਇੱਕ-ਇੱਕ ਅਵਤਾਰੀ ਪੁਰਖ ਦੀ ਪੂਜਾ ਕਰਨ ਨਾਲੋਂ ਗੁਰੂ ਨਾਨਕ ਦੇਵ ਜੀ ਦੀ ਬੰਦਗੀ ਹੀ ਸਰਬੋਤਮ ਹੈ ਜਿਸ ਨਾਲ ਸਮੂਹ ਅਵਤਾਰੀ ਪੁਰਖਾਂ ਦੀ ਉਸਤਤ ਆਪਣੇ ਆਪ ਹੀ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦੀ ਉਸਤਤ ਨਾਲ ਹੀ ਸਮੂਹ ਰਿਸ਼ੀਆਂ ਅਤੇ ਦੇਵਤਿਆਂ ਦੁਆਰਾ ਦਿੱਤੀਆਂ ਜਾਂਦੀਆਂ ਬਖ਼ਸ਼ਿਸ਼ਾਂ ਅਤੇ ਸਮੂਹ ਤੀਰਥਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਅਵਤਾਰਾਂ ਦੇ ਅਵਤਾਰ ਹਨ। ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਤ ਹੋ ਕੇ ਪਸ਼ੂ, ਪੰਛੀ, ਰਾਜੇ, ਦੇਵਤੇ ਆਦਿ ਸਭ ਜੀਵ ਉਹਨਾਂ ਦੀ ਅਰਾਧਨਾ ਕਰਦੇ ਹਨ। ਗੁਰੂ ਜੀ ਦੀ ਸ਼ਰਨ ਆਉਣ ਵਾਲੇ ਨੂੰ ਤਿੰਨ ਤਾਪ ਤੰਗ ਨਹੀਂ ਕਰਦੇ ਅਤੇ ਮੁਕਤੀ ਦਾ ਮਾਰਗ ਸੌਖਾ ਹੋ ਜਾਂਦਾ ਹੈ; ਮਨੁੱਖ ਦੇ ਸਮੂਹ ਸਵਾਸ ਸਾਰਥਕ ਹੋ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਦੇ ਮਾਰਗ ਦਾ ਪਾਂਧੀ ਉਸ ਕਮਲ ਫੁੱਲ ਵਾਂਗ ਹੋ ਜਾਂਦਾ ਹੈ ਜਿਹੜਾ ਚਿੱਕੜ ਵਿੱਚ ਰਹਿ ਕੇ ਵੀ ਉਸ ਤੋਂ ਨਿਰਲੇਪ ਰਹਿੰਦਾ ਹੈ। ਜਿਵੇਂ ਪਾਣੀ ਦੇ ਉਤੇ ਰਹਿਣ ਵਾਲੇ ਜੀਵ ਜੇਕਰ ਪਾਣੀ ਵਿਚ ਚਲੇ ਵੀ ਜਾਣ ਤਾਂ ਵੀ ਉਹਨਾਂ ਦੇ ਖੰਭ ਪਾਣੀ ਵਿੱਚ ਨਹੀਂ ਭਿੱਜਦੇ ਉਸੇ ਤਰ੍ਹਾਂ ਗੁਰੂ ਜੀ ਦੇ ਦੱਸੇ ਹੋਏ ਮਾਰਗ 'ਤੇ ਚੱਲਣ ਵਾਲੇ ਮਾਇਆ ਵਿੱਚ ਰਹਿੰਦੇ ਹੋਏ ਵੀ ਉਸ ਤੋਂ ਪ੍ਰਭਾਵਿਤ ਨਹੀਂ ਹੁੰਦੇ।

ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦੇ ਵਿਭਿੰਨ ਗੁਣਾਂ ਦਾ ਵਿਖਿਆਨ ਰਚਨਾਕਾਰਾਂ ਦੀਆਂ ਰਚਨਾਵਾਂ ਵਿਚੋਂ ਹੁੰਦਾ ਹੈ ਜਿਨ੍ਹਾਂ ਵਿੱਚ ਗੁਰੂ ਜੀ ਦੀ ਮਹਿਮਾ ਵਾਲੇ ਇਹ ਕੁੱਝ ਪ੍ਰਮੁੱਖ ਗੁਣ ਦੇਖੇ ਗਏ ਹਨ - ਉਧਾਰਕ (ਉਧਾਰ ਕਰਨ ਵਾਲਾ), ਅਉਧੂ (ਅਵਧੂਤ, ਵਿਰਕਤ), ਅਗਮ (ਜਿਸ ਤੱਕ ਪਹੁੰਚ ਨਹੀਂ), ਅਗਾਧ (ਜਿਸ ਨੂੰ ਜਾਣਿਆ ਨਹੀਂ ਜਾ ਸਕਦਾ), ਅਚੁਤ (ਨਾ ਡੋਲਣ ਵਾਲੇ), ਅਨੰਤ (ਜਿਸ ਦਾ ਅੰਤ ਨਹੀਂ), ਅਨਾਥਾਂ ਦੇ ਨਾਥ, ਅਪਰਮਿਤ (ਭੇਦ-ਭਾਵ ਤੋਂ ਮੁਕਤ), ਅਪਰੰਪਰ (ਗਿਣਤੀਆਂ ਮਿਣਤੀਆਂ ਤੋਂ ਪਰੇ), ਅਪਾਰ (ਜਿਸ ਦਾ ਕੋਈ ਪਾਰ ਨਹੀਂ), ਅਬਾਧ (ਜਿਸ ਉਤੇ ਕੋਈ ਬੰਧਨ ਨਹੀਂ), ਅਬੋਧ ਨਾਸਕ (ਅਗਿਆਨ ਦਾ ਨਾਸ ਕਰਨ ਵਾਲੇ), ਅਬਿਗਤ (ਸੂਝ ਦੀ ਪਕੜ ਤੋਂ ਪਰੇ), ਅਭੇਖ (ਜਿਸ ਦਾ ਕੋਈ ਨਿਸ਼ਚਿਤ ਭੇਖ ਨਹੀਂ), ਅਭੇਵ (ਨਾ ਨਿਖੇੜੇ ਜਾ ਸਕਣ ਵਾਲੇ), ਅਲਖ (ਨਾ ਜਾਣੇ ਜਾਣ ਵਾਲੇ), ਅਲੇਖ (ਕਰਮਾਂ ਦੇ ਲੇਖਾਂ ਤੋਂ ਅਜ਼ਾਦ), ਅਵਤਾਰ, ਆਚਾਰੀਆ, ਆਤਮਦੇਵ, ਆਦਿ-ਗੁਰੂ, ਆਦਿ-ਪੁਰਖ (ਪ੍ਰਭੂ), ਅੰਤਰਜਾਮੀ, ਸਬਦ ਸਰੇ (ਬਾਣੀ ਦਾ ਸੋਮਾ), ਸਭ ਕੇ ਸਿਰ ਤਾਜਾ, ਸਰਬ ਸੁਖ ਨਿਵਾਸਨੰ (ਸਾਰੇ ਸੁੱਖਾਂ ਦਾ ਘਰ), ਸਰਬ ਦੁਖ ਬਿਨਾਸਨੰ (ਸਾਰੇ ਦੁੱਖ ਦੂਰ ਕਰਨ ਵਾਲਾ), ਸਤਿ ਸਰੂਪ ਸਿਰੀ ਕਰਤਾਰਾ, ਸਤਿਗੁਰੂ, ਸੁਆਮੀ, ਸੁਖ-ਸਾਗਰ (ਸੁੱਖਾਂ ਦਾ ਸਮੁੰਦਰ), ਸੁਖ-ਦਾਨਕ (ਸੁੱਖ ਦੇਣ ਵਾਲਾ), ਸ਼ਾਹਨ ਸ਼ਾਹ (ਸ਼ਾਹਾਂ ਦਾ ਬਾਦਸ਼ਾਹ), ਸ਼ਾਫ਼ੀ (ਬਿਮਾਰ ਨੂੰ ਰਾਜ਼ੀ ਕਰਨ ਵਾਲਾ), ਕਰਤਾਰ, ਕਰੁਣਾ-ਨਿਧੀ, ਕਲਪ-ਬ੍ਰਿਖ, ਕਲਿ-ਤਾਰਕ, ਕਿਲਵਿਖ ਹਰਤਾ (ਬੁਰਾਈਆਂ ਰੂਪੀ ਜ਼ਹਿਰ ਦੂਰ ਕਰਨ ਵਾਲਾ), ਕ੍ਰਿਪਾ-ਨਿਧਾਨ, ਕ੍ਰਿਪਾ-ਸਿੰਧ (ਕਿਰਪਾ ਦਾ ਸਾਗਰ), ਗੋਬਿੰਦ-ਰੂਪ, ਜਗਤ-ਤਾਰਕ, ਕ੍ਰਿਪਾਲੂ, ਗਰੀਬ ਰੱਖਿਅਕ, ਗੁਰਮੁਖ, ਗੁਰੂ, ਗੁਰੂਅਨ ਮੈ ਗੁਰੂ, ਗੁਰਦੇਵਨ ਗੁਰਦੇਵ, ਗਿਆਨ ਸ੍ਵਰੂਪ, ਜਗਤ-ਰੂਪ, ਜਾਣਨਹਾਰ, ਜੋਤਿ-ਰੂਪ, ਜੋਗੀਸ਼ਵਰ, ਤਾਰਨ-ਤਰਨ, ਦਾਤਾਰ, ਦੀਨ-ਦਿਆਲ (ਦੀਨਾਂ 'ਤੇ ਕਿਰਪਾ ਕਰਨ ਵਾਲੇ), ਦੀਨਨ ਨਾਥ (ਦੀਨਾਂ ਦਾ ਨਾਥ), ਦੀਨ ਹਿਤ (ਦੀਨਾਂ ਦਾ ਹਿਤੈਸ਼ੀ), ਦੀਨ-ਬੰਧੁ (ਦੀਨਾਂ ਦਾ ਮਿੱਤਰ), ਦੁਸਟ ਦੰਡਨ (ਦੁਸ਼ਟਾਂ ਨੂੰ ਦੰਡ ਦੇਣ ਵਾਲੇ), ਦੁਰਤ ਨਿਵਾਰਣ (ਪਾਪਾਂ ਨੂੰ ਦੂਰ ਕਰਨ ਵਾਲੇ), ਦੇਵਨ ਦੇਵ (ਦੇਵਤਿਆਂ ਦੇ ਦੇਵਤੇ), ਧਰਮ ਦੇ ਨਿਸ਼ਾਨ, ਧਰਮਾਵਤਾਰ (ਧਰਮ ਦਾ ਅਵਤਾਰ), ਨਰਾਇਣ-ਸਰੂਪ, ਨਿਆਸਰਿਆਂ ਦਾ ਆਸਰਾ, ਨਿਰਬਾਨ, ਨਿਰੰਕਾਰੀ, ਪਰਉਪਕਾਰੀ, ਪਰਮਹੰਸ, ਪਰਮ-ਗੁਰੂ, ਪਰਮਾਤਮ ਪੁਰਖ, ਪਰਵਦਿਗਾਰ (ਪਾਲਣਹਾਰ), ਪਾਖੰਡ ਖੰਡਨ (ਪਾਖੰਡ ਦਾ ਖੰਡਨ ਕਰਨ ਵਾਲੇ), ਪਾਰਬ੍ਰਹਮ, ਪੂਰਨ ਪੁਰਖ, ਪੂਰਨ ਪ੍ਰਕਾਸ਼, ਪੂਰਨ ਬ੍ਰਹਮ, ਪੀਰ, ਪੌਣ-ਅਹਾਰੀ, ਪ੍ਰਣ-ਪਾਲਕ, ਪ੍ਰਭੂ, ਬਖ਼ਸ਼ੰਦ, ਬਾਬਾ, ਬਿਘਨ ਬਿਨਾਸਨ (ਵਿਘਨਾਂ ਨੂੰ ਦੂਰ ਕਰਨ ਵਾਲੇ), ਬ੍ਰਹਮ-ਗਿਆਨੀ, ਭਗਵਾਨ, ਭੇਦ-ਹੰਤਾ (ਭੇਦਾਂ ਨੂੰ ਮਿਟਾਉਣ ਵਾਲਾ) ਮਹਾਨ ਕ੍ਰਿਪਾਲੂ, ਮਹਾਨ ਦਿਆਲੂ, ਮੁਕਤੀਦਾਤਾ (ਮੁਕਤੀ ਪ੍ਰਦਾਨ ਕਰਨ ਵਾਲਾ), ਰਤਨਾਗਰੰ (ਰਤਨਾਂ ਦੇ ਘਰ), ਰਹੀਮ (ਰਹਿਮ ਕਰਨ ਵਾਲਾ), ਰਾਮ, ਰੱਬਾਨੀ (ਰੱਬ ਸੰਬੰਧੀ), ਵਾਸਦੇਵ (ਜਿਸ ਵਿੱਚ ਸਭ ਦਾ ਨਿਵਾਸ ਹੈ ਅਤੇ ਜੋ ਸਭ ਵਿਚ ਹੈ), ਵਿਸ਼੍ਵਨਾਥ (ਵਿਸ਼ਵ ਦਾ ਨਾਥ), ਵਿਸ਼੍ਵੇਸ਼੍ਵਰੰ (ਵਿਸ਼ਵ ਦਾ ਈਸ਼ਵਰ)।

ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਭਾਈ ਲਹਿਣਾ ਜੀ ਉਹਨਾਂ ਦੇ ਸਿੱਖ ਬਣੇ ਸਨ। ਪਰਮਾਤਮਾ ਦੇ ਮਿਸ਼ਨ ਨੂੰ ਅੱਗੇ ਲਿਜਾਣ ਵਾਲੇ ਸਮੂਹ ਗੁਣ ਭਾਈ ਲਹਿਣਾ ਜੀ ਦੇ ਜੀਵਨ ਵਿੱਚ ਅਨੁਭਵ ਕਰਦੇ ਹੋਏ ਗੁਰੂ ਜੀ ਨੇ ਉਹਨਾਂ ਨੂੰ ਗੁਰੂ ਅੰਗਦ ਦੇਵ ਜੀ ਦੇ ਰੂਪ ਵਿੱਚ ਪ੍ਰਗਟ ਕਰ ਦਿੱਤਾ ਸੀ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਮਨ ਵਿੱਚ ਵਸਾਉਣ ਵਾਲਿਆਂ ਪ੍ਰਤੀ ਇਹ ਸੰਦੇਸ਼ ਦਿੱਤਾ ਕਿ ਆਦਿ ਗੁਰੂ ਰਾਹੀਂ ਜਿਨ੍ਹਾਂ ਨੇ ਪਰਮਾਤਮਾ ਦੀ ਸਿਫ਼ਤ ਸਲਾਹ ਵਾਲਾ ਮਾਰਗ ਧਾਰਨ ਕਰ ਲਿਆ ਹੈ ਉਹਨਾਂ ਨੂੰ ਕਿਸੇ ਹੋਰ ਸਿੱਖਿਆ ਦੀ ਲੋੜ ਨਹੀਂ ਹੈ:

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥ ਗੁ.ਗ੍ਰੰ., ਪੰਨਾ 150

ਗੁਰੂ ਅਰਜਨ ਦੇਵ ਜੀ ਗੁਰੂ ਨਾਨਕ ਦੇਵ ਜੀ ਨੂੰ 'ਗੋਵਿੰਦ ਰੂਪ' ਮੰਨਦੇ ਹੋਏ ਉਹਨਾਂ ਦੀ ਸਿਫ਼ਤ-ਸਲਾਹ ਕਰਦੇ ਹੋਏ ਕਹਿੰਦੇ ਹਨ:

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥ ਗੁ.ਗ੍ਰੰ., ਪੰਨਾ 750

ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਦੇ ਨਾਲ ਹੀ ਭੱਟਾਂ ਦੀ ਬਾਣੀ ਦਰਜ ਹੈ। ਗੁਰੂ ਅਮਰਦਾਸ ਜੀ ਸਮੇਂ ਸਭ ਤੋਂ ਪਹਿਲਾਂ ਇਹ ਭੱਟ ਗੁਰੂ-ਘਰ ਆਏ ਸਨ ਅਤੇ ਇਹਨਾਂ ਦੁਆਰਾ ਰਚਿਤ ਬਾਣੀ ਨੂੰ ਗੁਰੂ ਅਰਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕਰ ਲਿਆ ਸੀ। ਜਦੋਂ ਇਹਨਾਂ ਨੇ ਗੁਰਮਤਿ ਸਿਧਾਂਤ ਅਤੇ ਪਰੰਪਰਾ ਨੂੰ ਨੇੜਿਓਂ ਦੇਖਿਆ ਤਾਂ ਸਮਝ ਪਈ ਕਿ ਗੁਰੂ ਸਾਹਿਬਾਨ ਪਰਮਾਤਮਾ ਦੀ ਜੋਤਿ ਹਨ। ਇਸ ਦ੍ਰਿਸ਼ਟੀ ਨੂੰ ਸਾਹਮਣੇ ਰੱਖ ਕੇ ਇਹਨਾਂ ਨੇ ਗੁਰੂ ਸਾਹਿਬਾਨ ਦੀ ਉਸਤਤਿ ਕੀਤੀ। ਗੁਰੂ ਨਾਨਕ ਦੇਵ ਜੀ ਦੀ ਉਸਤਤਿ ਕਰਦੇ ਹੋਏ ਭੱਟ ਕਲਸਹਾਰ ਕਹਿੰਦਾ ਹੈ:

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥ ਗੁ.ਗ੍ਰੰ., ਪੰਨਾ 1389

ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਅਦ ਭਾਈ ਗੁਰਦਾਸ ਜੀ ਦੀਆਂ ਵਾਰਾਂ ਇੱਕ ਅਜਿਹਾ ਮਹੱਤਵਪੂਰਨ ਸਰੋਤ ਹੈ ਜਿਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਕਿਹਾ ਜਾਂਦਾ ਹੈ।

ਭਾਵੇਂ ਕਿ ਇਹਨਾਂ ਦੀਆਂ ਸਮੂਹ ਵਾਰਾਂ ਵਿੱਚ ਗੁਰੂ ਸਾਹਿਬਾਨ ਅਤੇ ਗੁਰਮਤਿ ਸਿਧਾਂਤ ਦੇ ਦਰਸ਼ਨ ਹੁੰਦੇ ਹਨ ਪਰ ਇਹਨਾਂ ਦੀ ਪਹਿਲੀ ਵਾਰ ਨੂੰ ਗੁਰੂ ਨਾਨਕ ਦੇਵ ਜੀ ਦੀ ਵਾਰ ਕਿਹਾ ਜਾਂਦਾ ਹੈ। ਇਸ ਵਾਰ ਵਿੱਚ ਇਹਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸਥਿਤੀ ਦਾ ਬਹੁਤ ਹੀ ਭਾਵਪੂਰਤ ਵਰਨਨ ਕੀਤਾ ਹੈ। ਇਹ ਮੰਨਦੇ ਹਨ ਕਿ ਜਦੋਂ ਸਮਾਜ ਵਿੱਚ ਧਾਰਮਿਕ ਕਦਰਾਂ-ਕੀਮਤਾਂ ਦਾ ਪਤਨ ਹੋ ਗਿਆ ਤਾਂ ਪਰਮਾਤਮਾ ਨੇ ਗੁਰੂ ਨਾਨਕ ਦੇਵ ਜੀ ਨੂੰ ਧਰਤੀ 'ਤੇ ਭੇਜਿਆ। ਗੁਰੂ ਨਾਨਕ ਦੇਵ ਜੀ ਦੇ ਇਸ ਜਗਤ ਵਿੱਚ ਪ੍ਰਕਾਸ਼ ਹੋਣ ਨਾਲ ਅਗਿਆਨਤਾ ਦਾ ਹਨੇਰਾ ਦੂਰ ਹੋਇਆ। ਜਿਵੇਂ ਸੂਰਜ ਦੇ ਨਿਕਲਣ ਨਾਲ ਤਾਰੇ ਛੁਪ ਜਾਂਦੇ ਹਨ ਅਤੇ ਸ਼ੇਰ ਦੇ ਬਾਹਰ ਨਿਕਲ ਆਉਣ ਨਾਲ ਹਿਰਨ ਭੱਜ ਜਾਂਦੇ ਹਨ ਉਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਸੰਸਾਰ ਵਿੱਚ ਗਿਆਨ ਦਾ ਪ੍ਰਕਾਸ਼ ਹੋ ਗਿਆ:

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ। ਵਾਰ 1.27

ਗੁਰੂ ਨਾਨਕ ਦੇਵ ਜੀ ਦੀ ਬਖ਼ਸ਼ਿਸ਼ ਸਦਕਾ ਜਿਨਾਂ ਨੇ ਧਰਮ ਦੇ ਮਾਰਗ 'ਤੇ ਚੱਲਦੇ ਹੋਏ ਧਰਮਸਾਲਾਵਾਂ ਸਥਾਪਤ ਕੀਤੀਆਂ, ਧਰਮ-ਪ੍ਰਚਾਰ ਦੇ ਕਾਰਜ ਕਰਨ ਲੱਗੇ, ਉਹ ਸ਼ਾਂਤੀ, ਸੰਜਮ ਅਤੇ ਪਰਉਪਕਾਰ ਦੇ ਚਿੰਨ੍ਹ ਬਣ ਗਏ, ਸਮੂਹ ਪਾਪਾਂ ਤੋਂ ਮੁਕਤ ਹੋ ਗਏ, ਤ੍ਰਿਸ਼ਨਾਵਾਂ ਦੀ ਭੁੱਖ ਅਤੇ ਦੁੱਖ ਮਿਟ ਗਏ ਅਤੇ ਕਾਲ ਦੇ ਜਾਲ ਤੋਂ ਬੱਚ ਗਏ:

ਜੇ ਜੇ ਪੰਥ ਤਵਨ ਕੇ ਪਰੇ।
ਪਾਪ ਤਾਪ ਤਿਨ ਕੇ ਪ੍ਰਭ ਹਰੇ।
ਦੂਖ ਭੂਖ ਕਬਹੂੰ ਨ ਸੰਤਾਏ।
ਜਾਲਕਾਲ ਕੇ ਬੀਚ ਨ ਆਏ। ਬਚਿਤ੍ਰ ਨਾਟਕ, ਅਧਿਆਇ 5.6.

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਭਾਈ ਨੰਦ ਲਾਲ ਜੀ ਸਿੱਖ ਇਤਿਹਾਸ ਦੀ ਅਜਿਹੀ ਸ਼ਖ਼ਸੀਅਤ ਹੋਏ ਹਨ ਜਿਨ੍ਹਾਂ ਦੀਆਂ ਰਚਨਾਵਾਂ ਦਾ ਗਾਇਨ ਗੁਰੂ-ਘਰ ਵਿਖੇ ਕੀਤਾ ਜਾ ਸਕਦਾ ਹੈ। ਅਨੰਦਪੁਰ ਸਾਹਿਬ ਵਿਖੇ ਇਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕੀਤੇ ਤਾਂ ਕਿਤੇ ਹੋਰ ਜਾਣ ਦੀ ਇੱਛਾ ਬਾਕੀ ਨਾ ਰਹੀ। ਗੁਰੂ ਨਾਨਕ ਦੇਵ ਜੀ ਨੂੰ ਸੱਚੇ ਪਾਤਸ਼ਾਹ ਦਾ ਰੁਤਬਾ ਪ੍ਰਦਾਨ ਕਰਦੇ ਹੋਏ ਕਹਿੰਦੇ ਹਨ ਕਿ ਇਹਨਾਂ ਵਰਗਾ ਹੋਰ ਕੋਈ ਦਰਵੇਸ਼ ਇਸ ਸੰਸਾਰ ਵਿੱਚ ਨਹੀਂ ਆਇਆ:

ਨਾਮਿ ਊ ਸ਼ਾਹਿ ਨਾਨਕ ਹੱਕ ਕੇਸ਼
ਕਿ ਨਿਆਇਦ ਚੁਨੂੰ ਦਿਗਰ ਦਰਵੇਸ਼।
ਗੰਜ ਨਾਮਾ, 13

ਆਮ ਸਿੱਖਾਂ ਵਿੱਚ ਗੁਰੂ ਨਾਨਕ ਦੇਵ ਜੀ ਪ੍ਰਤਿ ਸ਼ਰਧਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਹਰ ਤਰ੍ਹਾਂ ਦੇ ਹਾਲਾਤ ਵਿੱਚ ਉਹਨਾਂ ਨੇ ਚੜ੍ਹਦੀਕਲਾ ਵਿੱਚ ਰਹਿਣਾ ਸਿੱਖ ਲਿਆ ਸੀ ਅਤੇ ਉਹਨਾਂ ਦੇ ਮਨ ਵਿੱਚ ਗੁਰੂ ਜੀ ਪ੍ਰਤਿ ਪੈਦਾ ਹੋਈਆਂ ਭਾਵਨਾਵਾਂ ਦਾ ਜ਼ਿਕਰ ਬਹੁਤ ਸਾਰੇ ਰਚਨਾਕਾਰਾਂ ਦੀਆਂ ਰਚਨਾਵਾਂ ਵਿਚੋਂ ਮਿਲ ਜਾਂਦਾ ਹੈ। 1740 ਦੇ ਲਗਪਗ ਦੀਵਾਨ ਸੁਰਤ ਸਿੰਘ ਦੁਆਰਾ ਗੁਰੂ ਨਾਨਕ ਦੇਵ ਜੀ ਦੇ ਭਰੋਸੇ ਵਾਲੀ ਲਿਖੀ ਕਵਿਤਾ ਹਰ ਸ਼ਰਧਾਲੂ ਦਾ ਮਨ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੀ ਹੈ:

ਜਿਸ ਕਾ ਹੈ ਨਾਨਕ ਸ਼ਾਹ ਜੀ।
ਤਿਸ ਕੋ ਕੈਸੀ ਪਰਵਾਹ ਜੀ।
ਜਿਸ ਕਾ ਗੁਰੂ ਹਮਰਾਹੁ ਜੀ।
ਕਬਹੂੰ ਨਹੀਂ ਗੁਮਰਾਹ ਜੀ।
ਬਖ਼ਸ਼ੰਦ ਹੈ ਬਦਕਾਰ ਕਾ।
ਦਾਤਾਰ ਹੈ ਨਾਦਾਰ ਕਾ।
ਸ਼ਾਫ਼ੀ ਹੈ ਹਰ ਬਿਮਾਰ ਕਾ।
ਆਪ ਦਿਖਾਵੈ ਰਾਹ ਜੀ॥

ਫ਼ਾਰਸੀ ਸਰੋਤਾਂ ਵਿੱਚ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਸ਼ਰਧਾਲੂਆਂ ਲਈ ਬਾਬਾ ਨਾਨਕ, ਨਾਨਕ ਸ਼ਾਹ ਦਰਵੇਸ਼, ਨਾਨਕਪੰਥੀ, ਨਾਨਕ-ਪ੍ਰਸਤ, ਨਾਨਕਸ਼ਾਹੀ, ਆਦਿ ਸ਼ਬਦਾਂ ਦੀ ਵਰਤੋਂ ਦੇਖਣ ਨੂੰ ਮਿਲਦੀ ਹੈ। ਇਹ ਸਰੋਤ ਗੁਰੂ ਨਾਨਕ ਦੇਵ ਜੀ ਪ੍ਰਤਿ ਸਤਿਕਾਰ ਪ੍ਰਗਟ ਕਰਦੇ ਹੋਏ ਉਹਨਾਂ ਦੀ ਮਹਿਮਾ ਦਾ ਵਰਨਣ ਕਰਦੇ ਹਨ। ਮਿਰਜ਼ਾ ਮੁਹੰਮਦ ਹਾਰਿਸੀ ਆਪਣੀ ਰਚਨਾ ਇਬਰਤਨਾਮਾ (1718) ਵਿਚ ਲਿਖਦਾ ਹੈ ਕਿ ਗੁਰੂ, ਨਾਨਕ ਨਾਮੀ ਇੱਕ ਦਰਵੇਸ਼, ਦੁਨੀਆਂ ਤੋਂ ਅਟੱਕ, ਪ੍ਰਸਿੱਧ ਹੋਇਆ ਹੈ। ਹਿੰਦੂਆਂ ਵਿਚੋਂ ਲੋਕਾਂ ਦਾ ਭਾਰੀ ਇਕੱਠ ਉਸ ਦੀ ਸ਼ਰਧਾ ਦੇ ਘੇਰੇ ਵਿਚ ਆ ਗਿਆ ਅਤੇ ਉਨ੍ਹਾਂ ਨੇ ਆਪਣਾ ਉਪਨਾਮ 'ਸਿੱਖ' ਰੱਖਿਆ। ਅਸਲ ਵਿੱਚ (ਗੁਰੂ) ਨਾਨਕ ਹਿੰਦੂਆਂ ਦੇ ਦਸਤੂਰ ਮੁਤਾਬਿਕ ਪੂਰਨ ਦਰਵੇਸ਼ ਸੀ।

(ਬਾਕੀ ਸਫ਼ਾ 31 'ਤੇ)

## ਸ਼ਹੀਦੀ ਦਿਵਸ 'ਤੇ ਵਿਸ਼ੇਸ਼



ਪ੍ਰਮਿੰਦਰ ਸਿੰਘ
ਪ੍ਰਵਾਨਾ
510-415-9377

# ਬਾਬਾ ਦੀਪ ਸਿੰਘ ਜੀ ਸ਼ਹੀਦ

ਸਿੱਖ ਧਰਮ ਇਕ ਸਮਾਜ ਸੁਧਾਰ ਲਹਿਰ ਹੈ। ਮਾਨਵਵਾਦੀ ਸੋਚ ਹੈ ਕਿ ਸਿੱਖ ਧਰਮ ਤੇ ਚਲਦਿਆਂ ਆਪਣੀ ਸਵੈ ਰੱਖਿਆ ਅਤੇ ਸਵੈਮਾਣ ਵਾਲਾ ਜੀਵਨ ਜਿਊਣ ਲਈ ਤਿਆਰ ਹੋਣ। ਸਿਆਸੀ ਤਾਕਤ ਜਨ ਸਾਧਾਰਨ ਨੂੰ ਹਾਸਲ ਹੋਵੇ। ਇਸ ਲਈ ਦ੍ਰਿੜ ਨਿਸ਼ਚੇ ਵਾਲੀ ਅਗਵਾਈ ਦੀ ਜ਼ਰੂਰਤ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਗ੍ਰਹਿਸਥ ਨੂੰ ਰੂਹਾਨੀ ਵਿਸਥਾਰ ਮੰਨਿਆ। ਸਮਾਜ ਨੂੰ ਝੂਠੇ ਕਰਮਕਾਂਡਾਂ ਵਿਚੋਂ ਕੱਢ ਕੇ ਸਾਵੀਂ ਪੱਧਰੀ ਜੀਵਨ ਜਾਚ ਸਿਖਾਈ। ਸਿੱਖ ਗੁਰੂ ਸਾਹਿਬਾਨ ਨੇ ਨਾਬਰਾਬਰੀ ਵਾਲੇ ਸਮਾਜ ਦੀ ਧਾਰਮਿਕ, ਸਮਾਜਿਕ ਤੇ ਸਿਆਸੀ ਦਸ਼ਾ ਨੂੰ ਬਦਲਿਆ। ਉਨ੍ਹਾਂ ਨੇ ਬੇਗਰਜ਼ ਸੇਵਾ ਤੇ ਜ਼ੋਰ ਦਿੱਤਾ। ਸਮਾਜ ਨੂੰ ਜਾਤ ਪਾਤ ਦੇ ਬੰਧਨਾਂ ਤੋਂ ਉਪਰ ਚੁੱਕ ਕੇ ਮਾਨਵਵਾਦੀ ਇਨਕਲਾਬ ਨਾਲ ਜੋੜ ਦਿੱਤਾ। ਸਮੇਂ ਦੀਆਂ ਮੁਗਲ ਹਕੂਮਤਾਂ ਨੇ ਸਿੱਖੀ ਨੂੰ ਖਤਮ ਕਰਨ ਲਈ ਹਰ ਅਣਮਨੁੱਖੀ ਹੀਲਾ ਵਰਤਿਆ। ਮੁਗਲ ਹਾਕਮਾਂ ਦੀ ਜਬਰੀ ਧਰਮ ਪਰਿਵਰਤਨ ਦੀ ਖੂਨੀ ਨੀਤੀ ਨੇ ਸਮਾਜਿਕ ਇਖਲਾਕ ਨੂੰ ਭਾਰੀ ਸੱਟ ਮਾਰੀ।

ਗੁਰੂ ਗੋਬਿੰਦ ਸਿੰਘ ਜੀ ਨੇ ਮਾਨਵੀ ਬਰਾਬਰੀ ਲਈ ਖ਼ਾਲਸਾ ਪੰਥ ਸਾਜ ਕੇ ਮੁਗਲ ਸਾਮਰਾਜ ਦੇ ਧਾਰਮਿਕ ਅਤੇ ਸਿਆਸੀ ਅਤਿਆਚਾਰ ਵਿਰੁਧ ਸੰਘਰਸ਼ ਕੀਤਾ। ਇਸ ਸਿਆਸੀ ਉਥਲ ਪੁਥਲ ਵਿਚ ਗੁਰੂ ਸਾਹਿਬ ਜੀ ਨੂੰ ਅਨੰਦਪੁਰ ਛੱਡਣਾ ਪਿਆ। ਉਪਰੰਤ ਚਮਕੌਰ ਅਤੇ ਮੁਕਤਸਰ ਦੇ ਜੰਗ ਹੋਏ। ਗੁਰੂ ਸਾਹਿਬ ਜੀ ਤੋਂ ਬਾਅਦ ਡੇਢ ਸਾਲ ਵਿਚ ਹੀ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹਿੰਦ ਫਤਹਿ ਕਰ ਲਿਆ। ਜੂਨ 9,1716 ਨੂੰ ਬਾਬਾ ਜੀ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਤੇ ਜ਼ੁਲਮ ਹੋਰ ਵੀ ਵਧ ਗਏ। ਪਰ ਖਾਲਸੇ ਨੇ ਗੁਰੂ ਗ੍ਰੰਥ ਸਾਹਿਬ ਜੀ ਤੇ ਨਿਸ਼ਚੈ ਰੱਖਿਆ। ਦ੍ਰਿੜ ਇਰਾਦੇ ਅਤੇ ਬਹਾਦਰੀ ਨਾਲ ਸਿੱਖ ਸੰਘ ਸੰਗਠਿਤ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਜੀ ਨੇ 12 ਮਿਸਲਾਂ ਨੂੰ ਇਕੱਠਾ ਕਰਕੇ ਵਿਸ਼ਾਲ ਖ਼ਾਲਸਾ ਰਾਜ ਸਥਾਪਤ ਕਰ ਲਿਆ। ਮਿਸਲ ਸ਼ਹੀਦਾਂ ਦੇ ਬਾਨੀ ਬਾਬਾ ਦੀਪ ਸਿੰਘ ਜੀ ਸਨ। ਇਸ ਮਿਸਲ ਦੇ ਕੋਲ ਸ਼ਾਹਜਾਦਪੁਰ, ਕੇਸਮੀ, ਰਣਖੰਡੀ, ਬੜਥਾ, ਜਮਾਈ-ਸਹਾਰਨਪੁਰ ਦੇ ਇਲਾਕੇ ਸਨ। ਆਪ ਜੀ ਦਾ ਜਨਮ 26 ਜਨਵਰੀ 1682 ਈ. ਪਿੰਡ ਪਹੂਵਿੰਡ ਜ਼ਿਲ੍ਹਾ ਤਰਨ ਤਾਰਨ ਦੇ ਸਾਧਾਰਣ ਪਰਿਵਾਰ ਭਾਈ ਜਗਤੂ ਅਤੇ ਮਾਤਾ ਜਿਊਣੀ ਦੇ ਘਰ ਹੋਇਆ। ਆਪ ਜੀ ਦਾ ਨਾਉਂ ਦੀਪਾ ਰੱਖਿਆ ਗਿਆ। ਜਦੋਂ 18 ਸਾਲ ਦੇ ਸਨ ਤਾਂ ਉਹ ਆਪਣੇ ਮਾਤਾ ਪਿਤਾ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਗਏ ਸਨ। ਕੁਝ ਦਿਨਾਂ ਬਾਅਦ ਉਨ੍ਹਾਂ ਦੇ ਮਾਪੇ ਤਾਂ ਪਿੰਡ ਪਰਤ ਗਏ ਪਰ ਗੁਰੂ ਸਾਹਿਬ ਜੀ ਨੇ ਦੀਪੇ ਨੂੰ ਆਪਣੇ ਕੋਲ ਹੀ ਰੱਖ ਲਿਆ। ਨੌਜਵਾਨ ਦੀਪੇ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤੇ ਨਾਂ ਦੀਪ ਸਿੰਘ ਹੋ ਗਿਆ।

ਉਨ੍ਹਾਂ ਨੇ ਸ਼ਾਸਤਰ ਅਤੇ ਸ਼ਸਤਰ ਵਿਦਿਆ ਵਿਚ ਮਾਨਤਾ ਪ੍ਰਾਪਤ ਕਰ ਲਈ। ਤਦ 22 ਸਾਲ ਦੀ ਉਮਰ ਵਿਚ ਵਿਦਵਾਨ ਭਾਈ ਮਨੀ ਸਿੰਘ ਜੀ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ। ਆਪ ਇਕ ਅਭਿਆਸੀ ਸੰਤ ਸਿਪਾਹੀ ਸਨ। ਗਠੀਲਾ ਸਰੀਰ, ਮਜ਼ਬੂਤ ਇਰਾਦਾ, ਸੂਰਮੇ ਜਿਹਾ ਜਲਾਲ ਅਤੇ ਨਿਪੁੰਨ ਯੋਧੇ, ਵਿਦਵਾਨ ਲਿਖਾਰੀ ਅਤੇ ਕੀਰਤਨੀਏ ਬਣ ਗਏ। ਕੁਝ ਸਮੇਂ ਲਈ ਪਿੰਡ ਪਰਤ ਗਏ ਸਨ। ਉੱਥੇ ਉਨ੍ਹਾਂ ਆਪਣੇ ਇਲਾਕੇ ਵਿਚ ਸਿੱਖ ਧਰਮ ਦਾ ਬੜਾ ਪ੍ਰਚਾਰ ਕੀਤਾ। ਸੰਗਤਾਂ ਵਿਚ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰ-ਪਿਤਾ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤਾ ਤਾਂ ਬਾਬਾ ਦੀਪ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨਾਲ ਸਹਿਯੋਗ ਕੀਤਾ। ਆਪ ਜੀ ਨੇ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਚਾਰ ਤਖਤਾਂ ਨੂੰ ਭੇਜੇ ਸਨ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਦੱਖਣ ਵੱਲ ਵਧਣਾ ਸੀ, ਤਾਂ ਦਮਦਮਾ ਸਾਹਿਬ ਦੀ ਜਿੰਮੇਵਾਰੀ ਬਾਬਾ ਜੀ ਨੂੰ ਸੌਂਪ ਦਿੱਤੀ ਸੀ। ਜੰਗੀ ਜੀਵਨ ਵਿਚ ਬਾਬਾ ਜੀ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਜੰਗਾਂ ਵਿਚ ਹਿੱਸਾ ਲਿਆ ਅਤੇ ਭਰਪੂਰ ਸਾਥ ਦਿੱਤਾ। ਬਾਬਾ ਜੀ ਦੀ ਬਹਾਦਰੀ ਤੋਂ ਦੁਸ਼ਮਣ ਡਰ ਕੇ ਦੌੜ ਜਾਂਦੇ ਸਨ। ਆਪ ਜੀ ਦਾ ਜਥਾ 'ਸ਼ਹੀਦੀ ਜਥਾ' ਵਜੋਂ ਮਸ਼ਹੂਰ ਹੋਇਆ। ਸੰਨ੍ਹ 1738 ਵਿਚ ਜ਼ਕਰੀਆ ਖਾਨ ਨੇ ਅੰਮ੍ਰਿਤਸਰ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਸਿੰਘ ਮਾਲਵੇ ਵਲ ਵਧ ਗਏ। ਇਸ ਤੋਂ ਬਾਅਦ ਹੋਈਆਂ ਝੜਪਾਂ ਵਿਚ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ ਮਾਰਿਆ ਗਿਆ। ਜ਼ਕਰੀਆ ਖਾਨ ਖੁਦ ਮੈਦਾਨ ਵਿਚ ਉਮਰ ਆਇਆ। ਸੈਂਕੜੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਭਾਈ ਮਨਜੀ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਅਗਸਤ 14, 1740 ਨੂੰ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਦਾ ਦੋਸ਼ੀ ਸੀ, ਨੂੰ ਸਬਕ ਸਿਖਾਉਣ ਲਈ ਬੀਕਾਨੇਰ ਤੋਂ ਤੁਰੇ ਤਾਂ ਉਹ ਰਸਤੇ ਵਿਚ ਬਾਬਾ ਜੀ ਕੋਲ ਦਮਦਮਾ ਸਾਹਿਬ ਠਹਿਰੇ ਅਤੇ ਮੱਸੇ ਰੰਗੜ ਦਾ ਸਿਰ ਨੇਜੇ ਤੇ ਟੰਗ ਕੇ ਵਾਪਸੀ ਤੇ ਵੀ ਦਮਦਮਾ ਸਾਹਿਬ ਠਹਿਰੇ ਸਨ।

ਅਹਿਮਦ ਸ਼ਾਹ ਅਬਦਾਲੀ ਨੇ1755-56 ਵਿਚ ਚੌਥੀ ਵਾਰ ਭਾਰਤ ਤੇ ਹਮਲਾ ਕੀਤਾ। ਉਸ ਦੇ ਸੈਨਿਕ ਸੋਨਾ ਚਾਂਦੀ ਅਤੇ ਹੋਰ ਕੀਮਤੀ ਸਾਮਾਨ ਅਤੇ ਹਜ਼ਾਰਾਂ ਔਰਤਾਂ ਵੀ ਲੈ ਤੁਰੇ। ਬਾਬਾ ਜੀ ਦਾ ਜਥਾ ਮਾਰਕੰਡਾ ਨਦੀ ਤੇ ਤਾਇਨਾਤ ਸੀ। ਸਿੰਘਾਂ ਨੇ ਅਬਦਾਲੀ ਦੇ ਸਿਪਾਹੀਆਂ ਤੇ ਹਮਲਾ ਕਰ ਦਿੱਤਾ। ਸਾਰਾ ਸਾਮਾਨ ਲੁੱਟ ਲਿਆ ਅਤੇ ਔਰਤਾਂ ਨੂੰ ਸੁਰੱਖਿਅਤ ਉਨ੍ਹਾਂ ਦੇ ਘਰ ਪਹੁੰਚਾਇਆ।

ਅਬਦਾਲੀ ਨੇ 1757 ਵਿਚ ਜਹਾਨ ਖਾਨ ਨੂੰ ਅੰਮ੍ਰਿਤਸਰ ਦਾ ਹਾਕਮ ਨਿਯੁਕਤ ਕੀਤਾ। ਉਸ ਨੇ ਮਈ 1757 ਵਿਚ ਅੰਮ੍ਰਿਤਸਰ ਨੂੰ ਲੁੱਟਿਆ। ਅੰਮ੍ਰਿਤਸਰ ਦੇ ਮੁਖੀ ਜਮਾਲ ਖਾਂ ਨੇ ਦਰਬਾਰ ਸਾਹਿਬ ਦੀ ਬੇਅਦਬੀ ਅਤੇ ਪਵਿੱਤਰ ਸਰੋਵਰ ਨੂੰ ਵੀ ਪੂਰ ਦਿੱਤਾ। ਉਸ ਨੇ ਰਾਮਰੌਣੀ ਦੇ ਕਿਲੇ ਨੂੰ ਵੀ ਢਾਹ ਦਿੱਤਾ। ਇਸ ਬੇਪਤੀ ਦੀ ਖਬਰ ਬਾਬਾ ਜੀ ਨੇ ਜਥੇਦਾਰ ਭਾਗ ਸਿੰਘ ਜੀ ਤੋਂ ਤਲਵੰਡੀ ਸਾਬੋ ਮਿਲੀ ਤਾਂ ਬਾਬਾ ਜੀ ਨੇ ਰੋਹ ਵਿਚ ਆ ਕੇ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਸਿੰਘਾਂ ਨੂੰ ਕਿਹਾ ਚਲੋ ਹੁਣ ਬੰਦੀ ਛੋੜ ਦਿਵਸ ਅੰਮ੍ਰਿਤਸਰ ਹੀ ਮਨਾਇਆ ਜਾਵੇਗਾ। ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਹੇਠ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਇਕੱਠੇ ਹੋ ਗਏ। ਉਹ ਜਥਾ ਅੰਮ੍ਰਿਤਸਰ ਵਲ ਵਧ ਪਿਆ। ਰਸਤੇ ਵਿਚੋਂ ਜਦੋਂ ਤਰਨ ਤਾਰਨ ਪਹੁੰਚੇ ਤਾਂ ਸਿੰਘਾਂ ਦੀ ਗਿਣਤੀ 5000 ਹੋ ਗਈ। ਬਾਬਾ ਜੀ ਨੇ ਵੰਗਾਰਿਆ ਕਿ ਇਸ ਧਰਮ ਯੁੱਧ ਵਿਚ ਜੋ ਮਰ ਮਿਟਣ ਅਤੇ ਸ਼ਹੀਦ ਹੋਣ ਲਈ ਤਿਆਰ ਹਨ ਤਾਂ ਉਹ ਹੀ ਸਾਡੇ ਨਾਲ ਤੁਰਨ। ਸਾਰੇ ਸਿੰਘ ਬਾਬਾ ਜੀ ਨਾਲ ਤੁਰ ਪਏ।

ਜਹਾਨ ਖਾਂ ਨੇ ਵੀ 20000 ਦੀ ਫੌਜ ਲੈ ਕੇ ਤਰਨ ਤਾਰਨ ਵਲ ਵਧਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਪਿੰਡ ਗੋਹਲਵਾਲ ਜਾ ਕੇ ਬਾਬਾ ਜੀ ਨੇ ਦੁਸ਼ਮਣ ਦੀ ਫੌਜ ਨੂੰ ਲਲਕਾਰਿਆ ਜਿੱਥੇ ਗੁਰਦੁਆਰਾ 'ਲਲਕਾਰ ਸਾਹਿਬ' ਸਥਿਤ ਹੈ। ਜਹਾਨ ਖਾਨ ਨੇ ਵੀ ਅਤਾਈ ਖਾਨ ਨੂੰ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਜਹਾਨ ਖਾਨ ਆਪ ਵੀ ਘੋੜ ਸਵਾਰ ਫੌਜ ਲੈ ਕੇ ਗੋਹਲਵਾਲ ਪਹੁੰਚ ਗਿਆ। ਸਿੰਘਾਂ ਅਤੇ ਅਫ਼ਗਾਨਾਂ ਵਿਚ ਲਹੂ ਡੋਲਵੀਂ ਜੰਗ ਹੋਈ। ਅਫ਼ਗਾਨ ਫੌਜ ਸਿੰਘਾਂ ਦਾ ਸਾਹਮਣਾ ਨਾ ਕਰ ਸਕੀ। ਗਹਿਗੱਚ ਜੰਗ ਹੋਈ। ਸਿੰਘ ਇਕ ਇਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਹੁਣ ਚਰਮ-ਸੀਮਾ ਤੇ ਆ ਕੇ ਹੋਰ ਵੀ ਭਿਅੰਕਰ ਹੋ ਗਈ। ਦੂਰ ਦੂਰ ਤੱਕ ਲਾਸ਼ਾਂ ਦੇ ਢੇਰ ਸਨ। ਇਸ ਸਮੇਂ ਤੱਕ ਯਾਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਮੁਕਾਬਲੇ ਤੇ ਆ ਗਏ। ਸਿੰਘ ਏਨੀ ਬਹਾਦਰੀ ਨਾਲ ਲੜੇ ਕਿ ਦੁਸ਼ਮਣ ਦੀਆਂ ਫੌਜਾਂ ਚਾਰੇ ਪਾਸਿਆਂ ਤੋਂ ਭੱਜਣ ਲੱਗੀਆਂ। ਸਿੰਘ ਅੰਮ੍ਰਿਤਸਰ ਵਲ ਵਧਦੇ ਗਏ। ਬਾਬਾ ਜੀ ਆਪਣਾ 18 ਸੇਰ ਦਾ ਖੰਡਾ (ਦੋਧਾਰੀ ਤਲਵਾਰ) ਖੜਕਾਉਂਦੇ ਰਾਮਸਰ ਕੋਲ ਪਹੁੰਚ ਗਏ। ਉਹ ਵੈਰੀਆਂ ਨੂੰ ਮੁਕਾਉਂਦੇ ਜਾ ਰਹੇ ਸਨ।

ਯਾਕੂਬ ਖਾਂ ਅਤੇ ਬਾਬਾ ਜੀ ਵਿਚਕਾਰ ਫਸਵੀਂ ਟੱਕਰ ਹੋਈ। ਬਾਬਾ ਜੀ ਦੇ ਵਾਰ ਨਾਲ ਯਾਕੂਬ ਖਾਂ ਢੇਰੀ ਹੋ ਗਿਆ। ਤਕ ਅਸਮਾਨ ਖਾਂ ਜੰਗ ਦੇ ਮੈਦਾਨ ਵਿਚ ਆ ਗਿਆ। ਬਾਬਾ ਜੀ ਦੀ ਉਸ ਨਾਲ ਆਹਮੋ-ਸਾਹਮਣੇ ਟੱਕਰ ਹੋ ਗਈ। ਇਕ ਸਾਂਝੇ ਵਾਰ ਵਿਚ ਅਸਮਾਨ ਖਾਂ ਮਾਰਿਆ ਗਿਆ। ਬਾਬਾ ਜੀ ਦੀ ਗਰਦਨ ਤੇ ਡੂੰਘਾ ਫੱਟ ਲੱਗਾ। ਉਨ੍ਹਾਂ ਦੀ ਗਰਦਨ ਲਗਭਗ ਵੱਖ ਹੋਣ ਤੇ ਸੀ। ਬਾਬਾ ਜੀ ਨੇ ਖੱਬੇ ਹੱਥ ਦੀ ਟੇਕ ਨਾਲ ਸੀਸ ਨੂੰ ਸੰਭਾਲਿਆ ਅਤੇ ਸੱਜੇ ਹੱਥ ਨਾਲ ਖੰਡਾ ਖੜਕਾਉਂਦੇ ਲੜਦੇ ਗਏ। ਦੁਸ਼ਮਣਾਂ ਦੇ ਆਹੂ ਲਾਹੁੰਦੇ ਗਏ। ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਤੱਕ ਜਾ ਪਹੁੰਚੇ। ਬਾਬਾ ਜੀ 15 ਨਵੰਬਰ 1757 ਨੂੰ ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਸ਼ਹੀਦੀ ਪਾ ਗਏ।

ਬਾਬਾ ਜੀ ਇਕ ਸੰਜਮੀ ਯੋਧੇ ਸਨ। ਦੁਸ਼ਮਣ ਉਨ੍ਹਾਂ ਦੀ ਬਹਾਦਰੀ ਤੋਂ ਥਰ ਥਰ ਕੰਬਦੇ ਸਨ। ਉਨ੍ਹਾਂ ਨੂੰ ਆਪਣੀ ਬਹਾਦਰੀ ਦਾ ਹੰਕਾਰ ਨਹੀਂ ਸੀ। ਉਹ ਆਪਣੇ ਸਾਥੀ ਸਿੰਘਾਂ ਨਾਲ ਹਰਿਮੰਦਰ ਸਾਹਿਬ ਜੀ ਦੀ ਮਰਯਾਦਾ ਨੂੰ ਬਹਾਲ ਰੱਖਣ ਲਏ ਸ਼ਹੀਦ ਹੋਏ। ਉਹ ਬਹਾਦਰ ਅਤੇ ਦਲੇਰ ਸ਼ਹੀਦ ਵਜੋਂ ਯਾਦ ਕੀਤੇ ਜਾਂਦੇ ਹਨ। ਉਨ੍ਹਾਂ ਨੇ ਕੌਮ ਨੂੰ ਜ਼ੁਲਮ ਦੇ ਵਿਰੁਧ ਲੜਦੇ ਰਹਿਣ ਲਈ ਉਤਸ਼ਾਹਤ ਕੀਤਾ। ਉਨ੍ਹਾਂ ਦਾ ਯਾਦ ਵਿਚ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਾਲੀ ਛੱਤ ਤੇ ਜਿੱਥੇ ਉਨ੍ਹਾਂ ਨੇ ਆਪਣਾ ਸੀਸ ਭੇਟ ਕੀਤਾ, ਗੁਰਦੁਆਰਾ ਸਾਹਿਬ ਹੈ। ਦੂਜਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਸ਼ਹੀਦ ਗੁਰਦੁਆਰਾ ਰਾਮਸਰ ਦੇ ਨੇੜੇ ਜਿੱਥੇ ਦੇਹ ਸਸਕਾਰ ਹੋਇਆ ਸੁਸ਼ੋਭਿਤ ਹੈ। ਬਾਬਾ ਜੀ ਦਾ ਦੋਧਾਰੀ ਖੰਡਾ ਅਕਾਲ ਤਖਤ ਸਾਹਿਬ ਜੀ ਦੇ ਸਸਤਰਾਂ ਵਿਚ ਸੰਭਾਲਿਆ ਪਿਆ ਹੈ। ਹਰ ਰੋਜ਼ ਸ਼ਾਮ ਨੂੰ ਸ਼ਸ਼ਤਰਾਂ ਦੇ ਦਰਸ਼ਨ ਬੜੀ ਸ਼ਰਧਾ ਭਾਵਨਾ ਨਾਲ ਸੰਗਤਾਂ ਨੂੰ ਕਰਵਾਏ ਜਾਂਦੇ ਹਨ।

ਅੰਤਿਕਾ : ਹੇ ਭਾਈ ਜੇ ਤੈਨੂੰ ਪ੍ਰਭੂ ਦੀ ਖੇਡ ਖੇਡਣ ਦਾ ਸ਼ੌਕ ਹੈ ਤਾਂ ਆਪਣਾ ਸਿਰ ਤਲੀ 'ਤੇ ਰੱਖ ਕੇ ਮੇਰੀ ਗਲੀ ਵਿਚ ਆ। ਲੋਕ ਲਾਜ ਨੂੰ ਛੱਡ ਕੇ, ਹਉਮੈ ਦੂਰ ਕਰਕੇ ਆ। ਪ੍ਰਭੂ ਪ੍ਰੀਤ ਦੇ ਇਸ ਰਸਤੇ 'ਤੇ ਤਦੇ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂ ਕੀਤਾ ਜਾਵੇ, ਪਰ ਕੋਈ ਝਿਜਕ ਨਾਂਹ ਕੀਤੀ ਜਾਵੇ। ਜਦੋਂ ਬਿਨਾਂ ਝਿਜਕ ਦੇ ਲੋਕ ਲਾਜ ਅਤੇ ਹਉਮੈ ਛੱਡੀ ਜਾਵੇ। ਅੰਗ-1412

# ਮਹਾਨ ਜਰਨੈਲ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ

ਅਵਤਾਰ ਸਿੰਘ ਆਨੰਦ

ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ 1682 ਨੂੰ ਤਰਨ ਤਾਰਨ ਜ਼ਿਲ੍ਹੇ ਦੇ ਸਰਹੱਦੀ ਪਿੰਡ ਪਹੂਵਿੰਡ ਵਿੱਚ ਮਾਤਾ ਜਿਊਣੀ ਜੀ ਅਤੇ ਪਿਤਾ ਭਗਤਾ ਜੀ ਦੇ ਘਰ ਹੋਇਆ। 1699 ਵਿੱਚ ਜਦੋਂ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਸਿੱਖ ਸੰਗਤ ਨੂੰ ਆਉਣ ਲਈ ਆਖਿਆ ਸੀ ਤਾਂ ਉਸ ਸਮੇਂ ਬਾਬਾ ਦੀਪ ਸਿੰਘ ਜੀ ਆਪਣੇ ਮਾਤਾ-ਪਿਤਾ ਨਾਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਏ ਸਨ। ਉੱਦੋਂ ਹੀ ਉਨ੍ਹਾਂ ਨੇ ਅੰਮ੍ਰਿਤ ਦੀ ਦਾਤ ਹਾਸਲ ਕੀਤੀ। ਕਾਫ਼ੀ ਸਮਾਂ ਉਹ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੀ ਗੁਰੂ ਗੋਬਿੰਦ ਸਿੰਘ ਜੀ ਕੋਲ ਰਹੇ।

ਬਾਬਾ ਦੀਪ ਸਿੰਘ ਜੀ ਨੇ ਭਾਈ ਮਨੀ ਸਿੰਘ ਨਾਲ ਵੀ ਕਾਫੀ ਸਮਾਂ ਗੁਜ਼ਾਰਿਆ। ਇਥੇ ਹੀ ਉਨ੍ਹਾਂ ਨੇ ਗੁਰਮੁਖੀ ਪੜ੍ਹਨੀ ਤੇ ਲਿਖਣੀ ਸਿੱਖੀ। ਨਾਲ ਹੀ ਉਨ੍ਹਾਂ ਸ਼ਸਤਰ ਵਿਦਿਆ ਵੀ ਹਾਸਲ ਕੀਤੀ। ਬਾਬਾ ਜੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦਾ ਆਪਣੇ ਹੱਥਾਂ ਨਾਲ ਉਤਾਰਾ ਕਰ ਕੇ ਵੱਖ-ਵੱਖ ਥਾਵਾਂ 'ਤੇ ਭੇਜਿਆ ਕਰਦੇ। ਬਾਬਾ ਜੀ ਨੇ ਗੁਰੂ ਸਾਹਿਬਾਨ ਦੀ ਬਾਣੀ ਤੇ ਸ਼ਬਦਾਂ ਦੀ ਵਿਆਖਿਆ ਕੀਤੀ।

ਦੋ ਸਾਲ ਆਨੰਦਪੁਰ ਸਾਹਿਬ ਰਹਿ ਕੇ ਉਹ ਆਪਣੇ ਪਿੰਡ ਪਰਤ ਆਏ। ਇਧਰ ਆਨੰਦਪੁਰ ਸਾਹਿਬ ਨੂੰ ਘੇਰਾ ਪੈ ਗਿਆ ਤਾਂ ਗੁਰੂ ਜੀ ਨੇ ਕਿਲ੍ਹਾ ਖਾਲੀ ਕਰ ਦਿੱਤਾ। ਬਾਬਾ ਦੀਪ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੇ ਅਤੇ ਆਨੰਦਪੁਰ ਸਾਹਿਬ ਦੇ ਸਮੇਂ ਨਾਲ ਨਾ ਰਹਿਣ ਦੀ ਮੁਆਫ਼ੀ ਮੰਗੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਗਲ ਨਾਲ ਲਾਇਆ ਅਤੇ ਕਿਹਾ, 'ਆਪ ਦੇ ਹਿੱਸੇ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਅਜੇ ਬਾਕੀ ਹਨ, ਜੋ ਤੁਸੀਂ ਪੂਰੀਆਂ ਕਰਨੀਆਂ ਹਨ।'

ਧੀਰਮੱਲੀਏ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਦੇਣ ਤੋਂ ਮੁੱਕਰ ਗਏ ਤਾਂ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਨੂੰ ਸੇਵਾ ਸੌਂਪ ਕੇ ਬੀੜ ਤਿਆਰ ਕਰਵਾਈ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕੀਤੀ। ਬਾਬਾ ਜੀ ਨੇ ਉਸ ਬੀੜ ਦਾ ਪਾਠ ਸਿੱਖਾਂ ਨੂੰ ਅਰਥਾਂ ਸਮੇਤ ਪੜ੍ਹਾਇਆ। ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਤੋਂ ਦੱਖਣ ਨੂੰ ਜਾਣ ਲੱਗੇ ਤਾਂ ਉਨ੍ਹਾਂ ਨੇ ਭਾਈ ਮਨੀ ਸਿੰਘ ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਸੇਵਾ-ਸੰਭਾਲ ਲਈ ਭੇਜ ਦਿੱਤਾ ਅਤੇ ਬਾਬਾ ਦੀਪ ਸਿੰਘ ਤਲਵੰਡੀ ਸਾਬੋ ਵਿਖੇ ਰਹਿ ਕੇ ਗੁਰਬਾਣੀ ਲਿਖਵਾਉਣ ਅਤੇ ਪੜ੍ਹਾਉਣ ਦੀ ਸੇਵਾ ਕਰਨ ਲੱਗੇ।

1748 ਨੂੰ ਵਿਸਾਖੀ ਵਾਲੇ ਦਿਨ ਦਲ ਖਾਲਸਾ ਦੇ 65 ਜਥਿਆਂ ਨੂੰ 12 ਮਿਸਲਾਂ ਵਿਚ ਪੁਨਰਗਠਿਤ ਕੀਤਾ ਗਿਆ ਤੇ ਉਨ੍ਹਾਂ 12 ਮਿਸਲਾਂ 'ਚੋਂ ਬਾਬਾ ਦੀਪ ਸਿੰਘ ਜੀ ਨੂੰ 'ਸ਼ਹੀਦ ਮਿਸਲ' ਦਾ ਮੁਖੀ ਥਾਪਿਆ ਗਿਆ। ਇਸ ਤੋਂ ਪਹਿਲਾਂ ਜਦੋਂ 1746 ਈਸਵੀ ਵਿੱਚ ਯਹੀਆ ਖਾਨ ਨੇ ਦੀਵਾਨ ਲਖਪਤ ਰਾਏ ਦੀ ਅਗਵਾਈ ਵਿੱਚ ਸਿੱਖਾਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਸੀ ਤਾਂ ਉਹ ਉਸ ਸਮੇਂ ਆਪਣੀ ਫੌਜੀ ਟੁਕੜੀ ਲੈ ਕੇ ਤਲਵੰਡੀ ਸਾਬੋ ਅਤੇ ਕਾਨੂਵਾਲ ਦੇ ਜੰਗਲਾਂ ਵਿੱਚ ਲੜਨ ਲਈ ਪਹੁੰਚੇ ਸਨ। ਇਸ ਲੜਾਈ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ।

1756 ਈਸਵੀ ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ 'ਤੇ ਚੌਥਾ ਹਮਲਾ ਕੀਤਾ। ਜਦੋਂ ਉਹ ਇੱਥੇ ਲੁੱਟ ਕਰ ਕੇ ਕਾਬਲ ਪਰਤ ਰਿਹਾ ਸੀ ਤਾਂ ਬਾਬਾ ਦੀਪ ਸਿੰਘ ਦੀ 'ਸ਼ਹੀਦ ਮਿਸਲ' ਨੇ ਕੁਰੂਕਸ਼ੇਤਰ ਦੇ ਕੋਲ ਪਿਪਲੀ ਅਤੇ ਮਾਰਕੰਡੇ ਦੇ ਦਰਿਆ ਤੋਂ ਲਗਭਗ ਤਿੰਨ ਸੌ ਔਰਤਾਂ ਦੇ ਨਾਲ ਨਾਲ ਬਹੁਤ ਸਾਰਾ ਕੀਮਤੀ ਸਮਾਨ ਵਾਪਸ ਕਰਵਾਇਆ। ਇਸ ਦਾ ਬਦਲਾ ਲੈਣ ਲਈ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕਰ ਕੇ ਸਿੱਖਾਂ ਨੂੰ ਖ਼ਤਮ ਕਰਨ ਅਤੇ ਗੁਰਦੁਆਰਿਆਂ ਨੂੰ ਢਾਹੁਣ ਦਾ ਕੰਮ ਸ਼ੁਰੂ ਕਰ ਦਿੱਤਾ। ਇਸ ਬਾਰੇ ਪਤਾ ਲੱਗਣ 'ਤੇ ਬਾਬਾ ਦੀਪ ਸਿੰਘ ਨੇ ਤੈਮੂਰ ਸ਼ਾਹ ਨਾਲ ਦੋ ਹੱਥ ਕਰਨ ਦਾ ਫ਼ੈਸਲਾ ਕਰ ਲਿਆ।

ਬਾਬਾ ਜੀ ਦਮਦਮਾ ਸਾਹਿਬ ਤੋਂ 500 ਸਿੰਘਾਂ ਦਾ ਜਥਾ ਲੈ ਕੇ ਅੰਮ੍ਰਿਤਸਰ ਸਾਹਿਬ ਵੱਲ ਤੁਰ ਪਏ। ਅੰਮ੍ਰਿਤਸਰ ਤਕ ਆਉਂਦਿਆਂ ਇਹ ਜਥਾ ਪੰਜ ਹਜ਼ਾਰ ਸਿੰਘਾਂ ਦਾ ਹੋ ਗਿਆ। ਤਰਨ ਤਾਰਨ ਤੋਂ ਥੋੜ੍ਹੀ ਦੂਰ ਆ ਕੇ ਉਨ੍ਹਾਂ ਆਪਣੀ ਤਲਵਾਰ ਨਾਲ ਜ਼ਮੀਨ 'ਤੇ ਲਕੀਰ ਖਿੱਚੀ ਅਤੇ ਕਿਹਾ ਕਿ ਜਿਹੜੇ ਸਿੰਘ ਕੁਰਬਾਨੀਆਂ ਲਈ ਤਿਆਰ ਹਨ, ਉਹ ਇਹ ਲਕੀਰ ਟੱਪ ਕੇ ਉਨ੍ਹਾਂ ਵੱਲ ਆ ਜਾਣ ਅਤੇ ਜਿਨ੍ਹਾਂ ਨੇ ਘਰ ਜਾਣਾ ਹੈ, ਉਹ ਦੂਜੇ ਪਾਸੇ ਹੀ ਰਹਿਣ। ਇਸ ਦੌਰਾਨ ਕਾਫੀ ਸਿੰਘ ਬਾਬਾ ਜੀ ਨਾਲ ਤੁਰੇ।

ਲਾਹੌਰ ਦਰਬਾਰ ਵਿੱਚ ਜਦੋਂ ਪਤਾ ਲੱਗਾ ਤਾਂ ਜਹਾਨ ਖਾਨ ਨੇ ਘਬਰਾ ਕੇ ਇਸ ਲੜਾਈ ਨੂੰ 'ਇਸਲਾਮ ਖਤਰੇ ਵਿੱਚ ਹੈ' ਕਹਿ ਕੇ 20 ਹਜ਼ਾਰ ਫ਼ੌਜੀਆਂ ਨਾਲ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਸਿੰਘ ਇਸ ਵੇਲੇ ਆਰ-ਪਾਰ ਦੀ ਲੜਾਈ ਲਈ ਤੁਲੇ ਹੋਏ ਸਨ। ਬਾਬਾ ਦੀਪ ਸਿੰਘ ਅਤੇ ਬਾਕੀ ਸਿੱਖ ਅਜਿਹੀ ਬਹਾਦਰੀ ਨਾਲ ਜੰਗ ਦੇ ਮੈਦਾਨ ਵਿੱਚ ਨਿੱਤਰੇ ਕਿ ਜਹਾਨ ਖਾਨ ਦੀ ਫੌਜ ਵਿੱਚ ਭਾਜੜ ਮਚ ਗਈ। ਦੂਜੇ ਪਾਸੇ ਜਹਾਨ ਖਾਨ ਦਾ ਨਾਇਬ ਫ਼ੌਜੀ ਜਮਾਲ ਸ਼ਾਹ ਅੱਗੇ ਵਧਿਆ ਅਤੇ ਬਾਬਾ ਜੀ ਨੂੰ ਲਲਕਾਰਨ ਲਗਾ। ਦੋਹਾਂ ਵਿੱਚ ਘਮਾਸਾਨ ਲੜਾਈ ਹੋਈ। ਉਸ ਸਮੇਂ ਬਾਬਾ ਦੀਪ ਸਿੰਘ ਜੀ ਦੀ ਉਮਰ 75 ਸਾਲ ਦੀ ਸੀ, ਜਦੋਂ ਕਿ ਜਮਾਲ ਸ਼ਾਹ ਦੀ ਉਮਰ ਲਗਭਗ 40 ਸਾਲ ਸੀ। ਬਾਬਾ ਜੀ ਨੇ ਪੈਂਤਰਾ ਬਦਲ ਕੇ ਇੱਕ ਖੰਡੇ ਦਾ ਵਾਰ ਜਮਾਲ ਸ਼ਾਹ ਦੀ ਗਰਦਨ 'ਤੇ ਕੀਤਾ ਪਰ ਇਸ ਦੌਰਾਨ ਜਮਾਲ ਸ਼ਾਹ ਨੇ ਬਾਬਾ ਜੀ 'ਤੇ ਵੀ ਪੂਰੇ ਜੋਸ਼ ਨਾਲ ਤਲਵਾਰ ਦਾ ਵਾਰ ਕਰ ਦਿੱਤਾ, ਜਿਸ ਕਾਰਨ ਦੋਹਾਂ ਦੀਆਂ ਗਰਦਨਾਂ ਇੱਕੋ ਵੇਲੇ ਜ਼ਮੀਨ 'ਤੇ ਡਿੱਗ ਪਈਆਂ। ਉਦੋਂ ਕੋਲ ਖੜ੍ਹੇ ਬਾਬਾ ਦਿਆਲ ਸਿੰਘ ਨੇ ਬਾਬਾ ਜੀ ਨੂੰ ਕਿਹਾ, 'ਖਾਲਸਾ ਜੀ ਤੁਸੀਂ ਤਾਂ ਕਿਹਾ ਸੀ ਕਿ ਮੈਂ ਆਪਣਾ ਸਿਰ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਭੇਟ ਕਰਾਂਗਾ। ਤੁਸੀ ਤਾਂ ਇੱਥੇ ਰਸਤੇ ਵਿੱਚ ਸਰੀਰ ਤਿਆਗ ਰਹੇ ਹੋ?' ਉਸੇ ਵੇਲੇ ਬਾਬਾ ਜੀ ਉਠ ਖੜ੍ਹੇ ਹੋਏ ਅਤੇ ਆਪਣਾ ਖੰਡਾ ਅਤੇ ਕੱਟਿਆ ਹੋਇਆ ਸੀਸ ਹਥੇਲੀ 'ਤੇ ਚੁੱਕ ਕੇ ਦਰਬਾਰ ਸਾਹਿਬ ਵੱਲ ਚਾਲੇ ਪਾ ਦਿੱਤੇ। ਇਸ ਢੰਗ ਨਾਲ ਰਣਭੂਮੀ ਵਿੱਚ ਜੂਝਦੇ ਹੋਏ ਵੇਖ ਕੇ ਦੁਸ਼ਮਣ ਫ਼ੌਜਾਂ ਵਿੱਚ ਭਗਦੜ ਮਚ ਗਈ।

ਆਪਣੇ ਦੋਧਾਰੀ 18 ਸੇਰ ਦੇ ਖੰਡੇ ਨਾਲ ਦੁਸ਼ਮਣ ਫੌਜ ਨਾਲ ਲੜਦੇ ਹੋਏ ਬਾਬਾ ਜੀ ਅੰਤ ਦਰਬਾਰ ਸਾਹਿਬ ਪਹੁੰਚ ਗਏ। ਪਰਿਕਰਮਾ ਵਿੱਚ ਜਾ ਕੇ ਗੁਰੂਘਰ ਨੂੰ ਨਮਸਕਾਰ ਕੀਤਾ ਅਤੇ ਉਥੇ ਹੀ ਉਹ 13 ਨਵੰਬਰ 1757 ਨੂੰ ਸ਼ਹੀਦੀ ਪ੍ਰਾਪਤ ਕਰ ਗਏ।




# ਅੱਲ੍ਹੜ ਬੱਚਿਆਂ 'ਚ ਵਧ ਰਹੀ ਹਿੰਸਕ ਪ੍ਰਵਿਰਤੀ



ਵਰਿੰਦਰ ਸ਼ਰਮਾ

ਬਦਲਾਅ ਦੇ ਅਜੋਕੇ ਦੌਰ ਵਿੱਚ ਛੋਟੇ-ਛੋਟੇ ਬੱਚੇ ਆਪਣੇ ਮਾਪਿਆਂ ਦੇ ਕਹਿਣੇ 'ਚ ਨਹੀਂ ਹਨ। ਇਹ ਛੋਟੀ ਉਮਰ ਦੇ ਬੱਚੇ ਆਪਣੀ 13-14 ਸਾਲ ਦੀ ਉਮਰ 'ਚ ਪਹੁੰਚਦੇ ਹੋਏ ਆਪਣੇ ਭਵਿੱਖ ਨੂੰ ਸੰਵਾਰਨ ਦੀ ਬਜਾਏ ਆਪਣੀ ਸਕੂਲੀ ਉਮਰ 'ਚ ਹੀ ਹਿੰਸਕ ਗਤੀਵਿਧੀਆਂ 'ਚ ਸ਼ਾਮਲ ਹੋ ਰਹੇ ਹਨ। ਦੇਸ਼ ਭਰ ਦੇ ਵਿਦਿਅਕ ਅਦਾਰਿਆਂ 'ਚ ਵਿਦਿਆਰਥੀਆਂ ਦਰਮਿਆਨ ਖ਼ੂਨੀ ਝੜਪਾਂ ਦੀਆਂ ਨਿੱਤ ਆਉਂਦੀਆਂ ਖ਼ਬਰਾਂ ਸਾਡੇ ਲਈ ਚਿਤਾਵਨੀ ਹਨ ਅਤੇ ਅਜਿਹੀਆਂ ਭਿਆਨਕ ਘਟਨਾਵਾਂ ਅਧਿਆਪਕਾਂ ਅਤੇ ਮਾਪਿਆਂ ਲਈ ਵੱਡੀ ਚਿੰਤਾ ਦਾ ਵਿਸ਼ਾ ਵੀ ਹਨ।

ਦਰਅਸਲ, ਇਹ ਗੱਲ ਸਮਝ ਤੋਂ ਪਰੇ ਹੈ ਕਿ ਬਚਪਨ ਹਿੰਸਕ ਕਿਉਂ ਹੁੰਦਾ ਜਾ ਰਿਹਾ ਹੈ ? ਇਹ ਦੇਖਿਆ ਗਿਆ ਹੈ ਕਿ ਖੇਡਣ ਅਤੇ ਖਾਣ-ਪੀਣ ਦੀ ਉਮਰ 'ਚ ਮਾਸੂਮ ਬੱਚਿਆਂ ਦੇ ਵਿਵਹਾਰ 'ਚ ਹਮਲਾਵਰਤਾ ਸਮੁੱਚੇ ਸਮਾਜ ਲਈ ਘਾਤਕ ਸਾਬਤ ਹੋ ਰਹੀ ਹੈ ਕਿਉਂਕਿ ਇਹ ਅੱਲ੍ਹੜ ਦੇਸ਼ ਦਾ ਭਵਿੱਖ ਅਤੇ ਕੱਲ੍ਹ ਦੇ ਨਾਗਰਿਕ ਵੀ ਹਨ। ਇਸ ਲਈ ਸਾਡਾ ਸਾਰਿਆਂ ਦਾ ਨੈਤਿਕ ਫਰਜ਼ ਬਣਦਾ ਹੈ ਕਿ ਅਸੀਂ ਇਨ੍ਹਾਂ ਨੂੰ ਸਮੇਂ ਸਿਰ ਸਹੀ ਸੇਧ ਦੇਈਏ।

ਬਿਨਾਂ ਸ਼ੱਕ ਬੱਚਿਆਂ ਦਾ ਮਨ ਕੋਰੀ ਸਲੇਟ ਵਾਂਗ ਹੁੰਦਾ ਹੈ। ਤੁਸੀਂ ਉਸ ਨੂੰ ਜਿਸ ਵੀ ਸਾਂਚੇ 'ਚ ਢਾਲੋਗੇ ਉਹ ਆਪਣੇ ਆਪ ਨੂੰ ਉਸ ਸਾਂਚੇ 'ਚ ਢਾਲ ਲਵੇਗਾ। ਇੱਕ ਗੱਲ ਹੋਰ, ਕੀ ਇਸ ਤੇਜ਼ ਰਫ਼ਤਾਰ ਜ਼ਿੰਦਗੀ 'ਚ ਇਨ੍ਹਾਂ ਨੂੰ ਸੰਭਾਲਣ ਲਈ ਕਿਸੇ ਕੋਲ ਸਮਾਂ ਹੈ ? ਮਾਪੇ ਵੀ ਬੇਵੱਸ ਹਨ। ਜੇਕਰ ਮਾਪੇ ਨੌਕਰੀ ਕਰਦੇ ਹਨ ਤਾਂ ਬੱਚਿਆਂ ਨੂੰ ਕੰਮ ਵਾਲੀ ਦੇ ਹਵਾਲੇ ਕਰਨ 'ਤੇ ਬੱਚਿਆਂ ਦਾ ਪਾਲਣ ਪੋਸ਼ਣ ਸਹੀ ਢੰਗ ਨਾਲ ਨਹੀਂ ਹੁੰਦਾ। ਮਾਪਿਆਂ ਦੇ ਪਿਆਰ ਤੋਂ ਵਾਂਝੇ ਰਹਿ ਜਾਣ ਕਾਰਨ ਉਨ੍ਹਾਂ ਦੇ ਵਿਵਹਾਰ 'ਚ ਚਿੜਚਿੜਾਪਣ ਆ ਜਾਂਦਾ ਹੈ। ਇਸ ਤੋਂ ਇਲਾਵਾ ਅੱਜਕੱਲ੍ਹ ਛੋਟੇ ਬੱਚਿਆਂ ਦੇ ਕੋਮਲ ਹੱਥਾਂ 'ਚ ਮੋਬਾਈਲ ਫੋਨ ਆ ਗਏ ਹਨ। ਬਚਪਨ, ਕਿਸ਼ੋਰ ਅਵਸਥਾ ਤੋਂ ਲੈ ਕੇ ਜਵਾਨੀ ਤੱਕ ਅੱਪੜਦੇ ਇਹ ਬੱਚੇ ਮੋਬਾਈਲ ਫੋਨ ਦੇ ਇੰਨੇ ਆਦੀ ਹੋ ਜਾਂਦੇ ਹਨ ਕਿ ਫਿਰ ਇਨ੍ਹਾਂ ਦਾ ਪਿੱਛੇ ਮੁੜਨਾ ਅਸੰਭਵ ਹੋ ਜਾਂਦਾ ਹੈ। ਜਦੋਂ ਵੀ ਉਨ੍ਹਾਂ ਨੂੰ ਫੋਨ ਵਾਪਸ ਕਰਨ ਲਈ ਕਿਹਾ ਜਾਂਦਾ ਹੈ ਤਾਂ ਉਹ ਧਮਕੀਆਂ ਦਿੰਦੇ ਹਨ ਅਤੇ ਉਨ੍ਹਾਂ ਦਾ ਸੁਭਾਅ ਬੇਹੱਦ ਹਿੰਸਕ ਹੋ ਜਾਂਦਾ ਹੈ।

ਸੁੰਦਰ-ਸੁੰਦਰ ਛੋਟੀਆਂ ਕਵਿਤਾਵਾਂ/ਕਹਾਣੀਆਂ ਵੇਖਦੇ ਹੋਏ ਇਹ ਬੱਚੇ ਹਿੰਸਕ ਫਿਲਮਾਂ/ਸੀਰੀਅਲਾਂ ਅਤੇ ਖਿਡੌਣਿਆਂ ਦੇ ਵੀਡੀਓ ਵੇਖਣ ਲੱਗ ਜਾਂਦੇ ਹਨ। ਬਸ ਇੱਥੇ ਹੀ ਬੱਚਿਆਂ ਦਾ ਹਿੰਸਾ ਵੱਲ ਝੁਕਾਅ ਪੈਦਾ ਹੋ ਜਾਂਦਾ ਹੈ। ਇਸੇ ਕਰਕੇ ਅੱਜ ਦੀ ਨਵੀਂ ਪੀੜ੍ਹੀ ਦਾ ਹਥਿਆਰਾਂ ਨਾਲ ਮੋਹ ਪੈਦਾ ਹੋਣਾ ਸੁਭਾਵਿਕ ਹੀ ਹੈ। ਉਹ ਹੱਥਾਂ 'ਚ ਹਥਿਆਰ ਫੜਨ ਨੂੰ ਆਪਣੀ ਸ਼ਾਨ ਸਮਝਦੇ ਹਨ। ਉਹ ਛੋਟੀਆਂ-ਛੋਟੀਆਂ ਗੱਲਾਂ 'ਤੇ ਇੱਕ ਦੂਜੇ ਨਾਲ ਝਗੜਾ ਕਰਨ 'ਚ ਆਪਣਾ ਕੀਮਤੀ ਸਮਾਂ ਬਰਬਾਦ ਕਰਦੇ ਰਹਿੰਦੇ ਹਨ। ਇਹ ਬੱਚੇ ਆਪਣੇ ਤੋਂ ਵੱਡੇ ਮੁੰਡਿਆਂ ਨਾਲ ਰਲ ਸਮੂਹਾਂ 'ਚ ਵੰਡ ਇੱਕ ਦੂਜੇ ਨੂੰ ਲੜਨ ਲਈ ਚੁਣੌਤੀ ਵੀ ਦਿੰਦੇ ਹਨ। ਇਸੇ ਕਾਰਨ ਵਿਦਿਅਕ ਅਦਾਰਿਆਂ 'ਚ ਰੋਜ਼ਾਨਾ ਹਿੰਸਕ ਦ੍ਰਿਸ਼ ਵੇਖੇ ਜਾ ਸਕਦੇ ਹਨ। ਅਜਿਹਾ ਲੱਗਦਾ ਹੈ ਕਿ ਅੱਲ੍ਹੜ ਆਪਣੇ ਮਾਪਿਆਂ, ਸਰਪ੍ਰਸਤਾਂ ਅਤੇ ਸਮਾਜ ਤੋਂ ਚੰਗੀਆਂ ਕਦਰਾਂ-ਕੀਮਤਾਂ ਨਹੀਂ ਸਿੱਖਦੇ। ਇਸ 'ਚ ਦੋਸ਼ੀ ਕੌਣ ਹੈ ? ਇਹ ਸੋਚਣ ਵਾਲੀ ਗੱਲ ਹੈ। ਅੱਜ ਦੇ ਇਹ ਅੱਲ੍ਹੜ ਵੀ ਨੌਜਵਾਨਾਂ ਵਾਂਗ ਆਪਣੀ ਵੱਖਰੀ ਕਾਲਪਨਿਕ ਦੁਨੀਆ 'ਚ ਰਹਿਣਾ ਪਸੰਦ ਕਰਦੇ ਹਨ। ਇਹ ਆਪ ਤੋਂ ਵੱਡੇ ਨੌਜਵਾਨਾਂ ਦੀ ਰੀਸ ਕਰਦੇ ਹਨ। ਇੱਥੋਂ ਹੀ ਸਾਨੂੰ ਅੱਲ੍ਹੜਾਂ ਦੇ ਹਮਲਾਵਰ ਰਵੱਈਏ ਦਾ ਅੰਦਾਜ਼ਾ ਲੱਗਣ ਲੱਗ ਪੈਂਦਾ ਹੈ।

ਅੱਲ੍ਹੜਾਂ ਦੀ ਹਮਲਾਵਰ ਮਾਨਸਿਕਤਾ ਨੂੰ ਠੱਲ੍ਹ ਪਾਉਣ ਲਈ ਤੁਰੰਤ ਕਦਮ ਚੁੱਕਣਾ ਸਮੇਂ ਦੀ ਮੁੱਖ ਲੋੜ ਹੈ। ਅਧਿਆਪਕਾਂ, ਮਾਪਿਆਂ ਅਤੇ ਸਮਾਜ ਨੂੰ ਇਸ ਬੇਹੱਦ ਸੰਵੇਦਨਸ਼ੀਲ ਵਿਸ਼ੇ 'ਤੇ ਵਿਚਾਰ ਕਰਨਾ ਹੋਵੇਗਾ। ਅਜਿਹੇ ਬੇਹੱਦ ਨਾਜ਼ੁਕ ਹਾਲਤ ਕਿਉਂ ਬਣਦੇ ਜਾ ਰਹੇ ਹਨ ? ਸੋਚੋ, ਥੋੜ੍ਹਾ-ਬਹੁਤ ਵਿਚਾਰ ਕਰੋ ਕਿ ਇਹ ਅੱਲ੍ਹੜ ਇੰਨੀ ਛੋਟੀ ਉਮਰ 'ਚ ਕਿਹੜੀਆਂ ਮਾਨਸਿਕ ਸਥਿਤੀਆਂ 'ਚੋਂ ਗੁਜ਼ਰ ਰਹੇ ਹਨ ਅਤੇ ਕਿਉਂ ਆਤਮਹੱਤਿਆ ਜਿਹੇ ਘਾਤਕ ਕਦਮ ਚੁੱਕ ਰਹੇ ਹਨ। ਗੌਰਤਲਬ ਹੈ ਕਿ ਆਧੁਨਿਕ ਮੋਬਾਈਲ ਫੋਨ ਦੇ ਯੁੱਗ 'ਚ ਇੰਟਰਨੈੱਟ ਦੀ ਬੇਲਗਾਮ ਵਰਤੋਂ ਉਨ੍ਹਾਂ ਦੇ ਵਿਵਹਾਰ 'ਚ ਅਚਾਨਕ ਤਬਦੀਲੀ ਲਿਆ ਰਹੀ ਹੈ। ਵੱਖ-ਵੱਖ ਆਨਲਾਈਨ ਗੇਮਾਂ ਨੇ ਬੱਚਿਆਂ ਦੇ ਬਚਪਨ ਨੂੰ ਪ੍ਰਭਾਵਿਤ ਕੀਤਾ ਹੈ। ਸਾਨੂੰ ਇਸ ਗੱਲ ਦਾ ਅਹਿਸਾਸ ਵੀ ਨਹੀਂ ਹੁੰਦਾ ਕਿ ਛੋਟੇ ਬੱਚੇ ਬਚਪਨ ਦੀਆਂ ਕਵਿਤਾਵਾਂ/ਕਹਾਣੀਆਂ ਦਾ ਆਨੰਦ ਲੈਂਦੇ ਹੋਏ, ਹਿੰਸਕ ਵੀਡੀਓਜ਼ ਵਿੱਚ ਕਦੋਂ ਉਲਝ ਜਾਂਦੇ ਹਨ! ਜੇਕਰ ਅਸੀਂ ਸੱਚ ਮੰਨੀਏ ਤਾਂ ਇਹ ਹਿੰਸਕ ਵੀਡੀਓਜ਼ ਅੱਲ੍ਹੜਾਂ 'ਤੇ ਮਾੜਾ ਪ੍ਰਭਾਵ ਪਾ ਰਹੇ ਹਨ। ਇਸ ਕਾਰਨ ਉਹ ਬੇਹੱਦ ਹਿੰਸਕ, ਅਸਹਿਣਸ਼ੀਲ, ਅਨੁਸ਼ਾਸਨਹੀਣ ਅਤੇ ਗੁੱਸੇ ਵਾਲੇ ਹੁੰਦੇ ਜਾ ਰਹੇ ਹਨ। ਉਹ ਅੱਲ੍ਹੜ ਉਮਰ 'ਚ ਹੀ ਆਪਣੇ ਰਸਤੇ ਤੋਂ ਭਟਕ ਜਾਂਦੇ ਹਨ ਅਤੇ ਅਸਮਾਜਿਕ ਅਨਸਰਾਂ ਦੇ ਨਕਸ਼ੇ-ਕਦਮਾਂ 'ਤੇ ਚੱਲਣ ਅਤੇ ਗ਼ਲਤ ਰਸਤੇ 'ਤੇ ਜਾਣ ਲਈ ਭਰਮ ਜਾਂਦੇ ਹਨ। ਉਨ੍ਹਾਂ ਦੀਆਂ ਇਹ ਗ਼ਲਤ ਹਰਕਤਾਂ ਉਨ੍ਹਾਂ ਦੇ ਆਪਣੇ ਜੀਵਨ ਅਤੇ ਸਮੂਹ ਸਮਾਜ ਲਈ ਕੋਈ ਸ਼ੁੱਭ ਸੰਕੇਤ ਨਹੀਂ ਹਨ। ਜੇਕਰ ਅਸੀਂ ਇਸ 'ਤੇ ਵਿਚਾਰ ਕਰੀਏ ਤਾਂ ਇਹ ਸਾਡੇ ਸਾਰਿਆਂ ਅੱਗੇ ਬਹੁਤ ਗੰਭੀਰ ਸਮੱਸਿਆ ਆ ਖੜ੍ਹੀ ਹੋਈ ਹੈ। ਅਜਿਹੀ ਸੰਕਟਮਈ ਸਥਿਤੀ 'ਚ ਸਾਨੂੰ ਅੱਲ੍ਹੜਾਂ ਦੀ ਸਥਿਤੀ ਨੂੰ ਸਮਝਦੇ ਹੋਏ ਆਪਣੇ ਆਪ ਹੀ ਅੱਗੇ ਆਉਣਾ ਪਵੇਗਾ। ਇਹ ਯਕੀਨੀ ਤੌਰ 'ਤੇ ਸਮੁੱਚੇ ਸਮਾਜ ਲਈ ਬਿਹਤਰ ਹੋਵੇਗਾ ਅਤੇ ਬਚਪਨ ਵੀ ਆਪਣੀ ਮਾਸੂਮੀਅਤ 'ਤੇ ਨਾਜ਼ ਕਰ ਸਕੇਗਾ। ਅੱਲ੍ਹੜਾਂ ਦੇ ਵਿਵਹਾਰ 'ਚ ਵਧਦਾ ਹਮਲਾਵਰ ਰਵੱਈਆ ਸਾਡੇ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਆਖਰ ਇਨ੍ਹਾਂ ਬੱਚਿਆਂ ਨੂੰ ਸਹੀ ਰਸਤੇ 'ਤੇ ਲਿਆਉਣ ਲਈ ਵਿਦਿਅਕ ਸੰਸਥਾਵਾਂ, ਪ੍ਰਸ਼ਾਸਨ, ਅਧਿਆਪਕਾਂ ਅਤੇ ਮਾਪਿਆਂ ਨੂੰ ਇਸ ਸਮੱਸਿਆ ਦੇ ਹੱਲ ਲਈ ਜਲਦੀ ਅੱਗੇ ਆਉਣਾ ਚਾਹੀਦਾ ਹੈ।

# ਵਿਦਿਆਰਥੀ ਜੀਵਨ 'ਚ ਸਟੇਜ 'ਤੇ ਬੋਲਣ ਨਾਲ ਵੱਧਦਾ ਹੈ ਆਤਮ-ਵਿਸ਼ਵਾਸ

ਮਨਦੀਪ ਸਿੰਘ ਘਈ



ਅੱਜ ਦੇ ਸਮੇਂ 'ਚ ਮਨੁੱਖ ਭਾਵੇਂ ਆਧੁਨਿਕ ਸਹੂਲਤਾਂ ਨਾਲ ਲੈਸ ਹੈ ਪਰ ਆਪਣੇ ਵਿਚਾਰਾਂ ਨੂੰ ਸੁਚੱਜੇ ਤੇ ਦੂਜਿਆਂ ਨੂੰ ਪ੍ਰਭਾਵਿਤ ਕਰਨ ਦੇ ਢੰਗ ਨਾਲ ਪ੍ਰਗਟ ਕਰਨ ਦਾ ਜੋ ਗੁਰ ਹੈ, ਉਹ ਕਿਸੇ ਵਿਅਕਤੀ ਨੂੰ ਆਪ-ਮੁਹਾਰੇ ਪ੍ਰਾਪਤ ਨਹੀਂ ਹੁੰਦਾ। ਦੂਜਿਆਂ ਸਾਹਮਣੇ ਵਿਚਾਰ ਪ੍ਰਗਟ ਕਰਨ ਦਾ ਇਹ ਗੁਰ ਸਿੱਖ ਕੇ ਤੇ ਰੋਜ਼ਾਨਾ ਜੀਵਨ ਵਿੱਚ ਇਸ ਦੀ ਵਰਤੋਂ ਕਰ ਕੇ ਹੀ ਪ੍ਰਾਪਤ ਹੁੰਦਾ ਹੈ। ਤਕਨਾਲੋਜੀ ਦੀ ਸਹਾਇਤਾ ਨਾਲ ਅਸੀਂ ਆਪਣੇ ਕਿਸੇ ਵੀ ਗੁਣ ਨੂੰ ਨਿਖ਼ਾਰ ਸਕਦੇ ਹਾਂ ਪਰ ਪੈਦਾ ਨਹੀਂ ਕਰ ਸਕਦੇ। ਆਪਣੇ ਵਿਚਾਰ ਦੂਜਿਆਂ ਸਾਹਮਣੇ ਰੱਖਣ ਲਈ ਵਿਦਿਆਰਥੀਆਂ ਨੂੰ ਬਹੁਤ ਸਾਰੇ ਮੌਕੇ ਸਕੂਲ-ਕਾਲਜ ਅਤੇ ਹੋਰ ਉੱਚ ਪੱਧਰੀ ਵਿੱਦਿਅਕ ਅਦਾਰਿਆਂ ਦੀਆਂ ਸਟੇਜਾਂ 'ਤੇ ਪ੍ਰਾਪਤ ਹੁੰਦੇ ਹਨ, ਜਿੱਥੇ ਉਹ ਆਪਣੇ ਬੋਲਣ ਦੇ ਗੁਣ ਨੂੰ ਸਿੱਖ ਵੀ ਸਕਦੇ ਹਨ ਅਤੇ ਇਸ ਦੀ ਰੋਜ਼ਾਨਾ ਵਰਤੋਂ ਕਰ ਕੇ ਨਿਖ਼ਾਰ ਵੀ ਸਕਦੇ ਹਨ।

ਵਿਦਿਆਰਥੀ ਜੀਵਨ 'ਚ ਬਹੁਤ ਵਾਰ ਅਜਿਹਾ ਹੁੰਦਾ ਕਿ ਅਧਿਆਪਕ ਜਾਂ ਕੋਈ ਅਧਿਕਾਰੀ ਵਿਦਿਆਰਥੀ ਤੋਂ ਕੋਈ ਸਵਾਲ ਪੁੱਛਦਾ ਹੈ ਤਾਂ ਵਿਦਿਆਰਥੀ ਨੂੰ ਜਵਾਬ ਪਤਾ ਹੋਣ ਦੇ ਬਾਵਜੂਦ ਜਵਾਬ ਨਹੀਂ ਦਿੰਦਾ ਕਿਉਂਕਿ ਉਹ ਅਧਿਆਪਕ ਤੇ ਸਹਿਪਾਠੀਆਂ ਸਾਹਮਣੇ ਬੋਲਣ ਤੋਂ ਝਿਜਕ ਜਾਂਦਾ ਹੈ, ਜਿਸ ਕਰਕੇ ਉਸ ਨੂੰ ਜਵਾਬ ਪਤਾ ਹੋਣ ਦੇ ਬਾਵਜੂਦ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਵਿਦਿਆਰਥੀਆਂ ਦੇ ਮਨਾਂ ਵਿੱਚੋਂ ਇਹ ਝਿਜਕ ਜਾਂ ਡਰ ਕੱਢਣ ਦੀ ਲੋੜ ਹੈ ਕਿ ਉਹ ਲੋਕਾਂ ਸਾਹਮਣੇ ਆਪਣੇ ਵਿਚਾਰ ਸਹੀ ਤਰੀਕੇ ਨਾਲ ਨਹੀਂ ਰੱਖ ਸਕਣਗੇ।

ਇਸ ਲਈ ਸਕੂਲਾਂ, ਕਾਲਜਾਂ 'ਚ ਬਹੁਤ ਸਾਰੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ, ਜਿਸ ਨਾਲ ਉਹ ਸਟੇਜ 'ਤੇ ਆ ਕੇ ਆਪਣੇ ਵਿਚਾਰ ਜਾਂ ਕਿਸੇ ਵੀ ਤਰ੍ਹਾਂ ਦੇ ਹੁਨਰ ਦਾ ਪ੍ਰਦਰਸ਼ਨ ਕਰ ਸਕਣ। ਇਸ ਨਾਲ ਵਿਦਿਆਰਥੀਆਂ 'ਚ ਜਨ ਸਮੂਹ ਸਹਾਮਣੇ ਆਪਣੇ ਵਿਚਾਰ ਪੇਸ਼ ਕਰਨ ਵਿਚਲੀ ਝਿਜਕ ਨੂੰ ਵੀ ਦੂਰ ਕੀਤਾ ਜਾ ਸਕਦਾ ਹੈ। ਸਮੂਹ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਚੱਲ ਰਹੀਆਂ ਗਤੀਵਿਧੀਆਂ 'ਚ ਵੱਧ-ਚੜ੍ਹ ਕੇ ਭਾਗ ਲੈਣਾ ਚਾਹੀਦਾ ਹੈ। ਇਨ੍ਹਾਂ ਗਤੀਵਿਧੀਆਂ ਰਾਹੀਂ ਹੀ ਅਸੀਂ ਦੂਜੇ ਵਿਦਿਆਰਥੀਆਂ ਨਾਲ ਸੰਪਰਕ ਬਣਾਉਣਾ ਸਿੱਖਦੇ ਹਾਂ ਤੇ ਇੱਥੇ ਹੀ ਮਨਾਂ ਵਿੱਚੋਂ ਸਟੇਜ 'ਤੇ ਬੋਲਣ ਦੀ ਡਰ ਖ਼ਤਮ ਹੁੰਦਾ ਹੈ।

ਬਹੁਤ ਵਾਰ ਦੇਖਣ 'ਚ ਆਉਂਦਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਅਚਾਨਕ ਕਿਸੇ ਵੀ ਵਿਸ਼ੇ 'ਤੇ ਸਟੇਜ ਉੱਤੇ ਬੋਲਣ ਲਈ ਆਖ ਦਿੱਤਾ ਜਾਵੇ ਤਾਂ ਉਹ ਸੁੰਨ੍ਹ ਪੈ ਜਾਂਦਾ ਹੈ, ਦਿਮਾਗ਼ ਵਿੱਚੋਂ ਸਾਰੀ ਜਾਣਕਾਰੀ ਇੱਕ ਹੀ ਪਲ਼ 'ਚ ਖ਼ਤਮ ਹੋ ਜਾਂਦੀ ਹੈ। ਇਸ ਲਈ ਵਿਦਿਆਰਥੀ ਜੀਵਨ 'ਚ ਹੀ ਸਾਨੂੰ ਖ਼ੁਦ 'ਤੇ ਇੰਨਾ ਭਰੋਸਾ ਹੋਣਾ ਚਾਹੀਦਾ ਹੈ ਕਿ ਅਸੀਂ ਕਿਸੇ ਵੀ ਵਿਸ਼ੇ 'ਤੇ ਕਿਸੇ ਦੇ ਵੀ ਸਾਹਮਣੇ ਬੋਲ ਸਕੀਏ।

**ਸਵੇਰ ਦੀ ਸਭਾ**

ਵਿਦਿਆਰਥੀਆਂ ਲਈ ਸਭ ਤੋਂ ਪਹਿਲਾ ਮੌਕਾ ਸਕੂਲ ਦੀ ਸਵੇਰ ਦੀ ਸਭਾ ਦੀ ਸਟੇਜ ਹੁੰਦੀ ਹੈ, ਜਿੱਥੇ ਉਹ ਆਪਣੇ ਅਧਿਆਪਕਾਂ ਤੋਂ ਇਹ ਗੁਰ ਸਿੱਖੇ ਤੇ ਫਿਰ ਹੌਲੀ-ਹੌਲੀ ਸਕੂਲ ਦੇ ਛੋਟੇ-ਵੱਡੇ ਪ੍ਰੋਗਰਾਮਾਂ 'ਚ ਆਪਣੇ ਇਸ ਹੁਨਰ ਨੂੰ ਨਿਖ਼ਾਰੇ। ਅਧਿਆਪਕ ਹਰ ਵਿਦਿਆਰਥੀ ਨੂੰ ਪ੍ਰੇਰਨਾ ਦੇਣ ਤੇ ਮੌਕੇ ਵੀ ਪ੍ਰਦਾਨ ਕਰਨ, ਤਾਂ ਜੋ ਹਰ ਵਿਦਿਆਰਥੀ ਦਾ ਸਰਬਪੱਖੀ ਵਿਕਾਸ ਹੋ ਸਕੇ। ਇਸ ਦੇ ਨਾਲ-ਨਾਲ ਸਟੇਜ 'ਤੇ ਬੋਲਣ ਸਬੰਧੀ ਕੁਝ ਨੁਕਤੇ ਜਾਂ ਗੁਰ ਵੀ ਦੱਸਣ, ਤਾਂ ਜੋ ਹਰ ਵਿਦਿਆਰਥੀ ਦਾ ਸਟੇਜ 'ਤੇ ਬੋਲਣ ਦਾ ਡਰ ਖ਼ਤਮ ਹੋ ਸਕੇ। ਜੇ ਵਿਦਿਆਰਥੀ ਦਿਲਚਸਪੀ ਨਾਲ ਸਕੂਲਾਂ ਦੀਆਂ ਗਤੀਵਿਧੀਆਂ 'ਚ ਭਾਗ ਲੈਂਦਾ ਹੈ ਤੇ ਆਪਣੇ ਅਧਿਆਪਕਾਂ ਵੱਲੋਂ ਦਿੱਤੇ ਮੌਕਿਆਂ ਤੇ ਸਿੱਖਿਆ ਨੂੰ ਮਨ ਲਾ ਕੇ ਸਿੱਖਦਾ ਹੈ ਤਾਂ ਇਸ ਦਾ ਲਾਭ ਉਸ ਨੂੰ ਭਵਿੱਖ 'ਚ ਮਿਲੇਗਾ।



ਉਹ ਨੌਕਰੀ ਲਈ ਇੰਟਰਵਿਊ ਦੌਰਾਨ ਵੱਡੇ ਅਧਿਕਾਰੀਆਂ ਸਾਹਮਣੇ ਬੇਝਿਜਕ ਆਤਮ-ਵਿਸ਼ਵਾਸ ਨਾਲ ਬੋਲ ਸਕਦਾ ਹੈ। ਪਬਲਿਕ ਸਪੀਕਿੰਗ ਦੇ ਗੁਰ ਰਾਹੀਂ ਉਹ ਉੱਚ ਅਧਿਕਾਰੀਆਂ ਤੋਂ ਇਲਾਵਾ ਜਨ-ਸਮੂਹ ਸਾਹਮਣੇ ਵੀ ਆਪਣੇ ਵਿਚਾਰ ਦੂਜਿਆਂ ਸਾਹਮਣੇ ਬੜੇ ਆਤਮ-ਵਿਸ਼ਵਾਸ ਤੇ ਚੰਗੇ ਤਰੀਕੇ ਨਾਲ ਰੱਖ ਸਕਦਾ ਹੈ।

**ਆਤਮ-ਵਿਸ਼ਵਾਸ ਦੀ ਜ਼ਰੂਰਤ**

ਵਿਦਿਆਰਥੀ ਜੀਵਨ 'ਚ ਪਬਲਿਕ ਸਪੀਕਿੰਗ ਜਾਂ ਸਟੇਜ 'ਤੇ ਬੇਝਿਜਕ ਬੋਲਣ ਦੇ ਗੁਣ ਦਾ ਬਹੁਤ ਮਹੱਤਵ ਹੈ ਕਿਉਂਕਿ ਕਿਸੇ ਵੀ ਵਿਸ਼ੇ ਦੀ ਜਾਣਕਾਰੀ ਜਾਂ ਗਿਆਨ ਦਾ ਉਸ ਸਮੇਂ ਤਕ ਕੋਈ ਫ਼ਾਇਦਾ ਨਹੀਂ ਹੁੰਦਾ, ਜਦੋਂ ਤਕ ਉਸ ਨੂੰ ਸਹੀ ਲਹਿਜ਼ੇ ਜਾਂ ਤਰੀਕੇ ਨਾਲ ਦੂਜਿਆ ਤਕ ਨਹੀਂ ਪਹੁੰਚਾਇਆ ਜਾਂਦਾ। ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਸਟੇਜ ਸਾਹਮਣੇ ਬੈਠੇ ਸਰੋਤਿਆਂ ਨੂੰ ਆਪਣੀ ਜਾਣਕਾਰੀ ਦੇਣ ਦੇ ਨਾਲ-ਨਾਲ ਉਨ੍ਹਾਂ ਦੀ ਆਪਣੀਆਂ ਗੱਲਾਂ ਨਾਲ ਦਿਲਚਸਪੀ ਬਣਾ ਕੇ ਰੱਖਣਾ, ਤਾਂ ਜੋ ਉਨ੍ਹਾਂ ਦਾ ਸਬੰਧ ਸਟੇਜ 'ਤੇ ਬੋਲਣ ਵਾਲੇ ਵਕਤਾ ਨਾਲ ਬਣਿਆ ਰਹੇ ਤੇ ਉਨ੍ਹਾਂ ਦਾ ਸਾਰਾ ਧਿਆਨ ਉਸ ਦੀਆਂ ਗੱਲਾਂ ਵੱਲ ਕੇਂਦਰਿਤ ਰਹੇ। ਇਸ ਲਈ ਵਿਦਿਆਰਥੀਆਂ ਅੰਦਰ ਆਤਮ-ਵਿਸ਼ਵਾਸ਼ ਪੈਦਾ ਕਰਨ ਦੀ ਜ਼ਰੂਰਤ ਹੈ ਕਿ ਉਹ ਆਪਣੇ ਮਨ ਦੇ ਭਾਵ ਬਿਨਾਂ ਕਿਸੇ ਡਰ ਜਾਂ ਝਿਜਕ ਦੇ ਸਾਰੇ ਲੋਕਾਂ ਸਾਹਮਣੇ ਬੋਲ ਸਕਣ। ਜੇ ਵਿਦਿਆਰਥੀ ਜੀਵਨ 'ਚ ਹੀ ਉਨ੍ਹਾਂ ਅੰਦਰ ਆਤਮ-ਵਿਸ਼ਵਾਸ ਪੈਦਾ ਹੋ ਜਾਵੇ ਕਿ ਉਹ ਕਿਸੇ ਸਾਹਮਣੇ ਬੇਝਿਜਕ ਆਪਣੇ ਵਿਚਾਰ ਰੱਖ ਸਕਦੇ ਹਨ, ਤਾਂ ਉਨ੍ਹਾਂ ਨੂੰ ਕਿਸੇ ਵੀ ਪੱਧਰ ਦੀ ਪ੍ਰੀਖਿਆ, ਇੰਟਰਵਿਊ ਜਾਂ ਜਨ ਸਮੂਹ ਨੂੰ ਸੰਬੋਧਿਤ ਕਰਨਾ ਔਖਾ ਨਹੀਂ ਹੋਵੇਗਾ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

## ਆਪਣੇ ਘਰ ਨਾਲ ਜੁੜੀਆਂ ਮੋਹ ਦੀਆਂ ਤੰਦਾਂ ਨੂੰ ਬਿਆਨ ਕਰਦੀ ਕਹਾਣੀ

# ਵਤਨ ਵਾਪਸੀ



ਜਗਦੀਸ਼ ਕੌਰ ਮਾਨ

ਮੇਰੇ ਹਸਬੈਂਡ ਗੱਡੀ ਚਲਾ ਰਹੇ ਸਨ ਤੇ ਮੈਂ ਮੰਮੀ ਨੂੰ ਸਹਾਰਾ ਦੇ ਕੇ ਆਪਣੀ ਗੋਦੀ ਵਿੱਚ ਲਿਟਾਇਆ ਹੋਇਆ ਸੀ। ਅਸੀਂ ਉਸ ਨੂੰ ਹਸਪਤਾਲ ਦਾਖਲ ਕਰਵਾਉਣ ਵਾਸਤੇ ਲਿਜਾ ਰਹੇ ਸਾਂ।ਉਹ ਮੈਨੂੰ ਕੁਝ ਬੋਲ ਕੇ ਦੱਸਣਾ ਚਾਹੁੰਦੀ ਸੀ ਪਰ ਉਸ ਦੀ ਆਵਾਜ਼ ਏਨੀ ਧੀਮੀ ਤੇ ਅਸਪਸ਼ਟ ਸੀ ਕਿ ਕਾਫੀ ਦੇਰ ਖੌਝਲਣ ਤੋਂ ਬਾਅਦ ਮਸਾਂ ਹੀ ਉਸਦੀ ਗੱਲ ਮੇਰੇ ਪੱਲੇ ਪਈ।

ਹੈਰਾਨ ਹੋ ਕੇ ਸੋਚ ਰਹੀ ਸਾਂ ਕਿ ਕੁਦਰਤ ਇਕੋ ਪਰਿਵਾਰ ਵਿੱਚ ਐਨ ਪਹਿਲਾਂ ਵਾਲੀ ਘਟਨਾ ਨਾਲ ਮਿਲਦੀ ਜੁਲਦੀ ਇੱਕ ਹੋਰ ਘਟਨਾ ਨੂੰ ਦੂਜੀ ਵਾਰ ਕਿਉਂ ਤੇ ਕਿਵੇਂ ਦੁਹਰਾਅ ਦਿੰਦੀ ਹੈ ? ਬਿਲਕੁਲ ਉਹੋ ਜਿਹੀਆਂ ਪ੍ਰਸਥਿਤੀਆਂ ਦੁਬਾਰਾ ਕਿਵੇਂ ਪੈਦਾ ਹੋ ਜਾਂਦੀਆਂ ਹਨ ? ਇਹੋ ਜਿਹੀ ਘਟਨਾ ਪਹਿਲਾਂ ਵੀ ਸਾਡੇ ਪਰਿਵਾਰ ਵਿੱਚ ਵਾਪਰ ਚੁੱਕੀ ਹੈ। ਅੰਗਰੇਜ਼ੀ ਦੇ ਪ੍ਰਸਿੱਧ ਨਾਟਕਕਾਰ ਸ਼ੈਕਸਪੀਅਰ ਅਨੁਸਾਰ ਚਲੋ ਮੰਨ ਲੈਂਦੇ ਹਾਂ ਕਿ ਇਹ ਸੰਸਾਰ ਇੱਕ ਸਟੇਜ ਹੈ। ਆਪਾਂ ਸਾਰੇ ਸੰਸਾਰ ਵਾਸੀ ਇਸ ਸਟੇਜ ਦੇ ਪਾਤਰ ਹਾਂ ਜਿਹੜੇ ਆਪੋ ਆਪਣੀ ਭੂਮਿਕਾ ਨਿਭਾਅ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਆਪਣੇ ਰਾਹੇ ਤੁਰ ਜਾਂਦੇ ਹਾਂ ਪਰ ਮੇਰੀ ਮਾਂ ਦੀ ਭੂਮਿਕਾ ਨੂੰ ਵਿਧਾਤਾ ਨੇ ਏਨਾਂ ਤਪਦਾ ਮਾਰੂਥਲ ਕਿਉਂ ਬਣਾ ਦਿੱਤਾ ? ਕਿ ਉਹ ਤਾਉਮਰ ਕਿਸਮਤ ਦੀ ਭੱਠ ਵਾਂਗ ਤਪਦੀ ਰੇਤ ਵਿੱਚ ਹੀ ਭੁੱਜਦੀ ਰਹੀ।ਉਸ ਦੀ ਹੋਣੀ ਬਾਰੇ ਸੋਚਦਿਆਂ ਹੀ ਰੂਹ ਕੰਬ ਉੱਠਦੀ ਹੈ।

ਕੁਦਰਤ ਦੇ ਇਸ ਵਰਤਾਰੇ ਦੀ ਜਟਿਲਤਾ ਨੂੰ ਸਮਝਣਾ ਇੱਕ ਸਾਧਾਰਨ ਮਨੁੱਖ ਵਾਸਤੇ ਕਿੰਨਾ ਔਖਾ ਕੰਮ ਹੈ! ਉਤਰਾਅ ਚੜ੍ਹਾਅ ਤਾਂ ਸਭ ਦੀ ਜ਼ਿੰਦਗੀ ਵਿੱਚ ਆਉਂਦੇ ਹਨ।ਸਮੁੱਚੇ ਜੀਵਨ ਕਾਲ ਵਿੱਚ ਖ਼ੁਸ਼ੀਆਂ ਦੇ ਠੰਢੇ ਬੁੱਲ੍ਹੇ ਤੇ ਗ਼ਮਾਂ ਦੀਆਂ ਕਾਲੀਆਂ ਬੋਲੀਆਂ ਹਨੇਰੀਆਂ ਤਾਂ ਆਉਂਦੀਆਂ ਜਾਂਦੀਆਂ ਹੀ ਰਹਿੰਦੀਆਂ ਹਨ ਤੇ ਇਹ ਹਰੇਕ ਮਨੁੱਖ ਦੀ ਜ਼ਿੰਦਗੀ ਦਾ ਹਿੱਸਾ ਹੁੰਦੀਆਂ ਹਨ ਪਰ ਵਿਚਾਰੀ ਮੇਰੀ ਮਾਂ ਦੀ ਤਾਂ ਸਾਰੀ ਜ਼ਿੰਦਗੀ ਹੀ ਦੁੱਖਾਂ ਵਿੱਚ ਬੀਤ ਗਈ।

ਖਵਰੇ ਜਾਇਖਾਣੇ ਰੱਬ ਦੇ ਹੱਥ 'ਤੇ ਉਹ ਕੀ ਮੋਠ ਭੁੰਨ ਕੇ ਧਰ ਆਈ ਸੀ ਕਿ ਆਪਣੀ ਜ਼ਿੰਦਗੀ ਵਿੱਚ ਉਸ ਨੇ ਕਦੇ ਸੁੱਖ ਦਾ ਕੋਈ ਸਾਹ ਹੀ ਨਹੀਂ ਲਿਆ। ਉਹ ਸਾਨੂੰ ਦੱਸਦੀ ਹੁੰਦੀ ਸੀ ਕਿ ਉਸਨੇ ਤਾਂ ਕਾਲਜ ਦੀ ਪੜ੍ਹਾਈ ਮੈਡੀਕਲ ਸਟਰੀਮ ਰੱਖ ਕੇ ਇਸ ਲਈ ਸ਼ੁਰੂ ਕੀਤੀ ਸੀ ਕਿ ਉਹ ਡਾਕਟਰ ਬਣਕੇ ਸਮਾਜ ਦੀ ਸੇਵਾ ਕਰੇਗੀ ਤੇ ਪਿਉ ਦਾਦੇ ਦਾ ਨਾਂਅ ਰੌਸ਼ਨ ਕਰੇਗੀ। ਪੜ੍ਹਨ ਵਿੱਚ ਵੀ ਬਥੇਰੀ ਹੁਸ਼ਿਆਰ ਸੀ। ਹਰ ਸਾਲ ਵਧੀਆ ਨੰਬਰ ਲੈ ਕੇ ਪਾਸ ਹੁੰਦੀ ਪਰ ਕੁਦਰਤ ਉਸ ਵਾਸਤੇ ਕੀ ਘਾੜਤਾਂ ਘੜੀ ਬੈਠੀ ਹੈ ਇਹ ਤਾਂ ਉਸ ਦੇ ਚਿੱਤ ਚੇਤੇ ਵੀ ਨਹੀਂ ਸੀ। ਹੱਸਦੇ ਵਸਦੇ ਪਰਿਵਾਰ ਨੂੰ ਕਿਸੇ ਚੰਦਰੇ ਦੀ ਨਜ਼ਰ ਲੱਗ ਗਈ ਸੀ। ਮੇਰੀ ਨਾਨੀ ਦੀ ਮਾਮੂਲੀ ਜਿਹੀ ਬਿਮਾਰੀ ਪਤਾ ਹੀ ਨਾ ਲੱਗਿਆ ਕਦੋਂ ਗੰਭੀਰ ਰੂਪ ਧਾਰਨ ਕਰ ਗਈ। ਬਿਮਾਰੀ ਵਧਦੀ ਦੇਖ ਕੇ ਉਸ ਨੂੰ ਪੂਨੇ (ਮਹਾਰਾਸ਼ਟਰ) ਦੇ ਮਿਲਟਰੀ ਹਸਪਤਾਲ ਵਿੱਚ ਦਾਖ਼ਲ ਕਰਵਾਉਣਾ ਪਿਆ।ਉਨ੍ਹੀਂ ਦਿਨੀਂ ਨਾਨਾ ਜੀ ਦੀ ਪੋਸਟਿੰਗ ਪੂਨੇ ਸੀ। ਮਿਲਟਰੀ ਹਸਪਤਾਲ ਦੇ ਡਾਕਟਰਾਂ ਵੱਲੋਂ ਪੂਰੀ ਵਾਹ ਲਾਉਣ ਦੇ ਬਾਵਜੂਦ ਮੇਰੀ ਨਾਨੀ ਮਾਂ ਬਚ ਨਾ ਸਕੀ। ਉਦੋਂ ਸਾਡੀ ਛੋਟੀ ਮਾਸੀ ਸਿਰਫ਼ ਅੱਠ ਮਹੀਨਿਆਂ ਦੀ ਸੀ। ਮੇਰੀ ਮਾਂ ਘਰ ਵਿੱਚ ਸਾਰੇ ਭੈਣ ਭਰਾਵਾਂ ਨਾਲੋਂ ਵੱਡੀ ਸੀ। ਘਰ ਪਰਿਵਾਰ ਦੀ ਸਾਂਭ ਸੰਭਾਲ ਤੋਂ ਇਲਾਵਾ ਉਸ ਅੱਠ ਮਹੀਨੇ ਦੀ ਬੱਚੀ ਨੂੰ ਪਾਲਣ ਪੋਸ਼ਣ ਦੀ ਜ਼ਿੰਮੇਂਵਾਰੀ ਵੀ ਉਸ ਦੇ ਸਿਰ ਆ ਪਈ ਤੇ ਮਜਬੂਰੀ ਵੱਸ ਉਸ ਨੂੰ ਪੜ੍ਹਾਈ ਛੱਡਣੀ ਪਈ। ਮੰਮੀ ਦੱਸਦੀ ਹੁੰਦੀ ਸੀ ਕਿ ਉਦੋਂ ਉਸਦੀ ਉਮਰ ਸਿਰਫ਼ ਸਤਾਰਾਂ ਸਾਲ ਸੀ।

ਮੰਮੀ ਹੋਰੀਂ ਛੇ ਭੈਣ ਭਰਾ ਸਨ। ਭਾਰੀ ਟੱਬਰਦਾਰ ਹੋਣ ਦੇ ਬਾਵਜੂਦ ਫ਼ੌਜ ਵਿੱਚੋਂ ਪੈਨਸ਼ਨ ਆਏ ਮੇਰੇ ਨਾਨਾ ਜੀ ਨੇ ਦੂਜਾ ਵਿਆਹ ਕਰਵਾ ਲਿਆ। ਮਤਰੇਈਆਂ ਮਾਵਾਂ ਤਾਂ ਧਰੂ ਭਗਤ ਵਰਗਿਆਂ ਨਾਲ ਵੀ ਵਿਤਕਰਾ ਕਰਨੋਂ ਬਾਜ਼ ਨਹੀਂ ਆਉਂਦੀਆਂ ਫਿਰ ਉਹ ਨਿੱਕੇ-ਨਿੱਕੇ ਵਿਚਾਰੇ ਜਵਾਕ ਕੀਹਦੇ ਪਾਣੀਹਾਰ ਸਨ! ਘਰ ਵਿੱਚ ਕਜੀਆ ਕਲੇਸ਼ ਰਹਿਣ ਲੱਗ ਪਿਆ। ਮਤਰੇਈ ਮਾਂ ਰੁੱਸ ਕੇ ਪੇਕੀਂ ਚਲੀ ਗਈ। ਉਸ ਨੇ ਸ਼ਰਤ ਰੱਖ ਦਿੱਤੀ, "ਜਿਨਾਂ ਚਿਰ ਤੂੰ ਇਸ ਕੁੜੀ ਨੂੰ ਵਿਆਹ ਕੇ ਘਰੋਂ ਨ੍ਹੀਂ ਤੋਰਦਾ, ਉਨਾ ਚਿਰ ਮੈਨੂੰ ਲੈਣ ਨਾ ਆਵੀਂ, ਨਹੀਂ ਤਾਂ ਫੇਰ ਬੈਠਾ ਰਹੀਂ ਐਂ ਈਂ। ਵੀਹ ਇੱਕੀ ਸਾਲ ਦੀ ਉਮਰ ਵਿੱਚ ਚੰਗਾ ਮਾੜਾ ਥਾਂ ਲੱਭ ਕੇ ਮੇਰੀ ਮਾਂ ਨੂੰ ਘਰੋਂ ਤੋਰ ਦਿੱਤਾ।ਮੇਰੇ ਦਾਦਕੇ ਪਰਿਵਾਰ ਵਿਚੋਂ ਕਿਸੇ ਨੇ ਵੀ ਉਸ ਨੂੰ ਸਮਝਣ ਦੀ ਕੋਸ਼ਿਸ਼ ਨਾ ਕੀਤੀ ਕਿ ਇਹ ਕੁੜੀ ਕਿਹੋ ਜਿਹੇ ਹਲਾਤਾਂ ਵਿਚੋਂ ਲੰਘ ਕੇ ਆਈ ਹੈ! ਇਸ ਨੂੰ ਢੇਰ ਸਾਰੇ ਪਿਆਰ ਤੇ ਹਮਦਰਦੀ ਦੀ ਲੋੜ ਹੈ। ਗਰਭ ਅਵਸਥਾ ਦੌਰਾਨ ਵੀ ਉਹ ਸੁਖਾਵੇਂ ਮਾਹੌਲ ਤੋਂ ਵਾਂਝੀ ਰਹੀ।ਮਾਨਸਿਕ ਤਣਾਅ ਜ਼ਿਆਦਾ ਵਧਣ ਨਾਲ ਮੇਰੇ ਪਲੇਠੇ ਭਰਾ ਦੀ ਜਣੇਪੇ ਦੌਰਾਨ ਹੀ ਮੌਤ ਹੋ ਗਈ ਤੇ ਪੂਰੇ ਦੋ ਸਾਲ ਬਾਅਦ ਮੇਰਾ ਜਨਮ ਹੋਇਆ। ਮੈਥੋਂ ਦੋ ਸਾਲ ਛੋਟਾ ਮੇਰਾ ਭਰਾ ਜਨਮ ਤੋਂ ਹੀ ਅੰਗਹੀਣ ਸੀ। ਇੰਨੇ ਔਖੇ ਹਾਲਾਤਾਂ ਵਿੱਚ ਵੀ ਮੇਰੀ ਮਾਂ ਨੇ ਜੇ ਬੀ ਟੀ ਕੀਤੀ।ਕੁਦਰਤ ਨੇ ਏਨੀ ਹਿੰਮਤ ਪਤਾ ਨਹੀਂ ਉਸ ਨੂੰ ਕਿਵੇਂ ਦੇ ਦਿੱਤੀ, ਬੱਤੀ ਸਾਲ ਦੂਰ ਨੇੜੇ ਦੇ ਸਟੇਸ਼ਨਾਂ 'ਤੇ ਨੌਕਰੀ ਵੀ ਕੀਤੀ ਤੇ ਨੌਕਰਾਂ ਦੀ ਸਹਾਇਤਾ ਨਾਲ ਅੰਗਹੀਣ ਪੁੱਤਰ ਦੀ ਸਾਂਭ ਸੰਭਾਲ ਵੀ ਕੀਤੀ। ਥੋੜ੍ਹੀ ਵੱਡੀ ਹੋਈ ਤਾਂ ਮੈਂ ਵੀ ਘਰ ਦੇ ਕੰਮਾਂ ਵਿੱਚ ਬਰਾਬਰ ਦੀ ਜ਼ਿੰਮੇਂਵਾਰੀ ਨਿਭਾਈ। ਮੈਂ ਕਦੇ ਵੀ ਕਿਸੇ ਕੰਮ ਤੋਂ ਨੱਕ ਨਹੀਂ ਸੀ ਵੱਟਿਆ। ਘਰ ਦੇ ਅਤਿ ਮਾੜੇ ਹਲਾਤਾਂ ਵਿੱਚ ਵੀ ਮੈਂ ਆਪਣੀ ਪੜ੍ਹਾਈ ਜਾਰੀ ਰੱਖੀ। ਇੰਡੀਆ ਰਹਿ ਕੇ ਤਾਂ ਮੈਨੂੰ ਨੌਕਰੀ ਮਿਲਣੀ ਲਗਪਗ ਅਸੰਭਵ ਹੀ ਸੀ ਇਸ ਲਈ ਵਤਨ ਛੱਡਣਾ ਪਿਆ ਤੇ ਮੈਂ ਬਾਹਰਲੇ ਮੁੰਡੇ ਨਾਲ ਵਿਆਹ ਕਰਵਾ ਕੇ ਕੈਨੇਡਾ ਸੈਟਲ ਹੋ ਗਈ।

ਪਰ ਸਾਡੇ ਪਰਿਵਾਰ ਦੇ ਦੁੱਖਾਂ ਦੀ ਕਹਾਣੀ ਅਜੇ ਮੁੱਕੀ ਹੀ ਕਿਥੇ ਸੀ! ਸੰਨ ਵੀਹ ਸੌ ਵੀਹ ਦੌਰਾਨ ਪਰਿਵਾਰ ਤੇ ਇਕ ਬਿਪਤਾ ਹੋਰ ਆ ਪਈ। ਸੰਸਾਰ ਪੱਧਰ 'ਤੇ ਕਰੋਨਾ ਦੀ ਬਿਮਾਰੀ ਫੈਲ ਚੁੱਕੀ ਸੀ।ਮੇਰੇ ਪਾਪਾ ਤੇ ਸਾਡਾ ਅੰਗਹੀਣ ਭਰਾ ਵੀ ਇਸ ਭਿਆਨਕ ਬਿਮਾਰੀ ਦੀ ਲਪੇਟ ਵਿੱਚ ਆ ਗਏ ਤੇ ਦੋਵੇਂ ਪਿਉ ਪੁੱਤ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।

ਸਾਰਿਆਂ ਤੋਂ ਛੋਟਾ ਭਰਾ ਪਹਿਲਾਂ ਹੀ ਆਪਣੀ ਫੈਮਲੀ ਸਮੇਤ ਵਿਦੇਸ਼ ਜਾ ਚੁੱਕਾ ਸੀ। ਸਾਰੀ ਉਮਰ ਸੁੱਖਾਂ ਨੂੰ ਤਰਸਦੀ ਮੇਰੀ ਮਾਂ ਬਿਲਕੁਲ ਹੀ ਇਕੱਲੀ ਰਹਿ ਗਈ ਸੀ। ਲਗਾਤਾਰ ਰਹਿਣ ਵਾਲਾ ਸਟਰੈਸ ਡਿਪਰੈਸ਼ਨ ਵਿੱਚ ਬਦਲ ਗਿਆ। ਫਿਕਰਾਂ ਝੋਰਿਆਂ ਨਾਲ ਉਸਦੀ ਸ਼ੂਗਰ ਦਾ ਲੈਵਲ ਹੱਦਾਂ ਬੰਨੇ ਟੱਪ ਜਾਂਦਾ। ਬੀਪੀ ਏਨਾ ਵਧ ਜਾਂਦਾ ਕਿ ਬੀ ਪੀ ਅਪਰੇਟਰ ਜ਼ੀਰੋ ਨੰਬਰ 'ਤੇ ਆਉਣ ਲਈ ਬੇਵੱਸ ਹੋ ਜਾਂਦਾ। ਮੈਂ ਤਾਂ ਚਾਰ ਛੇ ਮਹੀਨੇ ਇੰਡੀਆ ਰਹਿ ਕੇ ਉਸ ਦਾ ਦੁੱਖ ਸੁੱਖ ਵੀ ਨਹੀਂ ਸੀ ਦੇਖ ਸਕਦੀ। ਇਧਰ ਜੌਬ ਛੁੱਟ ਜਾਣ ਦਾ ਡਰ ਸੀ ਨਾਲੇ ਬੱਚਿਆਂ ਦੀ ਪੜ੍ਹਾਈ ਦਾ ਸਵਾਲ ਸੀ। ਹਾਰ ਕੇ ਮੈਂ ਮੰਮੀ ਨੂੰ ਇਥੇ ਕੈਨੇਡਾ ਆਪਣੇ ਕੋਲ ਹੀ ਸੱਦ ਲਿਆ। ਬੇਹਿਸਾਬਾ ਕੰਮ ਕਰਨ ਵਾਲੀ ਸਿਰੜੀ ਤੇ ਸਿਦਕਵਾਨ ਮੇਰੀ ਮਾਂ ਹੁਣ ਮਸਾਂ ਆਪਣੀ ਕਿਰਿਆ ਸੋਧਣ ਜੋਗੀ ਹੀ ਰਹਿ ਗਈ ਸੀ। ਮੈਂ ਤਾਂ ਫਿਰ ਵੀ ਖ਼ੁਸ਼ ਸਾਂ ਕਿ ਚਲੋ ਇਹਨੂੰ ਇਥੇ ਮੰਗਵਾ ਕੇ ਮੇਰਾ ਪਿਛਲਾ ਫ਼ਿਕਰ ਤਾਂ ਮੁੱਕਿਆ ਪਰ ਬਦਕਿਸਮਤੀ ਦੇ ਮਾੜੇ ਪਰਛਾਵੇਂ ਅਜੇ ਵੀ ਸਾਡਾ ਖਹਿੜਾ ਨਹੀਂ ਸੀ ਛੱਡ ਰਹੇ। ਮਾਂ ਲਗਾਤਾਰ ਆਪਣੇ ਘਰ ਨੂੰ ਯਾਦ ਕਰਕੇ ਵਿਲਕ ਰਹੀ ਸੀ।ਉਹ ਇੰਡੀਆ ਵਾਪਸ ਆਉਣਾ ਚਾਹੁੰਦੀ ਸੀ। ਮੈਨੂੰ ਹਰ ਰੋਜ਼ ਛੇਤੀ ਤੋਂ ਛੇਤੀ ਟਿਕਟ ਕਰਾਉਣ ਲਈ ਜ਼ੋਰ ਪਾ ਰਹੀ ਸੀ। ਮੈਨੂੰ ਪਤਾ ਸੀ ਬਈ ਉਥੇ ਇਹਨੂੰ ਕੌਣ ਸਾਂਭੇਗਾ ? ਮੈਂ ਰੋਜ਼ ਕੋਈ ਨਾ ਕੋਈ ਬਹਾਨਾ ਲਾ ਕੇ ਉਸ ਨੂੰ ਟਾਲਣ ਦੀ ਕੋਸ਼ਿਸ਼ ਕਰਦੀ ਰਹਿੰਦੀ। ਇੱਕ ਦਿਨ ਉੱਠਣ ਲੱਗੀ ਮਾਂ ਨੂੰ ਚੱਕਰ ਜਿਹਾ ਆ ਗਿਆ। ਸਿਰ ਵਿੱਚ ਸੱਟ ਲੱਗ ਗਈ। ਬੋਲਣੋਂ ਵੀ ਤਕਰੀਬਨ ਹਟ ਹੀ ਗਈ। ਬਸ ਕਦੇ ਕਦਾਈਂ ਹੀ ਕੋਈ ਮਾੜੀ ਮੋਟੀ ਗੱਲ ਕਰਦੀ। ਖਾਣਾ ਪੀਣਾ ਮੂਲੋਂ ਹੀ ਘੱਟ ਕਰ ਦਿੱਤਾ। ਦੋ ਕੁ ਚਮਚੇ ਖਿਚੜੀ ਜਾਂ ਦਲੀਏ ਦੇ ਮੈਂ ਉਸ ਨੂੰ ਧੱਕੇ ਨਾਲ ਮਸਾਂ ਖਵਾਉਂਦੀ। ਸਿਹਤ ਪੱਖੋਂ ਤਾਂ ਉਹ ਪਹਿਲਾਂ ਹੀ ਕਮਜ਼ੋਰ ਸੀ। ਖੁਰਾਕ ਘਟਣ ਨਾਲ ਹੋਰ ਵੀ ਕਮਜ਼ੋਰ ਹੋ ਗਈ।

ਅਸੀਂ ਸਲਾਹ ਕੀਤੀ ਕਿ ਹੁਣ ਤਾਂ ਮਾਂ ਨੂੰ ਹਸਪਤਾਲ ਦਾਖਲ ਕਰਵਾਉਣਾ ਹੀ ਪੈਣਾ ਹੈ। ਅਸੀਂ ਉਸ ਨੂੰ ਹਸਪਤਾਲ ਦਾਖਲ ਕਰਵਾਉਣ ਵਾਸਤੇ ਲੈ ਕੇ ਜਾ ਰਹੇ ਸਾਂ ਪਰ ਅਰਧਹੋਸ਼ ਹਾਲਤ ਵਿੱਚ ਵੀ ਉਸ ਦੀ ਮਾਨਸਿਕ ਪੱਟੀ 'ਤੇ ਇੰਡੀਆ ਵਾਲਾ ਘਰ ਲਗਾਤਾਰ ਘੁੰਮੀ ਜਾ ਰਿਹਾ ਸੀ।ਉਸ ਨੂੰ ਭੁਚੱਕੇ ਪੈ ਰਹੇ ਸਨ ਜਿਵੇਂ ਅਸੀਂ ਇੰਡੀਆ ਆਉਣ ਵਾਸਤੇ ਕੈਨੇਡਾ ਦੇ ਏਅਰਪੋਰਟ ਵੱਲ ਨੂੰ ਜਾ ਰਹੇ ਹੋਈਏ। ਉਸਦੇ ਬੁੱਲ੍ਹ ਹਿਲਦੇ ਦੇਖ ਕੇ ਮੈਂ ਆਪਣਾ ਕੰਨ ਉਸ ਦੇ ਮੂੰਹ ਨਾਲ ਜੋੜ ਕੇ ਪੁੱਛਿਆ, "ਕੀ ਕਹਿੰਨੀ ਏਂ ਮੰਮੀ ? ਉਥੋਂ ਬੜੀ ਧੀਮੀ ਜਿਹੀ ਮਸਾਂ ਸੁਣੀ ਜਾ ਸਕਣ ਵਾਲੀ ਆਵਾਜ਼ ਆਈ, "ਇੰਡੀਆ ਵਾਲੇ ਘਰ ਦੀਆਂ ਚਾਬੀਆਂ ਚੇਤੇ ਨਾਲ ਪਰਸ ਵਿੱਚ ਪਾ ਲਈਆਂ ਸੀ ਨਾ ? ਮੇਰਾ ਮਨ ਭਰ ਆਇਆ ਬੜੀ ਮੁਸ਼ਕਿਲ ਨਾਲ ਮੈਂ ਹਾਂ ਵਿੱਚ ਸਿਰ ਹਿਲਾਇਆ। ਖਿਆਲਾਂ ਵਿੱਚ ਹੀ ਉਹ ਤਾਂ ਇੰਡੀਆ ਦੀ ਫਲਾਈਟ ਫ਼ੜ ਰਹੀ ਸੀ ਪਰ ਹੁਣ ਉਹ ਫਲਾਈਟ ਕਦੇ ਵੀ ਇੰਡੀਆ ਨਹੀਂ ਅਪੜੇਗੀ ਜਿਸ ਵਿੱਚ ਸਵਾਰ ਹੋ ਕੇ ਮੇਰੀ ਮਾਂ ਨੇ ਵਤਨ ਨੂੰ ਵਾਪਸ ਮੁੜਨਾ ਸੀ ਤੇ ਆਪਣੇ ਘਰ ਦਾ ਜਿੰਦਾ ਕੁੰਡਾ ਖੋਲ੍ਹਣਾ ਸੀ।

# ਉੱਜੜ ਗਿਆਂ ਦੇ ਘਰ

ਹਰਨੇਕ ਸਿੰਘ ਘੜੂੰਆਂ
98156-28998

ਮੈਂ ਆਪਣੀ ਬੇਟੀ ਦੇ ਘਰ ਤੋਂ ਆਉਣਾ ਸੀ । ਆਪਣੇ ਘਰ । ਮੇਰੀ ਗੱਡੀ ਦਾ ਡਰਾਇਵਰ ਛੁੱਟੀ 'ਤੇ ਸੀ ਇਸ ਲਈ ਟੈਕਸੀ ਬੁਲਾਈ ਗਈ ਤੇ ਮੈਂ ਡਰਾਇਵਰ ਨਾਲ ਗੱਲਬਾਤ ਕਰਨੀ ਸ਼ੁਰੂ ਕੀਤੀ। ਦੋਸਤਾ, ਘਰ ਕਿੱਥੇ ਹੈ ? ਡਰਾਇਵਰ ਨੇ ਗਰਦਨ ਭੁਆਕੇ ਮੇਰੀਆਂ ਅੱਖਾਂ ਵਿੱਚ ਤੱਕਿਆ, ਉਸਦੀਆਂ ਅੱਖਾਂ ਵਿੱਚ ਅੱਥਰੂ ਸਨ। ਮੈਨੂੰ ਅਫਸੋਸ ਹੋਇਆ ਸ਼ਾਇਦ ਮੈਂਥੋ ਇਸ ਦੀ ਦੁੱਖਦੀ ਰਗ ਉੱਤੇ ਹੱਥ ਧਰਿਆ ਗਿਆ ।

ਪਾਕਿਸਤਾਨ ਜਾਈਦਾ ਏਂ ਉੱਥੇ ਤਰ੍ਹਾਂ ਤਰ੍ਹਾਂ ਦੀਆਂ ਕਹਾਣੀਆਂ ਸੁਣਨ ਨੂੰ ਮਿਲਦੀਆਂ ਹਨ। ਪਿੰਡ ਚਾਂਦੀ ਕੋਟ ਵਿੱਚ ਭਾਰੀ ਇਕੱਠ ਸੀ, ਜਿਸ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ। ਇਹ ਪਿੰਡ ਭਗਟੇਰੇ ਤੋਂ ਨਨਕਾਣਾ ਸਾਹਿਬ ਜਾਣ ਵਾਲੀ ਸੜਕ ਉੱਤੇ ਹੈ। ਪਿੰਡ ਚਾਂਦੀਕੋਟ ਦਾ ਖ਼ੁਸ਼ੀ ਮੁਹੱਮਦ ਚਾਲੀ ਮੁਰੱਬਿਆ ਦਾ ਮਾਲਕ ਤੇ ਸਿੱਖਾਂ ਦਾ ਹਮਦਰਦ। ਇਹ ਇਕੱਠ ਜਿਸ ਮਸਲੇ ਲਈ ਬੁਲਾਇਆ ਗਿਆ ਸੀ ਉਹ ਕਿਸੇ ਤਣ ਪੱਤਣ ਨਹੀ ਲੱਗ ਰਿਹਾ ਸੀ। ਹਾਲਾਤ ਮਾੜੇ ਸਨ, ਖੁਸ਼ੀ ਮੁਹੱਮਦ ਨੇ ਸਿੱਖ ਵਿਰਕਾਂ ਦਾ ਇਕੱਠ ਰੱਖਿਆ ਸੀ।

ਨਨਕਾਣਾ ਸਾਹਿਬ ਤੋਂ ਗੁਜ਼ਰਾਵਾਲੇ ਤੀਕ ਵਿਰਕਾਂ ਦਾ ਇਲਾਕਾ ਹੈ। ਇਸ ਇਲਾਕੇ ਨੂੰ ਵਰਕਾਇਤ ਕਿਹਾ ਜਾਂਦਾ ਹੈ। ਵਿਰਕ ਬੜੇ ਦਿਲਚਸਪ ਕਿਸਮ ਦੇ ਲੋਕ ਹਨ। ਲੜਾਈ ਭੜਾਈ ਇਹਨਾਂ ਦੀ ਰੂਹ ਦੀ ਖੁਰਾਕ ਹੈ। ਡੰਗਰ ਪਸ਼ੂ ਚੋਰੀ ਕਰਨਾ ਵੀ ਇਨ੍ਹਾਂ ਦੀ ਪਸੰਦੀਦਾ ਖੇਲ ਹੈ। ਇੱਥੇ ਵਿਰਕਾਂ ਦਾ ਮੁੰਡਾ ਗਿੱਲਾਂ ਦੇ ਵਿਆਹਿਆ ਗਿਆ। ਰਾਤੀ ਉਹ ਬੈਲ ਖੋਲਕੇ ਤੁਰਦਾ ਬਣਿਆ। ਮੂੰਹ ਨੇਰੇ ਜਦੋਂ ਸੁਆਣੀਆਂ ਧਾਰਾਂ ਕੱਢਣ ਗਈਆਂ, ਉਂਦੋ ਬੈਲ ਦਾ ਕਿੱਲਾ ਖਾਲੀ ਨਜ਼ਰ ਆਇਆ।

ਘਰ ਵਿੱਚ ਰੌਲਾ ਪੈ ਗਿਆ। ਇੱਕ ਬਜ਼ੁਰਗ, ਜੋ ਬੜਾ ਤਜਰਬੇਕਾਰ ਸੀ ਕਹਿਣ ਲੱਗਾ, ਫਿਕਰ ਨਾ ਕਰੋ ਬੈਲ ਪ੍ਰਹਾਣਾ ਲੈ ਗਿਆ। ਕੁਝ ਲੋਕ ਉਸਦੇ ਪਿੱਛੇ ਭੱਜੇ ਤੇ ਰਸਤੇ ਵਿੱਚੋ ਘਰ ਲਿਆ, ਥਾਪੀ ਦੇਕੇ ਕਹਿਣ ਲੱਗੇ, ਵਾਹ ਬਾਈ ਪ੍ਰੋਹਣਿਆ ਹੁਣ ਸਾਡੀ ਤਸੱਲੀ ਹੋ ਗਈ ਤੂੰ ਸਾਡੀ ਕੁੜੀ ਨੂੰ ਭੁੱਖੀ ਨਹੀ ਮਰਨ ਦੇਂਦਾ। ਕਰਨਾਲ ਦਾ ਰੱਕੜ ਇਲਾਕਾ ਜਿੱਥੇ ਕਹੀ ਧਰਤੀ 'ਚ ਮਾਰਿਆ ਸਿਰ ਨੂੰ ਆਉਂਦੀ ਸੀ, ਇਹਨਾਂ ਨੇ ਹਰਾ ਭਰਾ ਬਣਾ ਦਿੱਤਾ।

ਇਸ ਭਾਈਚਾਰੇ ਵਿੱਚ ਕਈ ਨਾਮਵਾਰ ਸਾਹਿਤਕਾਰ ਹੋਏ ਹਨ। ਖਾਸਕਰ ਸ: ਕੁਲਵੰਤ ਸਿੰਘ ਵਿਰਕ, ਜਿਸ ਦੀਆਂ ਕਹਾਣੀਆਂ ਬੜੀਆਂ ਦਮਦਾਰ ਹਨ। ਇਸੇ ਤਰ੍ਹਾਂ ਪ੍ਰੋਫੈਸਰ ਅਨੂਪ ਸਿੰਘ ਵਿਰਕ ਨਾਮਵਰ ਕਵੀ ਹੋਏ ਹਨ । ਜਿਨ੍ਹਾਂ ਨੇ ਖਾਲਸ ਦੇਸੀ ਘੀ ਵਰਗੀ ਖੁਸ਼ਬੋ ਛੱਡਦੀ ਗੱਲ ਕਹੀ ਹੈ:-

ਜੋ ਦਰਦ ਪਛਾਣੇ ਰਾਤਾਂ ਦਾ ਕੋਈ ਸੂਰਜ ਭਾਲ ਰਿਹਾ। ਹੋਵੇ ਹਰਫ ਚਿਰਾਗ ਜਿਹਾ, ਗੀਤਾਂ ਦਾ ਦੀਵਾ ਬਾਲ ਰਿਹਾ।

ਇਸ ਇਲਾਕੇ ਦਾ ਸਿੱਖ ਪੰਥ ਦਾ ਜਰਨੈਲ ਨਵਾਬ ਕਪੂਰ ਸਿੰਘ ਹੋਇਆ ਹੈ । ਜਿਸ ਦਾ ਪਿੰਡ ਸਾਈਅਦ ਵਾਰਿਸ਼ ਸ਼ਾਹ ਵਾਲਾ ਜੰਡਿਆਲਾ ਸ਼ੇਰ ਥਾਂ ਸੀ ।

ਮੈਂ ਜਦੋਂ ਵੀ ਪਾਕਿਸਤਾਨ ਜਾਂਦਾ ਹਾਂ ਤਦ ਸ਼ੇਖਪੁਰੇ ਸਿਵਲ ਲਾਈਨਜ਼ ਵਿੱਚ ਸਰਾਂਵਾ ਦੇ ਘਰ ਠਹਿਰਦਾ ਹਾਂ। ਸਰਾਂਵਾ ਦੇ ਘਰ ਦੇ ਸਾਹਮਣੇ ਤੁਅੱਲਕਉਲਾ ਵਿਰਕ ਦਾ ਆਲੀਸ਼ਾਨ ਬੜਾ ਖੁੱਝਾ ਘਰ ਹੈ । ਤੁਅੱਲਕਉਲਾ ਵਿਰਕ ਚੌਧਰੀ ਖੁਸ਼ੀ ਮੁਹੰਮਦ ਦਾ ਬੇਟਾ ਹੈ। ਜਿਹੜੇ ਦਿਨਾਂ ਵਿਚ ਮੈਂ ਸ਼ੇਖਪੁਰੇ ਠਹਿਰਦਾ ਤੁਅੱਲਕਉਲਾ ਵਿਰਕ ਮੇਰੀ ਖਿਦਮਤਦਾਰੀ ਵਿੱਚ ਹਾਜ਼ਰ ਰਹਿੰਦਾ। ਲਾਹੌਰ ਮੈਂ ਇਸ ਕਰਕੇ ਘੱਟ ਠਹਿਰਦਾ ਹਾਂ ਲਹੌਰੀਏ ਸਾਰੀ ਰਾਤ ਜਾਗਦੇ ਹਨ ਤੇ ਸਾਰਾ ਦਿਨ ਸੌਂਦੇ ਹਨ ।ਹਾਂ ਸੱਚ ਮੈਂ ਗੱਲ ਕਰ ਰਿਹਾ ਸੀ । ਚਾਂਦੀਕੋਟ ਦੇ ਇਕੱਠ ਦੀ ਚੌਧਰੀ ਖੁਸ਼ੀ ਮੁਹੰਮਦ ਸਾਥੀ ਸਿੱਖਾਂ 'ਤੇ ਜ਼ੋਰ ਪਾ ਰਹੇ ਸਨ, ਤੁਸੀਂ ਕੁਝ ਸਮੇਂ ਵਾਸਤੇ ਮੁਸਲਮਾਨ ਬਣ ਜਾਉ, ਫੇਰ ਸਿੱਖ ਬਣ ਜਾਣਾ। ਉੱਥੇ ਇੱਕ ਸਿੱਖ ਬਜ਼ੁਰਗ ਬੈਠਾ ਸੀ ਜੋ ਆਪਣੀ ਲੱਤ ਦੀ ਪਿੰਡਲੀ ਉੱਤੇ ਹਲਕੀ-ਹਲਕੀ ਛਿਟੀ ਮਾਰੀ ਜਾ ਰਿਹਾ ਸੀ। ਉਸ ਬਜ਼ੁਰਗ ਨੇ ਕਿਹਾ ਸਾਨੂੰ ਸੋਚਣ ਦਾ ਮੌਕਾ ਦਿਉ।

ਅਗਲੀ ਸਵੇਰ ਕੁੱਕੜ ਦੀ ਪਹਿਲੀ ਬਾਂਗ ਨਾਲ ਸਿੱਖ ਸਰਦਾਰ ਘੋੜੀਆਂ 'ਤੇ ਚੜੇ ਹੋਏ ਚੌਧਰੀ ਖੁਸ਼ੀ ਮਹੁੰਮਦ ਦੇ ਡੇਰੇ ਵਿੱਚ ਦਾਖਲ ਹੋਏ । ਚੌਧਰੀ ਖੁਸ਼ੀ ਮਹੁੰਮਦ ਸਿੱਖਾਂ ਨੂੰ ਵੇਖਕੇ ਬੜੇ ਖੁਸ਼ ਹੋਏ ਤੇ ਕਹਿਣ ਲੱਗੇ, ਸਰਦਾਰੋ ਪਹਿਲਾਂ ਕੁਝ ਖਾਣ-ਪੀਣ ਕਰ ਲਵੋ ਫਿਰ ਮੌਲਵੀ ਨੂੰ ਬੁਲਾ ਕੇ ਕਲਮਾ ਪੜਾ ਦੇਂਦੇ ਹਾਂ ।

ਸਿੱਖ ਬਜ਼ੁਰਗ ਨੇ ਸਿਰ ਮਾਰਿਆ, ਨਹੀ ਜੇ ਅਸੀਂ ਮੁਸਲਮਾਨ ਬਣ ਗਏ ਤਾਂ ਪੰਥ ਨੂੰ ਲਾਜ ਲੱਗ ਜਾਵੇਗੀ ਹੁਣ ਅਸੀਂ ਆਪਣੇ ਵਤਨ ਜਾਂ ਰਹੇ ਹਾਂ। ਤੁਆਡੀ ਬੜੀ ਮੇਹਰਬਾਨੀ ਤੁਸੀਂ ਬਹੁਤ ਖਲੂਸ ਦਿਖਾਇਆ, ਦਾਅਵਤਾਂ ਦਿੱਤੀਆਂ । ਸਿੱਖ ਤੇ ਮੁਸਲਮਾਨ ਹਿੱਕ ਦੂਜੇ ਦੇ ਗਲਿਆਂ ਨੂੰ ਚੁੰਬੜ ਕੇ ਵਿਲਕਦੇ ਰਹੇ । ਸਿੱਖਾਂ ਨੇ ਘੋੜੀਆਂ ਦੇ ਮੂੰਹ ਉਸ ਦੇਸ਼ ਵੱਲ ਕੀਤੇ ਜਿਸ ਦੇ ਬੰਨੇ ਬਾਰੇ ਕਿਸੇ ਨੂੰ ਪਤਾ ਨਹੀ ਸੀ ਇਹ ਕਿੱਥੋਂ ਸ਼ੁਰੂ ਹੁੰਦਾ ਹੈ।

ਟੈਕਸੀ ਮੇਰੇ ਘਰ ਅੱਗੇ ਆ ਕੇ ਰੁਕ ਗਈ। ਮੈਂ ਪੈਸੇ ਦੇ ਕੇ ਤੁਰਨ ਲੱਗਿਆ ਪਰ ਟੈਕਸੀ ਵਾਲੇ ਨੇ ਰੋਕ ਲਿਆ। ਸਰਦਾਰ ਜੀ ਤੁਸੀਂ ਪੁੱਛਿਆ ਸੀ ਮੇਰੇ ਘਰ ਕਿੱਥੇ ਹਨ, ਇਕ ਮੁੱਦਤ ਹੋ ਗਈ ਪਾਕਿਸਤਾਨ ਤੋਂ ਉੱਜੜ ਕੇ ਆਇਆ ਨੂੰ ਅਜੇ ਤੀਕ ਛੱਤ ਨਸੀਬ ਨਹੀ ਹੋਈ। ਉੱਜੜ ਗਿਆ ਦੇ ਕਿਹੜੇ ਘਰ ਹੁੰਦੇ ਹਨ ? ਸੀਨੇ ਵਿੱਚ ਦਰਦ ਦਬਾਈ ਰੋਟੀ ਰੋਜ਼ੀ ਲਈ ਟੈਕਸੀ ਵਾਲਾ ਭਾਈ ਅੱਗੇ ਤੁਰ ਗਿਆ।

# ਮੇਰੀ ਕਲਮ

## ਗੁਰੂ ਨਾਨਕ ਦੇਵ ਜੀ
**ਕਰਮਜੀਤ ਸਿੰਘ ਗਠਵਾਲਾ**

ਕੋਈ ਖਿੱਚ ਸੀ ਤੈਨੂੰ ਲਈਂ ਫਿਰਦੀ,
ਕਦੇ ਜੰਗਲਾਂ ਅਤੇ ਪਹਾੜਾਂ ਦੇ ਵਿੱਚ ।
ਕਿਸੇ ਧੁਹ ਦਾ ਧੂਹਿਆ ਜਾਂਵਦਾ ਸੀ,
ਭੱਜ ਭੱਜ ਕੇ ਵਣਾਂ ਉਜਾੜਾਂ ਦੇ ਵਿੱਚ ।

ਕਾਹਦੇ ਵਾਸਤੇ ਸਾਗਰ ਤੂੰ ਗਾਹੇ,
ਕਾਹਦੇ ਵਾਸਤੇ ਤਪਦੇ ਰੇਤ ਲੰਘੇ ।
ਪੋਹ ਮਾਘ ਦੀ ਠੰਢ ਨਾ ਤੂੰ ਵੇਖੀ,
ਸਿਰੋਂ ਵੇਖੇ ਨਾ ਹਾੜ੍ਹ ਤੇ ਜੇਠ ਲੰਘੇ ।

ਭੀਲਾਂ ਨਾਲ ਦੱਸ ਤੇਰਾ ਸੀ ਕੀ ਰਿਸ਼ਤਾ,
ਮਿਲਿਆ ਕੌਡੇ ਨੂੰ ਜੀਹਦੇ ਵਾਸਤੇ ਤੂੰ ।
ਜਿਨ੍ਹਾਂ ਉੱਤੋਂ ਸੀ ਲੰਘਣਾ ਬਹੁਤ ਮੁਸ਼ਕਿਲ,
ਸਾਰੇ ਗਾਹ ਮਾਰੇ ਉਹ ਰਸਤੇ ਤੂੰ ।

ਜਿਸਦੀ ਹਉਮੈ ਸੀ ਚੜ੍ਹੀ ਪਹਾੜ ਉੱਤੇ,
ਉਹਨੂੰ ਪਾਣੀ ਜਿਉਂ ਹੇਠਾਂ ਲਾਹ ਲਿਆ ।
ਜਿਹੜਾ ਔਝੜੇ ਔਝੜੇ ਜਾਂਵਦਾ ਸੀ,
ਉਹਨੂੰ ਮੋੜ ਸਿੱਧੇ ਰਾਹੇ ਪਾ ਲਿਆ ।

ਕੁਲ੍ਹੀ ਲਾਲੋ ਦੀ ਸੋਹਣਾ ਮਹਿਲ ਦਿੱਸੀ,
ਧੌਲਰ ਭਾਗੋ ਦੇ ਰੜੇ ਮੈਦਾਨ ਦਿੱਸੇ ।
ਹਿੰਦੂ, ਮੁਸਲਿਮ, ਨਾ ਕੋਈ ਜੈਨ, ਬੋਧੀ,
ਤੈਨੂੰ ਲੋਕ ਸਭ ਰੱਬੀ ਇਨਸਾਨ ਦਿੱਸੇ ।

ਲੱਗੇ ਰੋਗ ਕੋਈ ਤਾਂ ਇਲਾਜ ਖਾਤਰ,
ਰੋਗੀ ਵੈਦ ਕੋਲ ਚੱਲ ਕੇ ਆਂਵਦੇ ਨੇ ।
ਨਾਨਕ ਵੈਦ ਵਰਗੇ ਹੋਰ ਵੈਦ ਕਿੱਥੇ ?
ਜਿਹੜੇ ਰੋਗੀਆਂ ਕੋਲ ਖੁਦ ਜਾਂਵਦੇ ਨੇ ।

## ਗੁਰ ਨਾਨਕ ਆਇਆ
**ਭਾਈ ਵੀਰ ਸਿੰਘ**

ਟੇਕ-ਸਹੀਓ ਨੀ ! ਗੁਰੂ ਨਾਨਕ ਆਇਆ ।
ਗੁਰ ਨਾਨਕ ਗੁਰ ਨਾਨਕ ਆਇਆ ।
ਨਾਦ ਉਠਯੋ: ਗੁਰੂ ਨਾਨਕ ਆਯਾ ।
ਸ਼ਬਦ ਹੁਯੋ: ਗੁਰੂ ਨਾਨਕ ਆਯਾ ।੧।
ਮੁਸ਼ਕ ਉਠੇ ਮੇਰੇ ਬਨ ਤੇ ਬੇਲੇ,
ਖਿੜ ਪਏ ਬਾਗੀਂ ਫੁੱਲ ਰੰਗੀਲੇ ।
ਸਭ ਨੇ ਅਨਹਤ ਰਾਗ ਅਲਾਯਾ :
ਗੁਰੂ ਨਾਨਕ ਗੁਰੂ ਨਾਨਕ ਆਯਾ ।੨।
ਜਾਗ ਪਏ ਪੰਛੀ ਅਖ ਖੋਲ੍ਹਣ
ਗਾਵਣ ਗੀਤ ਰੰਗੀਲੇ ਬੋਲਣ :-
ਦੇਖੋ ਅਹੁ ਗੁਰ ਨਾਨਕ ਆਯਾ,
ਗੁਰੂ ਨਾਨਕ ਗੁਰੂ ਨਾਨਕ ਆਯਾ ।੩।
ਤਪੀਆਂ ਜੁਗਾਂ ਦਿਆਂ ਅਖ ਖੋਲ੍ਹੀ
ਤਯਾਗੀ ਮੌਨ, ਬੋਲ ਪਏ ਬੋਲੀ:-
ਅਹੁ ਤੱਕੋ ਗੁਰੂ ਨਾਨਕ ਆਯਾ,
ਗੁਰੂ ਨਾਨਕ ਗੁਰੂ ਨਾਨਕ ਆਯਾ ।੪।
ਦੁਖੀਆਂ ਕੰਨੀਂ ਪਈ ਬਲੇਲ:-
ਦੁਖਾਂ ਨੂੰ ਜੋ ਕਰੇ ਦਬੇਲ ।
ਅਹੁ ਗੁਰੂ ਨਾਨਕ ਨਾਨਕ ਆਯਾ,
ਸੁੱਖ ਸਬੀਲੀ ਨਾਲ ਲਿਆਯਾ ।੫।
ਕੂਕ ਉਠੀ ਦੁਨੀਆਂ ਪਈ ਗਾਵੇ,
ਮਸਤ ਅਲਸਤੀ ਤਾਨਾਂ ਲਾਵੇ:-
ਧੁੰਦ ਹਨੇਰੇ ਹੋਏ ਦੂਰ
ਫੈਲ ਗਿਆ ਹੈ ਨੂਰੋ ਨੂਰ
ਸਹੀਓ ਨੀ ਗੁਰੂ ਨਾਨਕ ਆਯਾ,
ਗੁਰੂ ਨਾਨਕ ਗੁਰੂ ਨਾਨਕ ਆਯਾ ।੬।
ਮੇਰਾ ਮੇਰਾ ਮੇਰਾ ਅਪਨਾ,
ਕਿਸੇ ਨਾ ਉਪ੍ਰਾ ਸਭ ਦਾ ਅਪਨਾ,
ਉਹ ਗੁਰੂ ਨਾਨਕ ਨਾਨਕ ਆਯਾ
ਸਹੀਓ ਨੀ ਗੁਰੂ ਨਾਨਕ ਆਯਾ ।੭।

## ਕਰਤਾਰਪੁਰ ਵਿੱਚ
**ਸ਼ਿਵ ਕੁਮਾਰ ਬਟਾਲਵੀ**



ਘੁੰਮ ਚਾਰੇ ਚੱਕ ਜਹਾਨ ਦੇ
ਜਦ ਘਰ ਆਇਆ ਕਰਤਾਰ
ਕਰਤਾਰਪੁਰੇ ਦੀ ਨਗਰੀ
ਜਿਵੇਂ ਗਲ ਰਾਵੀ ਦਾ ਹਾਰ
ਜਿਵੇਂ ਝਮ ਝਮ ਪਾਣੀ ਲਿਸ਼ਕਦੇ
ਜਿਵੇਂ ਚਾਂਦੀ-ਵੰਨੀ ਧਾਰ
ਲਾਹ ਬਾਣਾ ਜੋਗ ਫ਼ਕੀਰ ਦਾ
ਮੁੜ ਮੱਲਿਆ ਆ ਸੰਸਾਰ
ਕਦੇ ਮੰਜੀ ਬਹਿ ਅਵਤਾਰੀਆ
ਕਰੇ ਦਸ ਨਹੁੰਆਂ ਦੀ ਕਾਰ
ਉਹਦੀ ਜੀਭ ਜਪੁਜੀ ਬੈਠਿਆ
ਤੇ ਅੱਖੀਂ ਨਾਮ-ਖ਼ੁਮਾਰ
ਸੁਣ ਸੋਹਬਾ ਰੱਬ ਦੇ ਜੀਵ ਦੀ
ਆ ਜੁੜਿਆ ਕੁੱਲ ਸੰਸਾਰ
ਤਦ ਕੁੱਲ ਜੱਗ ਚਾਨਣ ਹੋ ਗਿਆ
ਤੇ ਮਿਟੇ ਕੂੜ ਅੰਧਿਆਰ
ਚੌਹ ਕੂਟੀਂ ਸ਼ਬਦ ਇਹ ਗੂੰਜਿਆ
ਉਹ ਰੱਬ ਹੈ ਇੱਕ ਓਂਕਾਰ ।

## ਬਾਬਾ ਨਾਨਕ
**ਮਨਿੰਦਰ ਕੌਰ ਬਸੀ**

ਜਿਸ ਦੇ ਚਾਨਣ ਰਿਸ਼ਮਾਂ ਪਾਈਆਂ ਲਹਿਣੇ ਦੇ ਆਈਨੇ ਤੇ,
ਉਸ ਜੋਤ ਨੇ ਛਾਪ ਲਗਾਈ ਕੰਧਾਰੀ ਦੇ ਸੀਨੇ ਤੇ ।
ਬਾਲਕ ਵਾਂਗੀ ਬੁੱਢਾ ਕੀਤਾ, ਬੇਰ ਬਣਾਇਆ ਰੇਠੇ ਦਾ,
ਰਾਇ ਬੁਲਾਰ ਮੁਰੀਦ ਕਰ ਲਿਆ, ਪਾ ਕੇ ਨੂਰ ਨਗੀਨੇ ਤੇ ।
ਕਿਰਤੀ ਦਾ ਭੰਡਾਰ ਵਿਖਾਇਆ, ਅੰਨ੍ਹੇ ਮਾਇਆ ਧਾਰੀ ਨੂੰ,
ਸੱਜਣ ਠੱਗ ਨੂੰ ਝਾਤ ਪੁਆਈ, ਘਰ ਵਿਚ ਪਏ ਦਫ਼ੀਨੇ ਤੇ ।
ਬ੍ਰਾਹਮਣ ਕਾਜ਼ੀ ਦੋਵੇਂ ਰਗੜੇ, ਨਿਯਤ ਦੀ ਘਸਵੱਟੀ ਤੇ,
ਉਹ ਅਛੂਤ ਬਰਾਬਰ ਤੋਲੇ, ਕਰਤਬ ਦੇ ਤਖ਼ਮੀਨੇ ਤੇ ।
ਪ੍ਰੇਮ ਨਸ਼ੇ ਥੀਂ ਖੀਵਾ ਕੀਤਾ, ਅਮਲਾਂ ਦੇ ਦੀਵਾਨੇ ਨੂੰ ।
ਮੱਕੇ ਵਾਲੇ ਨੂੰ ਭਰਮਾਇਆ, ਦਿਲ ਦੇ ਪਾਕ ਮਦੀਨੇ ਤੇ ।
ਵਹਦਤ ਦਾ ਵਿਉਪਾਰੀ ਆਇਆ, ਹਾਦੀ ਹਿੰਦੂ ਮੁਸਲਿਮ ਦਾ,
ਮੰਦਰ ਮਸਜਿਦ ਸਾਂਝੇ ਕੀਤੇ, ਮਿਟੀ ਪਾਈ ਕੀਨੇ ਤੇ ।
ਆ ਜਾ ਮਨ ਅਜ ਸ਼ੁਕਰਾਨੇ ਕਰੀਏ ਬਾਬੇ ਏਕੰਕਾਰੀ ਦੇ,
ਜਿਸ ਨੇ ਜੋਤ ਜਗਾਈ ਆਣ ਗੁਆਚੇ ਮਾਲ ਖਜੀਨੇ ਤੇ ।
ਦੁਨੀਆਂ ਵਾਲਿਓ, ਕੁਝ ਨਾ ਪੁਛੋ ਮੇਰੇ ਐਬ ਸਵਾਬਾਂ ਦੀ,
ਚਾਤ੍ਰਿਕ ਦਾ ਹੈ ਤਕਵਾ ਆਪਣੇ ਰਹਬਰ ਦਾਨੇ ਬੀਨੇ ਤੇ ।

## ਗੁਰੂ ਨਾਨਕ ਜੀ
**ਜਾਵੇਦ ਜ਼ਕੀ**

ਨਾਨਕ ਰੂਪ ਸੁਬਾ ਦੀ ਲਾਲੀ
ਰੁਤਬਾ ਆਲੀ ਆਲੀ
ਮੁੱਖ ਰਿਸ਼ਮਾਂ ਦਾ ਧੋਤਾ ਹੋਇਆ
ਸੂਰਤ ਕਰਮਾਂ ਵਾਲੀ
ਤੇਰੀ ਮਹਿਕ ਫੈਲੀ ਜੱਗ ਸਾਰੇ
ਗਲੀਆਂ ਦਵਾਰੇ ਦਵਾਰੇ
ਇੱਕ ਦੁਨੀਆਂ 'ਤੇ ਚਾਨਣ ਕੀਤਾ
ਤੇਰੇ ਮੁੱਖ ਲਸ਼ਕਾਰੇ
ਸਾਡੇ 'ਤੇ ਵੀ ਕਰਮ ਕਰੀਂ ਚਾ
ਮੁੱਕ ਜਾਵੇ ਬਦ ਹਾਲੀ
ਆ ਵੰਜ ਮਾਹੀ ਅੰਦਰ ਵੱਸ ਚਾ
ਲੂੰ ਲੂੰ ਦੇ ਵਿੱਚ ਰੱਸ ਚਾ
ਮੰਨ ਥੀਵੇ ਚਾ ਹਰਿਆ ਭਰਿਆ
ਕਿਧਰੋਂ ਨਿੰਮਾ ਹੱਸ ਚਾ
ਪ੍ਰੇਮ ਜੋਤ ਦੀ ਰੰਗਲੀ ਜੋਤ ਜਗਾ ਦੇ
ਦੁਨੀਆ ਥੈ ਸੁਖਾਲੀ
ਮੈਂ ਔਗਣ ਮੇਰਾ ਸੀਨਾ ਭਰ ਚਾ
ਅੰਦਰ ਨੂਰੀ ਕਰ ਚਾ
ਮੁੱਕ ਜਾਵਣ ਸਭ ਰੌਲ਼ੇ ਗੌਲ਼ੇ
ਰੂਹ ਨੂੰ ਅੰਮ੍ਰਿਤ ਕਰ ਚਾ
ਤੂੰ ਪੰਜਾਬ ਦਾ ਸੁਰਜਨ ਤਾਰਾ
ਪੰਜ ਨਦੀਆਂ ਦਾ ਵਾਲ

## ਪੀਰ ਨਾਨਕ
**ਬਾਬੂ ਫ਼ੀਰੋਜ਼ਦੀਨ ਸ਼ਰਫ਼**

ਰੁਤਬੇ ਸ਼ਾਹਾਂ ਦੇ ਰੱਖਦੇ ਜੱਗ ਉੱਤੇ,
ਤੇਰੇ ਬੂਹੇ ਦੇ ਜੇੜ੍ਹੇ ਫ਼ਕੀਰ ਨਾਨਕ ।
ਪੱਕੀ ਸਨਦ ਹੈ ਸਵਰਗ ਦੇ ਵਾਸਤੇ ਇਹ,
ਤੇਰੀ ਗੋਦੜੀ ਦੀ ਪਾਟੀ ਲੀਰ ਨਾਨਕ ।
ਤੇਰੇ ਪੈਰਾਂ ਦੀ ਮਲੀ ਜਿਸ ਖ਼ਾਕ ਪਿੰਡੇ,
ਕੁੰਦਨ ਹੋ ਗਿਆ ਓਹਦਾ ਸਰੀਰ ਨਾਨਕ ।
ਭਲਾ ਬੰਦੇ ਹਕੀਕਤ ਕੀ ਰੱਖਦੇ ਨੇ,
ਕੱਢੇ ਪੱਥਰਾਂ ਦੇ ਵਿੱਚੋਂ ਨੀਰ ਨਾਨਕ ।
ਹੋਏ ਓਸ ਥਾਂ ਠੀਕਰੇ ਠਾਕਰਾਂ ਦੇ,
ਗਏ ਘੱਤ ਕੇ ਜਿਧਰ ਵਹੀਰ ਨਾਨਕ ।
ਪਾਇਆ ਇੱਕ ਓਂਕਾਰ ਦੇ ਰਾਹ ਸਿੱਧੇ,
ਪਾ ਕੇ 'ਇੱਕ' ਦੀ ਇੱਕ ਲਕੀਰ ਨਾਨਕ ।
ਜੇੜ੍ਹੇ ਜੇੜ੍ਹੇ ਸਨ ਜ਼ੁਲਮ ਕਮਾਨ ਵਾਲੇ,
ਤੁਸਾਂ ਕਰ ਦਿੱਤੇ ਸਿੱਧੇ ਤੀਰ ਨਾਨਕ ।
ਜਲਵੇ ਨੂਰ ਦੇ ਵੇਖਦਾ ਰਹਾਂ ਹਰਦਮ,
ਵੱਸੇ ਅੱਖੀਆਂ ਵਿੱਚ ਤਸਵੀਰ ਨਾਨਕ ।
ਦੁਨੀਆਂ ਥੱਕ ਗਈ ਏ ਗਿਣ ਗਿਣ ਗੁਣ ਤੇਰੇ,
ਪਾਇਆ ਅੰਤ ਨਾ ਗੁਣੀ ਗਹੀਰ ਨਾਨਕ ।
ਕਰਾਂ ਦੱਸ ਕੀ ਸ਼ਾਨ ਬਿਆਨ ਤੇਰੀ ?
ਗੁਰੂ ਸਿੱਖਾਂ ਦੇ 'ਸ਼ਰਫ਼' ਦੇ ਪੀਰ ਨਾਨਕ ।

## ਪਿਆਰਾ ਗੁਰੂ ਨਾਨਕ
**ਵਿਧਾਤਾ ਸਿੰਘ ਤੀਰ**

ਤੇਰਾ ਰੂਪ ਹੈ ਰੱਬ ਦਾ ਰੂਪ ਨਾਨਕ,
ਤੇਰਾ ਦਿਲ ਹੈ ਸਦਾ ਨਿਰੰਕਾਰ ਅੰਦਰ ।
ਕਾਗੋਂ ਹੰਸ ਹੋਵੇ ਉੱਚੀ ਵੰਸ ਵਾਲਾ,
ਇਹ ਹੈ ਪ੍ਰਭਤਾ ਤੇਰੇ ਦਰਬਾਰ ਅੰਦਰ ।
ਬਣ ਕੇ ਵੈਦ ਜੇ ਦਏਂ ਹਰ-ਨਾਮ ਚੁਟਕੀ,
ਨਵੀਂ ਫੂਕ ਦਏਂ ਰੂਹ ਬੀਮਾਰ ਅੰਦਰ ।
ਛੱਲ ਵੱਲ ਸਾਰੇ ਪੱਲ ਵਿੱਚ ਕੱਢੇਂ,
ਮੇਟੇਂ ਕੱਲ ਦੀ ਕੱਲ ਪਲਕਾਰ ਅੰਦਰ ।

ਮਿੱਠਾ ਰਾਗ ਹੈ ਤੇਰੀ ਰਬਾਬ ਅੰਦਰ,
ਪ੍ਰੇਮ ਰੱਸ ਹੈ ਸਤ ਕਰਤਾਰ ਅੰਦਰ ।
ਵਿੱਕ ਜਾਏਂ ਤੂੰ ਕਿਸੇ ਦੇ ਪਯਾਰ ਉੱਤੋਂ,
ਪਹੁੰਚੇਂ ਪਲ ਵਿੱਚ ਕਾਬਲ ਕੰਧਾਰ ਅੰਦਰ ।
ਵਲੀ ਪੀਰ ਫ਼ਕੀਰ ਤੇ ਸਾਧ ਜੋਗੀ,
ਸਿਫ਼ਤ ਨਹੀਂ ਇਹ ਕਿਸੇ ਅਵਤਾਰ ਅੰਦਰ ।
ਸਭਸ ਵਾਸਤੇ ਨੂਰ ਵਰਸਾਣ ਵਾਲਾ,
ਤੇਰਾ ਮੁਖੜਾ ਹੈ ਸੰਸਾਰ ਅੰਦਰ ।

## ਨਾਨਕੀ ਦਾ ਗੀਤ
**ਪ੍ਰੋਫੈਸਰ ਮੋਹਨ ਸਿੰਘ**

ਸਾਡੇ ਵਿਹੜੇ ਆਇਆ ਮਾਏ, ਨੂਰ ਕੋਈ ਰੱਬ ਦਾ,
ਸਾਰੇ ਜਗ ਵੇਖ ਲਿਆ ਸਾਨੂੰ ਕਿਉਂ ਨਾ ਲਭਦਾ ?
ਵੇਖ ਲਿਆ ਦਾਈਆਂ ਤੇ ਪਛਾਣ ਲਿਆ ਪਾਂਧਿਆਂ,
ਮੁੱਲਾਂ ਕੁਰਬਾਨ ਹੋਇਆ ਮੁਖ ਨੂੰ ਤਕਾਂਦਿਆਂ ।
ਮੱਝੀਆਂ ਤੇ ਗਾਈਆਂ ਡਿੱਠਾ ਚੁੱਕ ਚੁੱਕ ਥੂਥੀਆਂ,
ਕੀੜਿਆਂ ਤੇ ਕਾਂਢਿਆਂ ਵੀ ਲਭ ਲਈਆਂ ਖ਼ੂਬੀਆਂ ।
ਪੰਛੀਆਂ ਪਛਾਣ ਲਏ ਮਾਏ ਉਹਦੇ ਬੋਲ ਨੀ,
ਚਿਤਰੇ ਤੇ ਸ਼ੇਰ ਸੁੱਤੇ ਮਸਤ ਉਹਦੇ ਕੋਲ ਨੀ ।
ਵਣਾ ਕੀਤੇ ਸਾਏ, ਸੱਪਾਂ ਛੱਜਲੀਆਂ ਖਿਲਾਰੀਆਂ,
ਸਾਗਰਾਂ ਨੇ ਰਾਹ ਦਿੱਤੇ, ਮੱਛਾਂ ਨੇ ਸਵਾਰੀਆਂ ।
ਤੱਕ ਕੇ ਇਸ਼ਾਰੇ ਉਹਦੇ ਮੌਲ ਪਈਆਂ ਵਾੜੀਆਂ,
ਲਗ ਉਹਦੇ ਪੰਜੇ ਨਾਲ ਰੁਕੀਆਂ ਪਹਾੜੀਆਂ ।
ਤੱਕ ਉਹਦੇ ਨੈਣਾਂ ਦੀਆਂ ਡੂੰਘੀਆਂ ਖ਼ੁਮਾਰੀਆਂ,
ਭੁੱਲ ਗਈਆਂ ਟੂਣੇ ਕਾਮਰੂਪ ਦੀਆਂ ਨਾਰੀਆਂ ।
ਠੱਗਾਂ ਨੂੰ ਠਗੌਰੀ ਭੁੱਲੀ ਪੈਰੀਂ ਉਹਦੇ ਲੱਗ ਨੀ,
ਤਪਦੇ ਕੜਾਹੇ ਬੁੱਝੇ, ਠੰਢੀ ਹੋਈ ਅੱਗ ਨੀ ।
ਹਿੱਲੀਆਂ ਜਾਂ ਰਤਾ ਮੇਰੇ ਵੀਰ ਦੀਆਂ ਬੁੱਲ੍ਹੀਆਂ,
ਜੋਗੀਆਂ ਨੂੰ ਰਿੱਧਾਂ, ਨਿੱਧਾਂ, ਸਿਧਾਂ ਸਭ ਭੁੱਲੀਆਂ ।
ਇਹ ਕੀ ਏ ਜਹਾਨ, ਸਾਰੇ ਜਗ ਉਹਦੇ ਗੋਲੇ ਨੀ,
ਚੰਦ ਸੂਰ ਗਹਿਣੇ ਅਸਮਾਨ ਉਹਦੇ ਚੋਲੇ ਨੀ ।
ਜਲਾਂ ਥਲਾਂ ਅੰਬਰਾਂ ਅਕਾਸ਼ਾਂ ਉਹਨੂੰ ਪਾ ਲਿਆ,
ਰੇਤ ਦਿਆਂ ਜ਼ੱਰਿਆਂ ਵੀ ਓਸ ਨੂੰ ਤਕਾ ਲਿਆ ।
ਸਾਰੇ ਜਗ ਵੇਖ ਲਿਆ ਸਾਨੂੰ ਕਿਉਂ ਨਾ ਲਭਦਾ ?
ਸਾਡੇ ਵਿਹੜੇ ਆਇਆ ਮਾਏ, ਨੂਰ ਕੋਈ ਰੱਬ ਦਾ ।

# ਚੈਂਪੀਅਨਜ਼ ਟਰਾਫੀ: ਪਾਕਿਸਤਾਨ ਨਹੀਂ ਜਾਵੇਗੀ ਭਾਰਤੀ ਟੀਮ

## ਭਾਰਤੀ ਕ੍ਰਿਕਟ ਬੋਰਡ ਨੇ 'ਹਾਈਬ੍ਰਿਡ ਮਾਡਲ' ਤਹਿਤ ਮੈਚ ਦੁਬਈ 'ਚ ਕਰਵਾਉਣ ਦੀ ਇੱਛਾ ਜਤਾਈ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਕ੍ਰਿਕਟ ਬੋਰਡ (ਬੀ.ਸੀ.ਸੀ.ਆਈ.) ਨੇ ਸਾਰੀਆਂ ਕਿਆਸਅਰਾਈਆਂ 'ਤੇ ਠੱਲ ਪਾਉਂਦਿਆਂ ਇੱਥੇ ਅਧਿਕਾਰਤ ਤੌਰ 'ਤੇ ਸਪੱਸ਼ਟ ਕੀਤਾ ਕਿ ਚੈਂਪੀਅਨਜ਼ ਟਰਾਫੀ ਲਈ ਭਾਰਤੀ ਟੀਮ ਪਾਕਿਸਤਾਨ ਨਹੀਂ ਜਾਵੇਗੀ। ਬੋਰਡ ਨੇ ਅਧਿਕਾਰਤ ਤੌਰ 'ਤੇ ਪਾਕਿਸਤਾਨ ਕ੍ਰਿਕਟ ਬੋਰਡ ਕੋਲ ਆਪਣਾ ਰੁਖ਼ ਸਪੱਸ਼ਟ ਕਰ ਦਿੱਤਾ ਹੈ। 2025 ਚੈਂਪੀਅਨਜ਼ ਟਰਾਫੀ 19 ਫਰਵਰੀ ਤੋਂ 9 ਮਾਰਚ ਤੱਕ ਤਿੰਨ ਸ਼ਹਿਰਾਂ ਕਰਾਚੀ, ਲਾਹੌਰ ਅਤੇ ਰਾਵਲਪਿੰਡੀ ਵਿੱਚ ਹੋਵੇਗੀ। ਬੀ.ਸੀ.ਸੀ.ਆਈ. ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦਿਆਂ ਟੀਮ ਨੂੰ ਟੂਰਨਾਮੈਂਟ ਵਿੱਚ ਹਿੱਸਾ ਲੈਣ ਤੋਂ ਰੋਕਣ ਦਾ ਕਾਰਨ ਦੱਸਿਆ ਹੈ। ਹੁਣ ਭਾਰਤੀ ਕ੍ਰਿਕਟ ਬੋਰਡ ਨੇ ਕਿਹਾ ਹੈ ਕਿ ਟੀਮ ਦੇ ਮੈਚ ਦੁਬਈ ਵਿੱਚ ਹੋਣੇ ਚਾਹੀਦੇ ਹਨ। ਪਿਛਲੇ ਦੋ ਸਾਲਾਂ ਦੌਰਾਨ ਇਹ ਦੂਜੀ ਵਾਰ ਹੈ, ਜਦੋਂ ਟੀਮ ਨੇ ਅਜਿਹਾ ਕਰਨ ਲਈ ਕਿਹਾ ਹੈ। ਇਸ ਤੋਂ ਪਹਿਲਾਂ ਏਸ਼ੀਅਨ ਕ੍ਰਿਕਟ ਕੌਂਸਲ ਦੇ ਮੁਖੀ ਜੈ ਸ਼ਾਹ ਦੀ ਅਗਵਾਈ ਵਿੱਚ ਭਾਰਤ ਨੇ ਸ੍ਰੀਲੰਕਾ ਵਿੱਚ ਮੈਚ ਖੇਡੇ ਸੀ।




ਬੀ.ਸੀ.ਸੀ.ਆਈ. ਨੇ ਅਧਿਕਾਰਤ ਤੌਰ 'ਤੇ ਆਪਣਾ ਰੁਖ਼ ਸਪੱਸ਼ਟ ਕੀਤਾ ਹੈ। ਬੀ.ਸੀ.ਸੀ.ਆਈ. ਸੂਤਰਾਂ ਅਨੁਸਾਰ ਕਿਸੇ ਵੀ ਤਰ੍ਹਾਂ ਦੀ ਦੇਰੀ ਕਾਰਨ ਮਾਮਲਾ ਪੇਚੀਦਾ ਹੋ ਸਕਦਾ ਹੈ। ਏਸ਼ੀਆ ਕੱਪ ਸਮੇਂ ਤੋਂ ਹੀ ਬੀ.ਸੀ.ਸੀ.ਆਈ. ਹਾਈਬ੍ਰਿਡ ਮਾਡਲ ਅਪਨਾਉਣ 'ਤੇ ਜ਼ੋਰ ਦੇ ਰਿਹਾ ਹੈ ਅਤੇ ਉਸ ਨੇ ਭਾਰਤੀ ਮੈਚਾਂ ਲਈ ਸ੍ਰੀਲੰਕਾ ਅਤੇ ਯੂ.ਏ.ਆਈ. ਦੇ ਸਥਾਨਾਂ ਦਾ ਸੁਝਾਅ ਦਿੱਤਾ ਹੈ। ਸਮਝਿਆ ਜਾ ਰਿਹਾ ਹੈ ਕਿ ਅਮਿਤ ਸ਼ਾਹ ਦੀ ਅਗਵਾਈ ਵਾਲੇ ਗ੍ਰਹਿ ਮੰਤਰਾਲੇ ਨਾਲ ਸਲਾਹ-ਮਸ਼ਵਰੇ ਮਗਰੋਂ ਹੀ ਪਾਕਿਸਤਾਨ ਦੀ ਯਾਤਰਾ ਨਾ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਇਸ ਸਾਲ ਦੇ ਸ਼ੁਰੂ ਵਿੱਚ ਕੁੱਝ ਖ਼ਬਰ ਏਜੰਸੀਆਂ ਨੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦੇ ਪਾਕਿਸਤਾਨ ਦੌਰੇ ਮਗਰੋਂ ਭਾਰਤੀ ਟੀਮ ਦੀ ਗੁਆਂਢੀ ਮੁਲਕ ਦੀ ਯਾਤਰਾ ਦੀ ਸੰਭਾਵਨਾ ਨੂੰ ਉਭਾਰਿਆ ਸੀ। ਹਾਲਾਂਕਿ ਬੀ.ਸੀ.ਸੀ.ਆਈ. ਨੇ ਭਾਰਤ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਹੈ ਕਿ ਸਰਹੱਦ ਪਾਰ ਅਤਿਵਾਦ 'ਤੇ ਠੱਲ ਪਾਉਣ ਮਗਰੋਂ ਹੀ ਕ੍ਰਿਕਟ ਸਬੰਧਾਂ ਨੂੰ ਬਹਾਲ ਕੀਤਾ ਜਾਵੇਗਾ।

# ਪਾਕਿਸਤਾਨ ਨੇ ਆਸਟ੍ਰੇਲੀਆ 'ਚ 22 ਸਾਲਾਂ ਬਾਅਦ ਜਿੱਤੀ ਲੜੀ

## ਫ਼ੈਸਲਾਕੁਨ ਮੈਚ 'ਚ ਮੇਜ਼ਬਾਨ ਟੀਮ ਨੂੰ ਅੱਠ ਵਿਕਟਾਂ ਨਾਲ ਹਰਾਇਆ

ਪਰਥ/ਏ.ਟੀ.ਨਿਊਜ਼: ਤੇਜ਼ ਗੇਂਦਬਾਜ਼ਾਂ ਦੇ ਸਾਨਦਾਰ ਪ੍ਰਦਰਸ਼ਨ ਸਦਕਾ ਪਾਕਿਸਤਾਨ ਨੇ ਇੱਥੇ ਆਸਟ੍ਰੇਲੀਆ ਨੂੰ ਅੱਠ ਵਿਕਟਾਂ ਨਾਲ ਹਰਾ ਕੇ ਤਿੰਨ ਮੈਚਾਂ ਦੀ ਇੱਕ ਰੋਜ਼ਾ ਲੜੀ 2-1 ਨਾਲ ਜਿੱਤ ਲਈ। ਪਾਕਿਸਤਾਨ ਨੇ 2002 ਤੋਂ ਬਾਅਦ ਆਸਟ੍ਰੇਲੀਆ ਵਿੱਚ ਇਹ ਪਹਿਲੀ ਇੱਕ ਰੋਜ਼ਾ ਕ੍ਰਿਕਟ ਲੜੀ ਜਿੱਤੀ ਹੈ।

ਪਹਿਲਾਂ ਬੱਲੇਬਾਜ਼ੀ ਕਰਦਿਆਂ ਆਸਟ੍ਰੇਲੀਆ ਦੀ ਪਾਰੀ 31.5 ਓਵਰਾਂ ਵਿੱਚ 140 ਦੌੜਾਂ 'ਤੇ ਹੀ ਸਿਮਟ ਗਈ। ਆਸਟ੍ਰੇਲੀਆ ਲਈ ਸੀਨ ਐਬੋਟ ਨੇ 30 ਅਤੇ ਮੈਥਿਊ ਸ਼ਾਰਟ ਨੇ 22 ਦੌੜਾਂ ਦਾ ਯੋਗਦਾਨ ਪਾਇਆ।

ਬਾਕੀ ਬੱਲੇਬਾਜ਼ਾਂ ਦਾ ਪ੍ਰਦਰਸ਼ਨ ਇਸ ਤੋਂ ਵੀ ਨਿਰਾਸ਼ਾਜਨਕ ਰਿਹਾ। ਉਧਰ ਆਸਟ੍ਰੇਲੀਆ ਲਈ ਸ਼ਾਹੀਨ ਅਫਰੀਦੀ ਅਤੇ ਨਸੀਮ ਸ਼ਾਹ ਨੇ 3-3, ਜਦਕਿ ਹੈਰਿਸ ਰੌਫ ਨੇ ਦੋ ਅਤੇ ਮੁਹੰਮਦ ਹਸਨੈਨ ਨੇ ਇੱਕ ਵਿਕਟ ਲਈ। ਆਸਟ੍ਰੇਲੀਆ ਨੇ ਇਹ ਟੀਚਾ 26.5 ਓਵਰਾਂ ਵਿੱਚ ਦੋ ਵਿਕਟਾਂ ਦੇ ਨੁਕਸਾਨ 'ਤੇ 143 ਦੌੜਾਂ ਬਣਾ ਕੇ ਪੂਰਾ ਕਰ ਲਿਆ। ਪਾਕਿਸਤਾਨ ਲਈ ਸੈਮ ਆਯੂਬ ਨੇ 42, ਅਬਦੁੱਲਾ ਸ਼ਫੀਕ ਨੇ 37, ਕਪਤਾਨ ਮੁਹੰਮਦ ਰਿਜ਼ਵਾਨ ਨੇ ਨਾਬਾਦ 30 ਅਤੇ ਬਾਬਰ ਆਜ਼ਮ ਨੇ ਨਾਬਾਦ 28 ਦੌੜਾਂ ਦੀ ਪਾਰੀ ਖੇਡੀ। ਆਸਟ੍ਰੇਲੀਆ ਲਈ ਦੋਵੇਂ ਵਿਕਟਾਂ ਲੈਂਸਲ ਮੋਰਿਸ ਨੇ ਲਈਆਂ।




ਘਰੇਲੂ ਟੀਮ ਵਿੱਚ ਕਪਤਾਨ ਪੈਟ ਕਮਿਨਸ, ਸਟੀਵਨ ਸਮਿਥ, ਜੋਸ਼ ਹੇਜ਼ਲਵੁੱਡ, ਮਿਸ਼ੇਲ ਸਟਾਰਕ ਅਤੇ ਮਾਰਨਸ ਲਾਬੂਸ਼ੇਨ ਵਰਗੇ ਆਪਣੇ ਸਟਾਰ ਖਿਡਾਰੀਆਂ ਤੋਂ ਬਿਨਾਂ ਖੇਡ ਰਹੀ ਸੀ। ਇਨ੍ਹਾਂ ਨੂੰ ਭਾਰਤ ਖ਼ਿਲਾਫ਼ ਸ਼ੁਰੂ ਹੋਣ ਵਾਲੀ ਟੈਸਟ ਲੜੀ ਦੇ ਪਹਿਲੇ ਮੈਚ ਲਈ ਆਰਾਮ ਦਿੱਤਾ ਗਿਆ ਸੀ। ਇਹ ਲੜੀ ਵਿਸ਼ਵ ਟੈਸਟ ਚੈਂਪੀਅਨਸ਼ਿਪ ਲਈ ਕਾਫੀ ਅਹਿਮ ਮੰਨੀ ਜਾ ਰਹੀ ਹੈ। ਫਾਈਨਲ ਵਿੱਚ ਜਗ੍ਹਾ ਬਣਾਉਣ ਲਈ ਭਾਰਤ ਲਈ ਇਸ ਲੜੀ ਵਿੱਚ ਚੰਗਾ ਪ੍ਰਦਰਸ਼ਨ ਜ਼ਰੂਰੀ ਹੈ।

# ਹਰਮਨਪ੍ਰੀਤ ਕੌਰ ਡਬਲਿਊ.ਬੀ.ਬੀ.ਐੱਲ. ਟੀਮ ਲਈ 50 ਖਿਡਾਰੀਆਂ ਦੀ ਸੂਚੀ 'ਚ ਸ਼ਾਮਲ

ਮੈਲਬਰਨ/ਏ.ਟੀ.ਨਿਊਜ਼: ਭਾਰਤੀ ਕਪਤਾਨ ਹਰਮਨਪ੍ਰੀਤ ਕੌਰ ਨੂੰ ਮਹਿਲਾ ਬਿੱਗ ਬੈਸ਼ ਲੀਗ (ਡਬਲਿਊ.ਬੀ.ਬੀ.ਐੱਲ.) ਦੀ ਦਹਾਕੇ ਦੀ ਟੀਮ ਲਈ 50 ਖਿਡਾਰੀਆਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ।



ਇਸ ਸੂਚੀ ਨੂੰ ਪਿਛਲੇ ਦਿਨੀਂ ਜਾਰੀ ਕੀਤਾ ਗਿਆ, ਜਿਸ ਵਿੱਚ ਜਗ੍ਹਾ ਬਣਾਉਣ ਵਾਲੀ ਹਰਮਨਪ੍ਰੀਤ ਕੌਰ ਇਕਲੌਤੀ ਭਾਰਤੀ ਕ੍ਰਿਕਟਰ ਹੈ। ਇਸ ਸੂਚੀ ਵਿੱਚ ਉਨ੍ਹਾਂ ਖਿਡਾਰੀਆਂ ਨੂੰ ਜਗ੍ਹਾ ਦਿੱਤੀ ਗਈ ਹੈ, ਜਿਨ੍ਹਾਂ ਮੌਜੂਦਾ ਸੈਸ਼ਨ ਤੋਂ ਪਹਿਲਾਂ ਡਬਲਿਊ.ਬੀ.ਬੀ.ਐੱਲ. ਵਿੱਚ ਘੱਟੋ-ਘੱਟ 60 ਮੈਚ ਖੇਡੇ ਹਨ। ਜਨਤਕ ਵੋਟਿੰਗ ਮਗਰੋਂ ਮਾਹਿਰਾਂ ਦੀ ਇੱਕ ਵਿਸ਼ੇਸ਼ ਚੋਣ ਕਮੇਟੀ ਇਸ ਸੂਚੀ ਵਿੱਚੋਂ ਆਖ਼ਰੀ 12 ਖਿਡਾਰੀਆਂ ਦੀ ਚੋਣ ਕਰੇਗੀ। ਜਨਤਕ ਵੋਟਿੰਗ 24 ਨਵੰਬਰ ਤੱਕ ਕੀਤੀ ਜਾ ਸਕਦੀ ਹੈ। ਕ੍ਰਿਕਟ ਆਸਟ੍ਰੇਲੀਆ ਦੇ ਡਾਇਰੈਕਟਰ ਕਲੀਅ ਸਮਿੱਥ ਚੋਣ ਕਮੇਟੀ ਦੇ ਪ੍ਰਧਾਨ ਹਨ। ਟੀਮ ਦਾ ਐਲਾਨ ਇੱਕ ਦਸੰਬਰ ਨੂੰ ਕੀਤਾ ਜਾਵੇਗਾ।

# ਭਾਰਤ ਨੇ 2036 ਦੀਆਂ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਲਈ ਰਸਮੀ ਦਾਅਵਾ ਪੇਸ਼ ਕੀਤਾ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਨੇ 2036 ਦੀਆਂ ਉਲੰਪਿਕ ਅਤੇ ਪੈਰਾਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਨ ਦੀ ਇੱਛਾ ਜ਼ਾਹਰ ਕਰਦਿਆਂ ਕੌਮਾਂਤਰੀ ਉਲੰਪਿਕ ਕਮੇਟੀ ਦੇ 'ਭਵਿੱਖੀ ਮੇਜ਼ਬਾਨ ਕਮਿਸ਼ਨ' ਨੂੰ 'ਇਰਾਦਾ ਪੱਤਰ' ਸੌਂਪਿਆ ਹੈ। ਕਈ ਮਹੀਨਿਆਂ ਬਾਅਦ ਇੱਕ ਅਭਿਲਾਸ਼ੀ ਯੋਜਨਾ ਵਿੱਚ ਪਹਿਲਾ ਠੋਸ ਕਦਮ ਚੁੱਕਦਿਆਂ ਇੱਕ 'ਇਰਾਦਾ ਪੱਤਰ' ਸੌਂਪਿਆ ਹੈ। ਇਸ ਤਰ੍ਹਾਂ ਭਾਰਤ ਨੇ ਇਸ ਬਹੁਤ ਹੀ ਅਹਿਮ ਯੋਜਨਾ ਸਬੰਧੀ ਆਈ.ਓ.ਸੀ. ਨਾਲ ਕਈ ਮਹੀਨਿਆਂ ਦੀ ਗੈਰ-ਰਸਮੀ ਗੱਲਬਾਤ ਤੋਂ ਬਾਅਦ ਇੱਕ ਠੋਸ ਕਦਮ ਚੁੱਕਿਆ ਹੈ।

ਖੇਡ ਮੰਤਰਾਲੇ ਦੇ ਇੱਕ ਸੂਤਰ ਅਨੁਸਾਰ ਭਾਰਤੀ ਉਲੰਪਿਕ ਸੰਘ ਨੇ ਕਮਿਸ਼ਨ ਨੂੰ ਇਹ ਪੱਤਰ ਪਿਛਲੇ ਦਿਨੀਂ ਸੌਂਪਿਆ ਸੀ। ਸੂਤਰ ਨੇ ਕਿਹਾ ਕਿ ਜੇ ਭਾਰਤ ਨੂੰ ਖੇਡਾਂ ਦੀ ਮੇਜ਼ਬਾਨੀ ਮਿਲ ਜਾਂਦੀ ਹੈ ਤਾਂ ਇਹ ਯਾਦਗਾਰੀ ਮੌਕਾ ਬਹੁਤ ਜ਼ਿਆਦਾ ਫ਼ਾਇਦੇਮੰਦ ਹੋ ਸਕਦਾ ਹੈ, ਜਿਹੜਾ ਦੇਸ਼ ਲਈ ਆਰਥਿਕ ਵਿਕਾਸ, ਸਮਾਜਿਕ ਤਰੱਕੀ ਅਤੇ ਦੇਸ਼ ਭਰ ਵਿੱਚ ਨੌਜਵਾਨ ਸ਼ਕਤੀਕਰਨ ਨੂੰ ਹੁਲਾਰਾ ਦੇ ਸਕਦਾ ਹੈ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਲ 2036 ਦੀਆਂ ਉਲੰਪਿਕਸ ਦੀ ਮੇਜ਼ਬਾਨੀ ਕਰਨ ਦੀ ਆਪਣੀ ਸਰਕਾਰ ਦੀ ਖ਼ਾਹਿਸ਼ ਦਾ ਖ਼ੁਲਾਸਾ ਪਹਿਲੀ ਵਾਰ ਬੀਤੇ ਸਾਲ ਕੀਤਾ ਸੀ। ਮੇਜ਼ਬਾਨ ਬਾਰੇ ਕੋਈ ਵੀ ਫੈਸਲਾ ਅਗਲੇ ਸਾਲ ਹੋਣ ਵਾਲੀਆਂ ਆਈ.ਓ.ਸੀ. ਚੋਣਾਂ ਤੋਂ ਪਹਿਲਾਂ ਨਹੀਂ ਹੋ ਸਕੇਗਾ ਅਤੇ ਮੇਜ਼ਬਾਨੀ ਲਈ ਭਾਰਤ ਨੂੰ ਸਾਊਦੀ ਅਰਬ, ਕਤਰ ਅਤੇ ਤੁਰਕੀ ਵਰਗੇ ਕਈ ਹੋਰ ਮੁਲਕਾਂ ਦੇ ਮੁਕਾਬਲੇ ਦਾ ਸਾਹਮਣਾ ਵੀ ਕਰਨਾ ਪਵੇਗਾ, ਜੋ ਇਸ ਖੇਡ ਮਹਾਂਕੁੰਭ ਦੀ ਮੇਜ਼ਬਾਨੀ ਲਈ ਆਪਣੇ ਆਪ ਨੂੰ ਮਜ਼ਬੂਤ ਦਾਅਵੇਦਾਰ ਦੱਸ ਰਹੇ ਹਨ।

ਆਪਣਾ 'ਇਰਾਦਾ ਪੱਤਰ' ਪੇਸ਼ ਕਰ ਕੇ ਭਾਰਤ ਮੇਜ਼ਬਾਨ ਦੀ ਚੋਣ ਪ੍ਰਕਿਰਿਆ ਲਈ 'ਗੈਰ ਰਸਮੀ ਸੰਵਾਦ' ਵਾਲੇ ਮੁਲਕ ਤੋਂ ਅੱਗੇ ਵਧ ਕੇ 'ਲਗਾਤਾਰ ਸੰਵਾਦ' ਵਾਲੇ ਪੜਾਅ 'ਚ ਚਲਾ ਗਿਆ ਹੈ। ਇਸ ਪੜਾਅ ਵਿੱਚ 9+3 ਵੱਲੋਂ ਸੰਭਾਵੀ ਮੇਜ਼ਬਾਨ ਮੁਲਕ ਵਿੱਚ ਖੇਡਾਂ ਨਾਲ ਜੁੜੇ ਪ੍ਰੋਜੈਕਟਾਂ ਦੀ ਪ੍ਰਗਤੀ ਦੀ 'ਵਿਹਾਰਕਤਾ ਦਾ ਅਧਿਐਨ' ਕੀਤਾ ਜਾਂਦਾ ਹੈ।




ਭਾਰਤ ਦੀ ਯੋਜਨਾ ਨੂੰ ਮੌਜੂਦਾ ਆਈ.ਓ.ਸੀ. ਮੁਖੀ ਥਾਮਸ ਬਾਕ ਨੇ ਸਮਰਥਨ ਦਿੱਤਾ ਹੈ। ਇਸ ਤੋਂ ਪਹਿਲਾਂ ਭਾਰਤ ਨੇ ਜਿਸ ਵੱਡੇ ਖੇਡ ਮੇਲੇ ਦੀ ਮੇਜ਼ਬਾਨੀ ਕੀਤੀ ਸੀ, ਉਹ ਸੀ ਨਵੀਂ ਦਿੱਲੀ ਵਿੱਚ ਹੋਈਆਂ 2010 ਦੀਆਂ ਰਾਸ਼ਟਰਮੰਡਲ ਖੇਡਾਂ ਪਰ 2036 ਉਲੰਪਿਕਸ ਲਈ ਭਾਰਤ ਵੱਲੋਂ ਮੇਜ਼ਬਾਨ ਸ਼ਹਿਰ ਦੀ ਦੌੜ ਵਿੱਚ ਅਹਿਮਦਾਬਾਦ ਨੂੰ ਸਭ ਤੋਂ ਅੱਗੇ ਮੰਨਿਆ ਜਾ ਰਿਹਾ ਹੈ। ਆਈ.ਓ.ਏ. ਦੀ ਪ੍ਰਧਾਨ ਪੀਟੀ ਊਸ਼ਾ ਸਮੇਤ ਭਾਰਤ ਦੇ ਚੋਟੀ ਦੇ ਖੇਡ ਪ੍ਰਸ਼ਾਸਕ ਇਸ ਸਾਲ ਦੇ ਸ਼ੁਰੂ ਵਿੱਚ ਪੈਰਿਸ ਓਲੰਪਿਕਸ ਵਿੱਚ ਦੇਸ਼ ਲਈ ਲਾਬਿੰਗ ਕਰਨ ਲਈ ਸਰਗਰਮ ਰਹੇ ਸਨ। ਇਹ ਵੀ ਪਤਾ ਲੱਗਾ ਹੈ ਕਿ ਜੇ ਭਾਰਤ ਦੀ ਮੁਹਿੰਮ ਸਫਲ ਹੁੰਦੀ ਹੈ ਤਾਂ ਭਾਰਤ ਯੋਗ, ਖੋ-ਖੋ ਅਤੇ ਕਬੱਡੀ ਵਰਗੀਆਂ ਦੇਸੀ ਖੇਡਾਂ ਨੂੰ ਵੀ ਉਲੰਪਿਕ ਖੇਡਾਂ ਵਿੱਚ ਸ਼ਾਮਲ ਕਰਨ ਲਈ ਜ਼ੋਰ ਦੇਵੇਗਾ।

# 'ਦਿ ਕਪਿਲ ਸ਼ਰਮਾ ਸ਼ੋਅ' 'ਚ 'ਸਿੱਧੂ ਜੀ ਇਜ਼ ਬੈਕ' ਨੇ ਚਰਚਾ ਛੇੜੀ

## ਕਾਂਗਰਸ ਦੇ ਸਾਬਕਾ ਸੂਬਾਈ ਪ੍ਰਧਾਨ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਸਾਂਝੀ ਕੀਤੀ

ਇੱਕ ਟੀ.ਵੀ. ਚੈਨਲ 'ਤੇ ਚਲਦੇ ਮਨੋਰੰਜਨ ਸ਼ੋਅ 'ਦਿ ਕਪਿਲ ਸ਼ਰਮਾ ਸ਼ੋਅ' ਵਿੱਚ ਨਵਜੋਤ ਸਿੰਘ ਸਿੱਧੂ ਵਾਪਸ ਆ ਗਏ ਹਨ, ਨੇ ਸ੍ਰੀ ਸਿੱਧੂ ਦੀ ਮਨੋਰੰਜਨ ਸਨਅਤ ਵਿੱਚ ਵਾਪਸੀ ਹੋਣ ਦੀ ਚਰਚਾ ਛੇੜ ਦਿੱਤੀ ਹੈ। ਇਹ ਖ਼ੁਲਾਸਾ ਸ੍ਰੀ ਸਿੱਧੂ ਨੇ ਖੁਦ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਪੇਜ 'ਤੇ 'ਦਿ ਹੋਮ ਰਨ' ਦੇ ਉਪ ਸਿਰਲੇਖ ਨਾਲ ਵੀਡੀਓ ਸਾਂਝੀ ਕਰਕੇ ਕੀਤਾ ਹੈ। ਇਸ ਵਿੱਚ 'ਸਿੱਧੂ ਜੀ ਇਜ਼ ਬੈਕ' ਲਿਖਿਆ ਹੋਇਆ ਹੈ, ਜਿਸ ਤੋਂ ਉਨ੍ਹਾਂ ਦੀ ਮਨੋਰੰਜਨ ਸ਼ੋਅ ਵਿੱਚ ਵਾਪਸੀ ਦਾ ਅੰਦਾਜ਼ਾ ਲਗਾਇਆ ਗਿਆ ਹੈ, ਪਰ ਅਜਿਹਾ ਨਹੀਂ ਹੈ।

ਇਸ ਐਪੀਸੋਡ ਵਿੱਚ ਇਹ ਪ੍ਰਭਾਵ ਦਿੱਤਾ ਗਿਆ ਕਿ ਸ੍ਰੀ ਸਿੱਧੂ ਫ਼ਿਲਮ ਅਦਾਕਾਰਾ ਅਰਚਨਾ ਪੂਰਨ ਸਿੰਘ ਦੀ ਕੁਰਸੀ 'ਤੇ ਬੈਠਣ ਲਈ ਆ ਰਹੇ ਹਨ। ਅਰਚਨਾ ਵੀ ਕਪਿਲ ਸ਼ਰਮਾ ਨੂੰ ਸਿੱਧੂ ਦੇ ਕੁਰਸੀ 'ਤੇ ਬਿਰਾਜਮਾਨ ਹੋਣ ਦੀ ਸ਼ਿਕਾਇਤ ਕਰਦੀ ਨਜ਼ਰ ਆਈ। ਪਰ ਇਹ 'ਮਜ਼ਾਕ' ਉਦੋਂ ਖਤਮ ਹੋ ਗਿਆ ਜਦੋਂ ਸਿੱਧੂ ਦੀ ਪਤਨੀ ਅਤੇ ਕ੍ਰਿਕਟਰ ਹਰਭਜਨ ਸਿੰਘ ਅਤੇ ਉਨ੍ਹਾਂ ਦੀ ਪਤਨੀ ਗੀਤਾ ਬਸਰਾ ਵੀ ਕੈਮਰੇ 'ਤੇ ਦਿਖਾਈ ਦਿੱਤੇ। ਇਸ ਤੋਂ ਸਪੱਸ਼ਟ ਹੋ ਗਿਆ ਕਿ ਉਹ ਉਸ ਖਾਸ ਐਪੀਸੋਡ ਦੇ ਮਹਿਮਾਨ ਸਨ। ਜ਼ਿਕਰਯੋਗ ਹੈ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ 'ਆਪ' ਦੀ ਜੀਵਨਜੋਤ



ਕੌਰ ਤੋਂ ਹਾਰਨ ਮਗਰੋਂ ਸ੍ਰੀ ਸਿੱਧੂ ਨੇ ਆਈ.ਪੀ.ਐੱਲ. ਕ੍ਰਿਕਟ ਟੂਰਨਾਮੈਂਟ ਦੀ ਕੁਮੈਂਟਰੀ ਵੱਲ ਜ਼ਿਆਦਾ ਧਿਆਨ ਦਿੱਤਾ। ਕਾਂਗਰਸ ਦੀ ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਹੋਣ ਦੇ ਬਾਵਜੂਦ, ਉਸ ਨੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ ਲਈ ਪ੍ਰਚਾਰ ਨਹੀਂ ਕੀਤਾ।

ਇਸ ਦੌਰਾਨ ਕਾਂਗਰਸ ਹਾਈ ਕਮਾਂਡ ਨੇ ਵੀ ਅੰਮ੍ਰਿਤਸਰ ਦੇ ਪੂਰਬੀ ਹਲਕੇ ਵਿੱਚ ਹੁਣ ਉਨ੍ਹਾਂ ਦੀ ਥਾਂ ਸਾਬਕਾ ਕਾਂਗਰਸੀ ਸੰਸਦ ਮੈਂਬਰ ਜਸਬੀਰ ਸਿੰਘ ਡਿੰਪਾ ਨੂੰ ਹਲਕਾ ਇੰਚਾਰਜ ਲਾ ਦਿੱਤਾ। ਸਿੱਧੂ 2016 ਤੋਂ 2019 ਦੇ ਵਿਚਾਲੇ 'ਦਿ ਕਪਿਲ ਸ਼ਰਮਾ ਸ਼ੋਅ' ਵਿੱਚ ਕੰਮ ਕਰ ਰਹੇ ਸੀ ਪਰ ਉਸ ਵੇਲੇ ਇੱਕ ਵਿਵਾਦ ਪੈਦਾ ਹੋ ਗਿਆ ਜਦੋਂ ਉਨ੍ਹਾਂ 2019 ਦੇ ਪੁਲਵਾਮਾ ਦਹਿਸ਼ਤਗਰਦੀ ਹਮਲੇ ਦੇ ਜਵਾਬ ਵਿੱਚ ਪਾਕਿਸਤਾਨ ਦਾ ਸਮਰਥਨ ਕੀਤਾ ਸੀ। ਇਸ ਹਮਲੇ ਵਿੱਚ ਭਾਰਤ ਦੇ ਸੀਮਾ ਸੁਰੱਖਿਆ ਬਲ ਦੇ 40 ਜਵਾਨ ਮਾਰੇ ਗਏ ਸਨ। ਮਗਰੋਂ ਉਨ੍ਹਾਂ ਦੀ ਥਾਂ ਅਰਚਨਾ ਪੂਰਨ ਸਿੰਘ ਨੇ ਲਈ ਸੀ।





ਕਾਬਿਲੇਗੌਰ ਹੈ ਕਿ ਹਾਲ ਹੀ ਵਿੱਚ ਸ੍ਰੀ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਵੱਲੋਂ ਭਾਜਪਾ ਆਗੂ ਤਰਨਜੀਤ ਸਿੰਘ ਸੰਧੂ ਨਾਲ ਕੀਤੀ ਮੁਲਾਕਾਤ ਨੇ ਸਿੱਧੂ ਪਰਿਵਾਰ ਦੀ ਸਿਆਸਤ ਵੱਲ ਵਾਪਸੀ ਦਾ ਵੀ ਸੰਕੇਤ ਦਿੱਤਾ ਸੀ।

# ਜਲਦੀ ਆ ਰਹੀ ਹੈ ਲਘੂ ਫ਼ਿਲਮ 'ਉਜੜੇ ਖੂਹ ਦਾ ਪਾਣੀ'

ਨਿਰਮਾਤਾ-ਨਿਰਦੇਸ਼ਕ ਤੇ ਲੇਖਕ ਭਗਵੰਤ ਸਿੰਘ ਕੰਗ ਅਤੇ ਉਹਨਾਂ ਦੀ ਟੀਮ ਦੇ ਸਹਿਯੋਗ ਨਾਲ ਨਾਵਲਕਾਰ ਬੂਟਾ ਸਿੰਘ ਚੌਹਾਨ ਦੇ ਨਾਵਲ 'ਉਜੜੇ ਖੂਹ ਦਾ ਪਾਣੀ' ਦੀ ਕਹਾਣੀ 'ਤੇ ਅਧਾਰਿਤ ਲਘੂ ਫ਼ਿਲਮ ਜਲਦ ਦਰਸ਼ਕਾਂ ਦੀ ਕਚਹਿਰੀ ਵਿੱਚ ਹਾਜ਼ਰ ਹੋਣ ਜਾ ਰਹੀ ਹੈ।

ਇਸ ਤੋਂ ਪਹਿਲਾਂ ਸ੍ਰੀ ਕੰਗ ਵੱਲੋਂ ਪੰਜਾਬੀ ਦੇ ਕਈ ਨਾਵਲਕਾਰਾਂ ਦੇ ਨਾਵਲਾਂ ਨੂੰ ਪੜ੍ਹ ਕੇ 2020 ਤੋਂ ਨਾਵਲਕਾਰ ਜੀਤ ਸਿੰਘ ਸੰਧੂ ਦੇ ਨਾਵਲ 'ਤੇਜਾ ਨਗੌਰੀ', ਰੂਪ ਸਿੰਘ ਦੇ ਨਾਵਲ 'ਬਾਕੀ ਸਫਾਂ ਪੰਜ', ਭੁਪਿੰਦਰ ਸਿੰਘ ਰੈਨਾ ਦੇ ਨਾਵਲ 'ਪਾਪ ਦੀ ਪੰਡ', ਜਤਿੰਦਰ ਹਾਂਸ ਦੇ ਨਾਵਲ ' ਨੰਗੇਜ਼' ਅਤੇ ਪੰਜਾਬੀ ਦੇ ਨਾਮਵਰ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਦੇ ਨਾਵਲ 'ਬਲਦੇ ਦਰਿਆ' ਦੀ ਕਹਾਣੀ 'ਤੇ ਅਧਾਰਿਤ ਵੈਬ ਸੀਰੀਜ ਪੇਸ਼ ਕੀਤੀ ਗਈ।

ਕੰਗ ਸਮਾਜਿਕ ਤਾਣੇ ਬਾਣੇ ਤੋਂ ਬਹੁਤ ਚੰਗੀ ਤਰ੍ਹਾਂ ਜਾਣੂ ਹਨ। ਗੱਲਬਾਤ ਦੌਰਾਨ ਉਹਨਾਂ ਦੱਸਿਆ




ਕਿ ਫ਼ਿਲਮ 'ਉਜੜੇ ਖੂਹ ਦਾ ਪਾਣੀ' ਇੱਕ ਔਰਤ ਦੀ ਸੰਘਰਸ਼ਮਈ ਦਾਸਤਾਨ ਹੈ। ਅੱਜ ਦੇ ਮਰਦ ਸਮਾਜ ਵਿੱਚ ਕਿਸ ਤਰਾਂ ਉਸਨੂੰ ਹਵਸ ਦੇ ਭੁੱਖੇ , ਉਸਦੇ ਮਾਸ ਤੇ ਰੂਹ ਨੂੰ ਨੋਚਦੇ ਇਹ ਬਿਆਨ ਕਰਦੀ ਹੈ। ਇਹ ਲਘੂ ਫ਼ਿਲਮ 'ਮਾਸਟਰ ਫ੍ਰੇਮ ਮੂਵੀਜ਼ ਤੇ ਫ਼ਿਲਮੀ ਅੱਡਾ ਵੱਲੋਂ ਪ੍ਰਸਤੁਤ ਕੀਤੀ ਜਾਵੇਗੀ। ਫ਼ਿਲਮ ਦੇ ਪ੍ਰੋਡਿਊਸਰ ਪਰਮਜੀਤ ਸਿੰਘ ਨਾਗਰਾ ਹਨ।

ਇਸ ਲਘੂ ਫ਼ਿਲਮ ਵਿੱਚ ਪ੍ਰਭਜੋਤ ਰੰਧਾਵਾ, ਜਗਤਾਰ ਸਿੰਘ ਬੈਨੀਪਾਲ, ਕੁਲਦੀਪ ਨਿਆਮੀ, ਦਰਸ਼ਨ ਘਾਰੂ, ਜੈਸਮੀਨ ਬਰਨਾਲਾ, ਲਫ਼ਜ ਧਾਲੀਵਾਲ ਸੁਖਪ੍ਰੀਤ ਸਿੰਘ, ਪਾਬਲੀ, ਕੁਲਵਿੰਦਰ ਕਸ਼ਯਪ, ਬਾਜਵਾ ਸਿੰਘ, ਸੋਨੂੰ ਕੇਲੋ ਆਦਿ ਨੇ ਕੰਮ ਕੀਤਾ ਹੈ।

ਇਸ ਲਘੂ ਫ਼ਿਲਮ ਦੇ ਸਹਿ ਨਿਰਮਾਣਕਾਰ ਗੁਰਪ੍ਰੀਤ ਵੜੈਚ, ਅਮਨ ਚਾਹਲ, ਜੁਗਰਾਜ ਮਰਾੜ੍ਹ, ਲਖਵਿੰਦਰ ਜਟਾਣਾ, ਬਾਜਵਾ ਸਿੰਘ ਤੇ ਡੀ.ਪੀ.ਓ ਜਸਜੋਤ ਗਿੱਲ ਅਤੇ ਪ੍ਰੋਡੋਕਸ਼ਨ ਫ਼ਿਲਮੀ ਅੱਡਾ ਹਨ।

**ਸ਼ਿਵਨਾਥ ਦਰਦੀ ਫ਼ਰੀਦਕੋਟ**

# ਲਹਿੰਦੇ ਪੰਜਾਬ ਦਾ ਮਸ਼ਹੂਰ ਅਦਾਕਾਰ ਨਾਸਿਰ ਚਨਿਓਟੀ

**ਅੰਗਰੇਜ਼ ਸਿੰਘ ਵਿਰਦੀ**

2019 ਦੀ ਸੁਪਰਹਿੱਟ ਪੰਜਾਬੀ ਫਿਲਮ 'ਚੱਲ ਮੇਰਾ ਪੁੱਤ' ਵਿੱਚ ਤਬਰੇਜ਼ ਦਾ ਕਿਰਦਾਰ ਨਿਭਾ ਕੇ ਪੂਰੀ ਦੁਨੀਆ 'ਚ ਖ਼ਾਸ ਮੁਕਾਮ ਬਣਾਉਣ ਵਾਲੇ ਲਹਿੰਦੇ ਪੰਜਾਬ ਦੇ ਥੀਏਟਰ, ਟੀਵੀ ਤੇ ਫ਼ਿਲਮਾਂ ਦੇ ਮਸ਼ਹੂਰ ਅਦਾਕਾਰ ਨਾਸਿਰ ਚਨਿਓਟੀ ਦਾ ਨਾਂ ਪਾਕਿਸਤਾਨ ਦੇ ਚੋਟੀ ਦੇ ਕਾਮੇਡੀ ਅਦਾਕਾਰਾਂ 'ਚ ਆਉਂਦਾ ਹੈ। 'ਅੰਨ੍ਹੀ ਦਿਆ ਮਜ਼ਾਕ ਹੈ' ਦੇ ਤਕੀਆ ਕਲਾਮ ਨੂੰ ਮਸ਼ਹੂਰ ਕਰਨ ਵਾਲੇ ਨਾਸਿਰ ਨੇ ਹੁਣ ਤੱਕ ਥੀਏਟਰ ਦੇ ਬੇਸ਼ੁਮਾਰ ਸਟੇਜ ਸ਼ੋਅ ਕਰ ਕੇ ਆਪਣੀ ਬਿਹਤਰੀਨ ਅਦਾਕਾਰੀ ਨਾਲ ਲੋਕਾਂ ਦਾ ਭਰਪੂਰ ਮਨੋਰੰਜਨ ਕੀਤਾ ਹੈ। ਬੇਹੱਦ ਨਿਮਰ, ਸਾਦਾ, ਖ਼ੁਸ਼ਮਿਜ਼ਾਜ, ਸਾਰਿਆਂ ਨਾਲ ਪਿਆਰ ਕਰਨ ਵਾਲੇ ਨਾਸਿਰ ਨੇ ਜ਼ਿੰਦਗੀ ਵਿੱਚ ਸਫਲਤਾ ਹਾਸਿਲ ਕਰਨ ਲਈ ਸਖ਼ਤ ਮਿਹਨਤ ਕੀਤੀ।

ਥੀਏਟਰ ਦੀ ਦੁਨੀਆ 'ਚ ਮਕਬੂਲੀਅਤ

ਉਸ ਦਾ ਜਨਮ 25 ਨਵੰਬਰ 1970 ਨੂੰ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਮਸ਼ਹੂਰ ਸ਼ਹਿਰ ਚਨਿਓਟ ਵਿਖੇ ਹੋਇਆ। ਸਧਾਰਨ ਪਰਿਵਾਰ ਨਾਲ ਸਬੰਧ ਰੱਖਣ ਵਾਲੇ ਨਾਸਿਰ ਦੇ ਪਿਤਾ ਦਾ ਨਾਂ ਅੱਲ੍ਹਾ ਰੱਖਾ ਤੇ ਮਾਤਾ ਦਾ ਨਾਂ ਹੁਸਨ ਬਾਨੋ ਹੈ। ਖ਼ੂਬਸੂਰਤ ਸ਼ਹਿਰ ਚਨਿਓਟ ਵਿੱਚ ਬਚਪਨ ਗੁਜ਼ਾਰਨ ਵਾਲੇ ਨਾਸਿਰ ਨੇ ਆਪਣੀ ਜ਼ਿੰਦਗੀ ਦੇ ਸਫ਼ਰ ਦੀ ਸ਼ੁਰੂਆਤ 'ਚ ਹੀ ਆਪਣੇ ਪਿਆਰੇ ਸ਼ਹਿਰ ਚਨਿਓਟ ਦੇ ਨਾਂ ਨੂੰ ਆਪਣੇ ਨਾਂ ਦਾ ਹਿੱਸਾ ਬਣਾ ਲਿਆ ਸੀ। ਉਹ ਪਰਿਵਾਰ ਦੇ ਗੁਜ਼ਾਰੇ ਵਾਸਤੇ ਫਰਨੀਚਰ ਬਣਾਉਣ ਦਾ ਕੰਮ ਕਰਦਾ ਰਿਹਾ। ਮਿਹਨਤ ਮਜ਼ਦੂਰੀ ਕਰਨ ਦੇ ਨਾਲ-ਨਾਲ ਅਦਾਕਾਰੀ ਦੇ ਸ਼ੌਕ ਨੂੰ ਪੂਰਾ ਕਰਨ ਲਈ ਉਹ ਮੁਲਤਾਨ ਥੀਏਟਰ ਨਾਲ ਜੁੜ ਗਿਆ ਤੇ ਕੁਝ ਅਰਸਾ ਮੁਲਤਾਨ ਥੀਏਟਰ ਵਿੱਚ ਮਜਾਹੀਆ ਸਟੇਜ ਡਰਾਮੇ ਕਰਦਾ ਰਿਹਾ। ਡਰਾਮਿਆਂ ਵਿੱਚ ਵਧੀਆ




ਅਦਾਕਾਰੀ ਕਰਨ ਕਰਕੇ ਛੇਤੀ ਹੀ ਉਸ ਦੀ ਥੀਏਟਰ ਦੀ ਦੁਨੀਆਂ ਵਿੱਚ ਮਕਬੂਲੀਅਤ ਵੱਧਣ ਲੱਗੀ।

**ਅਦਾਕਾਰੀ ਦੀ ਸ਼ੁਰੂਆਤ**

ਮੁਲਤਾਨ ਥੀਏਟਰ ਕਰਦਿਆਂ ਨਾਸਿਰ ਦੀ ਥੀਏਟਰ ਦੀ ਦੁਨੀਆ 'ਚ ਖ਼ਾਸ ਪਛਾਣ ਬਣ ਗਈ। ਹੁਣ ਨਾਸਿਰ ਦਾ ਅਗਲਾ ਪੜਾਅ ਲਾਹੌਰ ਥੀਏਟਰ ਸੀ, ਜਿੱਥੇ ਕੰਮ ਕਰਨ ਦੀ ਹਰ ਅਦਾਕਾਰ ਦੀ ਦਿਲੀ ਖ਼ਾਹਿਸ਼ ਹੁੰਦੀ ਹੈ। ਥੀਏਟਰ ਦੀ ਦੁਨੀਆਂ 'ਚ ਨਵੀਆਂ ਮੰਜ਼ਿਲਾਂ ਨੂੰ ਸਰ ਕਰਨ ਲਈ ਉਹ ਲਾਹੌਰ ਸ਼ਿਫਟ ਹੋ ਗਿਆ। ਉੱਥੇ ਜਾ ਕੇ ਖ਼ੁਦ ਨੂੰ ਸਥਾਪਿਤ ਕਰਨ ਲਈ ਉਸ ਨੇ ਸਖ਼ਤ ਸੰਘਰਸ਼ ਕੀਤਾ। ਪਰਿਵਾਰ ਦੇ ਗੁਜ਼ਾਰੇ ਲਈ ਇੱਥੇ ਵੀ ਨਾਸਿਰ ਥੀਏਟਰ ਦੇ ਨਾਲ-ਨਾਲ ਮਿਹਨਤ ਮਜ਼ਦੂਰੀ ਕਰਦਾ ਰਿਹਾ ਕਿਉਂਕਿ ਥੀਏਟਰ ਤੋਂ ਉਸ ਨੂੰ ਇੰਨੀ ਕਮਾਈ ਨਹੀ ਹੁੰਦੀ ਸੀ ਕਿ ਘਰ ਦਾ ਗੁਜ਼ਾਰਾ ਸੌਖਿਆਂ ਚੱਲ ਸਕੇ।

**ਚੋਟੀ ਦੇ ਕਾਮੇਡੀ ਅਦਾਕਾਰਾਂ ਵਿੱਚ ਗਿਣਤੀ**

ਉਸ ਨੂੰ ਥੀਏਟਰ ਜਗਤ ਦੀਆਂ ਮਹਾਨ ਹਸਤੀਆਂ ਤੇ ਕਾਮੇਡੀ ਦੇ ਵੱਡੇ ਨਾਂ ਅਮਾਨ ਉੱਲਾ ਖਾਂ, ਸੋਹੇਲ ਅਹਿਮਦ, ਬੱਬੂ ਬਰਾਲ, ਇਫ਼ਤਿਖ਼ਾਰ ਠਾਕੁਰ, ਮਸਤਾਨਾ, ਅਲਬੇਲਾ ਅਤੇ ਉਮਰ ਸ਼ਰੀਫ਼ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਉਹ ਮਹਾਨ ਕਮੇਡੀਅਨ ਮਰਹੂਮ ਜਨਾਬ ਅਮਾਨ ਉੱਲਾ ਖ਼ਾਂ ਨੂੰ ਆਪਣਾ ਉਸਤਾਦ ਮੰਨਦਾ ਹੈ, ਜਿਸ ਤੋਂ ਅਦਾਕਾਰੀ ਦੀਆਂ ਬਾਰੀਕੀਆਂ ਸਿੱਖੀਆਂ। ਤਕਰੀਬਨ 17 ਵਰ੍ਹੇ ਦੇ ਲੰਬੇ ਸੰਘਰਸ਼ ਤੋਂ ਬਾਅਦ ਉਸ ਦੀ ਗਿਣਤੀ ਪੰਜਾਬੀ ਥੀਏਟਰ ਦੇ ਚੋਟੀ ਦੇ ਕਾਮੇਡੀ ਅਦਾਕਾਰਾਂ ਵਿੱਚ ਹੋਣ ਲੱਗੀ। ਸਟੇਜ 'ਤੇ ਨਾਸਿਰ ਨੇ ਆਪਣੀ ਕਾਮੇਡੀ ਟਾਈਮਿੰਗ, ਜ਼ਬਰਦਸਤ ਹਾਜ਼ਰ ਜਵਾਬੀ, ਜੁਗਤਾਂ ਲਾਉਣ ਦੀ ਕਲਾ ਅਤੇ ਸਮਾਜ ਵਿੱਚ ਵਿਚਰਦੇ ਆਮ ਲੋਕਾਂ ਵਿਚਲੇ ਕਿਰਦਾਰਾਂ ਨੂੰ ਖ਼ਾਸ ਅੰਦਾਜ਼ 'ਚ ਪੇਸ਼ ਕਰਨ ਦੇ ਹੁਨਰ ਨਾਲ ਥੀਏਟਰ ਦੇ ਚਾਹੁਣ ਵਾਲਿਆਂ ਨੂੰ ਬਿਹਤਰੀਨ ਕਾਮੇਡੀਅਨ ਹੋਣ ਦਾ ਅਹਿਸਾਸ ਕਰਵਾਇਆ।

**ਪਾਕਿਸਤਾਨੀ ਫ਼ਿਲਮਾਂ 'ਚ ਦਿਖਾਈ ਕਲਾ**

ਥੀਏਟਰ ਵਿੱਚ ਮਕਬੂਲੀਅਤ ਦੀਆਂ ਬੁਲੰਦੀਆਂ ਨੂੰ ਛੂਹਣ ਤੋਂ ਬਾਅਦ ਉਸ ਨੂੰ ਪਾਕਿਸਤਾਨ ਦੇ ਮਸ਼ਹੂਰ ਟੀਵੀ ਐਂਕਰ ਤੇ ਪੱਤਰਕਾਰ ਆਫ਼ਤਾਬ ਇਕਬਾਲ ਨੇ ਐਕਸਪ੍ਰੈੱਸ ਨਿਊਜ਼ ਚੈਨਲ 'ਤੇ ਆਪਣੇ ਸ਼ੋਅ 'ਖ਼ਬਰਦਾਰ' ਵਿੱਚ ਕੰਮ ਕਰਨ ਦੀ ਪੇਸ਼ਕਸ਼ ਕੀਤੀ। ਨਾਸਿਰ ਨੇ ਆਫ਼ਤਾਬ ਨੂੰ ਕਿਹਾ ਕਿ ਉਹ ਥੀਏਟਰ ਨਹੀਂ ਛੱਡ ਸਕਦਾ ਕਿਉਂਕਿ ਟੀਵੀ 'ਤੇ ਕੰਮ ਕਰਨ ਲਈ ਉਸ ਨੂੰ ਬਹੁਤ ਸਮੇਂ ਦੀ ਲੋੜ ਪਵੇਗੀ, ਜਿਸ ਬਦਲੇ ਉਹ ਥੀਏਟਰ ਕਰਨ ਲਈ ਸਮਾਂ ਨਹੀ ਕੱਢ ਸਕੇਗਾ, ਜੋ ਉਸ ਨੂੰ ਮਨਜ਼ੂਰ ਨਹੀ। ਆਫ਼ਤਾਬ ਨੇ ਉਸ ਨੂੰ ਭਰੋਸਾ ਦਿੱਤਾ ਕਿ ਟੀਵੀ ਦੇ ਕੰਮ ਕਰਕੇ ਉਸ ਦਾ ਥੀਏਟਰ ਪ੍ਰਭਾਵਿਤ ਨਹੀਂ ਹੋਵੇਗਾ। ਇਸ ਤਰ੍ਹਾਂ ਨਾਸਿਰ ਨੇ ਟੀਵੀ 'ਤੇ ਆਪਣੇ ਕਰੀਅਰ ਦਾ ਆਗਾਜ਼ ਕੀਤਾ। ਸ਼ੋਅ 'ਖ਼ਬਰਦਾਰ' ਲੋਕਾਂ 'ਚ ਕਾਫ਼ੀ ਹਰਮਨ ਪਿਆਰਾ ਹੋਇਆ। ਇਸ ਵਿੱਚ ਨਾਸਿਰ ਦੇ ਨਾਲ ਉਸ ਦੇ ਥੀਏਟਰ ਕਲਾਕਾਰਾਂ ਨੇ ਵੀ ਕੰਮ ਕੀਤਾ। ਇਸ ਸ਼ੋਅ ਤੋਂ ਬਾਅਦ ਨਾਸਿਰ ਨੇ ਆਫ਼ਤਾਬ ਦੇ ਨਿੱਜੀ ਚੈਨਲ 'ਤੇ ਮਜਾਹੀਆ ਸ਼ੋਅ ਖ਼ਬਰਜ਼ਾਰ ਵਿੱਚ ਵੀ ਕੰਮ ਕੀਤਾ। ਇਸ ਤੋਂ ਉਸ ਨੇ ਕੁਝ ਪਾਕਿਸਤਾਨੀ ਫ਼ਿਲਮਾਂ ਵਿੱਚ ਵੀ ਆਪਣੀ ਕਲਾ ਦਿਖਾਈ, ਜਿਨ੍ਹਾਂ ਵਿੱਚ ਵਨ ਟੂ ਕਾ ਫੋਰ, ਗੁਲਾਬੋ, ਨੋ ਟੈਨਸ਼ਨ ਤੇ 2023 ਵਿੱਚ ਰਿਲੀਜ਼ ਹੋਈ ਫ਼ਿਲਮ ਸੁਪਰ ਪੰਜਾਬੀ ਪ੍ਰਮੁੱਖ ਹਨ।

**ਪਾਲੀਵੁੱਡ ਫ਼ਿਲਮਾਂ 'ਚ ਐਂਟਰੀ**

ਸਾਲ 2019 ਵਿੱਚ ਰਿਦਮ ਬੁਆਇਜ਼ ਐਨਟਰਟੇਨਮੈਂਟ ਫ਼ਿਲਮ ਕੰਪਨੀ ਵੱਲੋਂ ਬਣਾਈ ਫ਼ਿਲਮ 'ਚੱਲ ਮੇਰਾ ਪੁੱਤ' ਦੀ ਖ਼ਾਸੀਅਤ ਇਹ ਸੀ ਕਿ ਇਸ ਫਿਲਮ ਵਿੱਚ ਪਹਿਲੀ ਵਾਰ ਲਹਿੰਦੇ ਪੰਜਾਬ ਦੇ ਬਹੁਤ ਵੱਡੇ ਫ਼ਨਕਾਰ ਇਫ਼ਤਿਖ਼ਾਰ ਠਾਕੁਰ, ਅਕਰਮ ਉਦਾਸ, ਨਾਸਿਰ ਚਨਿਓਟੀ, ਆਗਾ ਮਾਜਿਦ ਅਤੇ ਚੜ੍ਹਦੇ ਪੰਜਾਬ ਦੇ ਅਦਾਕਾਰ ਅਮਰਿੰਦਰ ਗਿੱਲ, ਸਿੰਮੀ ਚਾਹਲ, ਹਰਦੀਪ ਗਿੱਲ ਅਤੇ ਗੁਰਸ਼ਬਦ ਨੇ ਇਕੱਠਿਆਂ ਕੰਮ ਕੀਤਾ ਸੀ। ਨਾਸਿਰ ਨੇ ਇਸ ਫ਼ਿਲਮ ਵਿੱਚ ਤਬਰੇਜ਼ ਦਾ ਕਿਰਦਾਰ ਅਦਾ ਕੀਤਾ, ਜੋ ਪਾਕਿਸਤਾਨੋਂ ਯੂ ਕੇ ਰੁਜ਼ਗਾਰ ਦੀ ਭਾਲ 'ਚ ਆਪਣੇ ਦੋਸਤ ਬੂਟੇ ਅਦਾਕਾਰ ਅਕਰਮ ਉਦਾਸ ਨਾਲ ਆਇਆ ਹੁੰਦਾ। ਨਾਸਿਰ ਦੇ ਫ਼ਿਲਮ ਵਿਚਲੇ ਕਿਰਦਾਰ ਨੂੰ ਦਰਸ਼ਕਾਂ ਦਾ ਭਰਵਾਂ ਪਿਆਰ ਮਿਲਿਆ ਤੇ ਫ਼ਿਲਮ ਤੋਂ ਬਾਅਦ ਨਾਸਿਰ ਦੇ ਪ੍ਰਸ਼ੰਸਕਾਂ ਦੀ ਗਿਣਤੀ 'ਚ ਵੀ ਚੋਖਾ ਵਾਧਾ



ਹੋਇਆ। ਇਸ ਫ਼ਿਲਮ ਨੂੰ ਬੈਸਟ ਫ਼ਿਲਮ ਅਤੇ ਬੈਸਟ ਫ਼ਿਲਮ ਡੈਬਿਊ ਨਿਰਦੇਸ਼ਕ ਦਾ ਐਵਾਰਡ ਵੀ ਹਾਸਿਲ ਕੀਤਾ।

ਇਸ ਤਰ੍ਹਾਂ ਉਸ ਦੀ ਪਾਲੀਵੁੱਡ ਫ਼ਿਲਮਾਂ ਵਿੱਚ ਸ਼ਾਨਦਾਰ ਐਂਟਰੀ ਹੋਈ। ਇਸ ਫਿਲਮ ਦੀ ਕਾਮਯਾਬੀ ਤੋਂ ਬਾਅਦ ਇਸੇ ਫਿਲਮ ਦਾ ਅਗਲਾ ਭਾਗ 'ਚੱਲ ਮੇਰਾ ਪੁੱਤ-2' ਆਇਆ, ਜਿਸ ਵਿੱਚ ਪਾਕਿਸਤਾਨ ਦੇ ਕੁਝ ਹੋਰ ਮਜਾਹੀਆ ਅਦਾਕਾਰ ਜ਼ਫਰੀ ਖ਼ਾਨ, ਅਮਾਨਤ ਚੰਨ ਤੇ ਰੂਬੀ ਅਨਮ ਨੂੰ ਵੀ ਸ਼ਾਮਿਲ ਕੀਤਾ ਗਿਆ। ਇਸ ਤੋਂ ਬਾਅਦ ਉਸ ਨੇ 'ਚੱਲ ਮੇਰਾ ਪੁੱਤ' ਦਾ ਤੀਸਰਾ ਭਾਗ 'ਚ ਵੀ ਵਧੀਆ ਅਦਾਕਾਰੀ ਕੀਤੀ। ਇਸ ਤੋਂ ਬਾਅਦ ਉਸ ਨੇ ਆਜਾ ਮੈਕਸੀਕੋ ਚੱਲੀਏ, ਹਨੀਮੂਨ, ਅੰਨ੍ਹੀ ਦਿਆ ਮਜ਼ਾਕ ਏ, ਮੌਜਾਂ ਹੀ ਮੌਜਾਂ, 'ਕੈਰੀ ਆਨ ਜੱਟਾ-3', 'ਜੱਟ ਐਂਡ ਜੂਲੀਅਟ' ਆਦਿ ਫ਼ਿਲਮਾਂ 'ਚ ਵੀ ਖ਼ੂਬਸੂਰਤ ਅਦਾਕਾਰੀ ਕੀਤੀ। ਜਲਦੀ ਹੀ ਉਹ ਨਵੀਆਂ ਪੰਜਾਬੀ ਫ਼ਿਲਮਾਂ 'ਚ ਵੱਖ-ਵੱਖ ਕਿਰਦਾਰਾਂ ਵਿੱਚ ਨਜ਼ਰ ਆਵੇਗਾ।

## ਆਪਣਿਆਂ ਲਈ ਵੀ 'ਗ਼ੈਰ' ਨਾ ਬਣ ਜਾਣ

ਇਸ ਦੇ ਨਾਲ ਹੀ ਭਾਰਤੀ ਭਾਈਚਾਰੇ ਦੇ 76 ਫ਼ੀਸਦੀ ਲੋਕਾਂ ਕੋਲ ਬੈਚਲਰ ਡਿਗਰੀ ਜਾਂ ਇਸ ਤੋਂ ਉੱਪਰ ਦੀ ਡਿਗਰੀ ਹੈ।

**ਅਮਰੀਕੀ ਅਰਥਵਿਵਸਥਾ ਵਿੱਚ ਭਾਰਤੀਆਂ ਦਾ ਯੋਗਦਾਨ**

ਅਮਰੀਕਾ ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ ਹੈ।ਆਬਾਦੀ ਦਾ 1.5 ਪ੍ਰਤੀਸ਼ਤ ਹੋਣ ਦੇ ਬਾਵਜੂਦ, ਭਾਰਤੀ-ਅਮਰੀਕੀ ਭਾਈਚਾਰਾ ਅਮਰੀਕਾ ਦੇ ਕੁੱਲ ਟੈਕਸਾਂ ਵਿੱਚ 5 ਤੋਂ 6 ਪ੍ਰਤੀਸ਼ਤ ਦਾ ਯੋਗਦਾਨ ਪਾਉਂਦਾ ਹੈ। ਫ਼ਾਰਚਿਊਨ 500 ਕੰਪਨੀਆਂ ਦੇ 16 ਸੀਈਓ ਭਾਰਤੀ ਮੂਲ ਦੇ ਲੋਕ ਹਨ। ਦੇਸ਼ ਵਿੱਚ 648 ਯੂਨੀਕੋਰਨਾਂ ਵਿੱਚੋਂ, 72 ਦੇ ਸੰਸਥਾਪਕ ਜਾਂ 11 ਪ੍ਰਤੀਸ਼ਤ ਭਾਰਤੀ-ਅਮਰੀਕੀ ਹਨ।

**ਅਮਰੀਕਾ ਵਿੱਚ ਭਾਰਤੀ ਵਿਦਿਆਰਥੀ**

ਦੁਨੀਆਂ ਦੀਆਂ ਕੁਝ ਚੰਗੀਆਂ ਯੂਨੀਵਰਸਿਟੀਆਂ ਅਮਰੀਕਾ ਵਿੱਚ ਸਥਿਤ ਹਨ। ਇੱਥੇ ਵੱਡੀ ਗਿਣਤੀ ਵਿੱਚ ਭਾਰਤੀ ਪੜ੍ਹਾਈ ਲਈ ਆਉਂਦੇ ਹਨ। ਹਰ ਸਾਲ ਭਾਰਤ ਤੋਂ 2.7 ਲੱਖ ਵਿਦਿਆਰਥੀ ਪੜ੍ਹਾਈ ਲਈ ਅਮਰੀਕਾ ਜਾਂਦੇ ਹਨ। ਇਹ ਵਿਦਿਆਰਥੀ ਸਿੱਖਿਆ 'ਤੇ ਕੁੱਲ 10 ਬਿਲੀਅਨ ਡਾਲਰ (83000 ਕਰੋੜ ਰੁਪਏ) ਖ਼ਰਚ ਕਰਦੇ ਹਨ।

**200 ਅਰਬ ਡਾਲਰ ਦਾ ਕਾਰੋਬਾਰ**

ਭਾਰਤ ਅਤੇ ਅਮਰੀਕਾ ਵਿਚਾਲੇ ਚੀਜ਼ਾਂ ਤੇ ਸੇਵਾਵਾਂ ਦਾ ਸਾਲਾਨਾ ਕਾਰੋਬਾਰ ਲਗਭਗ 200 ਅਰਬ ਡਾਲਰ ਹੈ। ਭਾਰਤ ਦੇ ਕੇਂਦਰੀ ਵਣਜ ਮੰਤਰੀ ਨੇ ਅੰਦਾਜ਼ਾ ਲਾਇਆ ਹੈ ਕਿ 2030 ਤੱਕ ਇਹ ਵਪਾਰ ਤਿੰਨ ਗੁਣਾ ਵਧ ਸਕਦਾ ਹੈ। ਹੋਰ ਵਪਾਰਕ ਭਾਈਵਾਲਾਂ ਦੇ ਮੁਕਾਬਲੇ ਅਮਰੀਕਾ ਨਾਲ ਭਾਰਤ ਨੂੰ ਵਪਾਰ ਸਰਪਲੱਸ ਹੋਣ ਦੀ ਵੀ ਤਸੱਲੀ ਹੈ। ਭਾਰਤ ਦੀ ਰਾਸ਼ਟਰੀ ਆਮਦਨ ਦਾ ਲਗਭਗ 50 ਫ਼ੀਸਦੀ ਵਪਾਰ ਤੋਂ ਆਉਂਦਾ ਹੈ ਤੇ ਇਸ ਲਈ ਅਮਰੀਕਾ ਨਾਲ ਭਾਰਤ ਦੀ ਆਰਥਿਕ ਤਰੱਕੀ ਦਾ ਸਿੱਧਾ ਸਬੰਧ ਹੈ। ਅਗਲੇ ਦਹਾਕਿਆਂ 'ਚ ਭਾਰਤ ਨੂੰ ਵਿਸ਼ਾਲ ਅਰਥਚਾਰਾ ਬਣਾਉਣ ਲਈ ਅਮਰੀਕਾ ਦੇ ਨਾਲ ਵਪਾਰ ਤੇ ਵਿਦੇਸ਼ੀ ਨਿਵੇਸ਼ ਫ਼ੈਸਲਾਕੁਨ ਹੋਣਗੇ।

***

## ਪੰਜਾਬ 'ਚ ਅੰਧ ਵਿਸ਼ਵਾਸ ਰੋਕੂ ਕਾਨੂੰਨ

ਸਭ ਤੋਂ ਵੱਧ ਸ਼ਰਮਨਾਕ ਤਾਂ ਇਹ ਹੈ ਕਿ ਅੰਨ੍ਹੀ ਸ਼ਰਧਾ ਵਿੱਚ ਫਸੇ ਬਹੁ ਗਿਣਤੀ ਸ਼ਰਧਾਲੂ ਅਜੇ ਵੀ ਉਨ੍ਹਾਂ ਦੇ ਅੰਧ ਭਗਤ ਬਣੇ ਹੋਏ ਹਨ। ਜ਼ਾਹਿਰ ਹੈ ਕਿ ਅਜਿਹੇ ਬਾਬਿਆਂ ਦਾ ਇੱਕ ਵੱਡਾ ਸਿਆਸੀ ਵੋਟ ਬੈਂਕ ਹੋਣ ਕਰਕੇ ਕਿਸੇ ਵੀ ਸਰਕਾਰ ਵੱਲੋਂ ਇਨ੍ਹਾਂ ਦੇ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਂਦੀ।

ਲੋਕਾਂ ਨੂੰ ਇਹ ਤੱਥ ਸਮਝਣ ਦੀ ਲੋੜ ਹੈ ਕਿ ਮੈਡੀਕਲ ਰਜਿਸਟ੍ਰੇਸ਼ਨ ਐਕਟ ਤਹਿਤ ਕਿਸੇ ਵੀ ਵਿਅਕਤੀ ਵੱਲੋਂ ਡਾਕਟਰੀ ਦੀ ਮਾਨਤਾ ਪ੍ਰਾਪਤ ਡਿਗਰੀ ਤੋਂ ਬਗੈਰ ਧਾਰਮਿਕ ਆਸਥਾ ਹੇਠ ਕਥਿਤ ਦੈਵੀ ਸ਼ਕਤੀ ਜਾਂ ਪਾਠ ਪੂਜਾ ਨਾਲ ਕਿਸੇ ਦੀ ਸਰੀਰਕ ਜਾਂ ਮਾਨਸਿਕ ਬਿਮਾਰੀ ਦਾ ਇਲਾਜ ਕਰਨਾ ਸਰਾਸਰ ਗ਼ੈਰ ਕਾਨੂੰਨੀ ਅਤੇ ਸਜ਼ਾਯੋਗ ਅਪਰਾਧ ਹੈ ਅਤੇ ਪਾਠ-ਪੂਜਾ ਅਤੇ ਪ੍ਰਾਰਥਨਾ ਨਾਲ ਕਿਸੇ ਗੰਭੀਰ ਬਿਮਾਰੀ ਦੇ ਮਰੀਜ਼ ਨੂੰ ਸਿਹਤਯਾਬ ਨਹੀਂ ਕੀਤਾ ਜਾ ਸਕਦਾ।

ਪੰਜਾਬ ਸਰਕਾਰ ਅਤੇ ਪੁਲਿਸ ਨੂੰ ਇਹ ਤੱਥ ਭਲੀ ਭਾਂਤ ਪਤਾ ਹੈ ਕਿ ਅਜਿਹੇ ਪਾਖੰਡੀ ਬਾਬਿਆਂ, ਤਾਂਤਰਿਕਾਂ ਦੀਆਂ ਅਪਰਾਧਿਕ ਗਤੀਵਿਧੀਆਂ ਅਤੇ ਝੂਠੀ ਤੇ ਗੈਰ ਕਾਨੂੰਨੀ ਇਸ਼ਤਿਹਾਰਬਾਜ਼ੀ ਡਰੱਗਜ਼ ਤੇ ਮੈਜਿਕ ਰੈਮਡੀਜ਼ ਇਤਰਾਜ਼ਯੋਗ ਇਸ਼ਤਿਹਾਰਬਾਜ਼ੀ ਐਕਟ 1954, ਕੇਬਲ ਟੈਲੀਵਿਜ਼ਨ ਰੈਗੂਲੇਸ਼ਨ ਐਕਟ 1994 ਅਤੇ ਖਾਸ ਕਰਕੇ ਮੈਡੀਕਲ ਰਜਿਸਟ੍ਰੇਸ਼ਨ ਐਕਟ ਦੀ ਸਖਤ ਉਲੰਘਣਾ ਹੈ ਪਰ ਇਸਦੇ ਬਾਵਜੂਦ ਇਨ੍ਹਾਂ ਪਾਖੰਡੀਆਂ ਅਤੇ ਸੰਬੰਧਿਤ ਮੀਡੀਏ ਦੇ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਰਹੀ।

ਭਾਰਤੀ ਸੰਵਿਧਾਨ ਦੀ ਧਾਰਾ 51-ਏ (ਐੱਚ) ਤਹਿਤ ਹਰੇਕ ਭਾਰਤੀ ਨਾਗਰਿਕ ਨੂੰ ਜੀਵਨ ਵਿੱਚ ਵਿਗਿਆਨਕ ਸੋਚ ਅਤੇ ਇਨਸਾਨੀਅਤ ਦੀ ਭਾਵਨਾ ਅਪਣਾਉਣ ਦੇ ਨਾਲ ਨਾਲ ਆਪਣੇ ਆਲੇ ਦੁਆਲੇ ਬਾਰੇ ਜਾਣਨ ਅਤੇ ਉਸ ਵਿੱਚ ਸੁਧਾਰ ਕਰਨ ਦਾ ਫਰਜ਼ ਨਿਭਾਉਣ ਦੀ ਤਾਕੀਦ ਕੀਤੀ ਗਈ ਹੈ ਪਰ ਇਸਦੇ ਬਿਲਕੁਲ ਉਲਟ ਸਾਡੀਆਂ ਸਰਕਾਰਾਂ, ਕੁਝ ਸਿਆਸੀ ਪਾਰਟੀਆਂ ਅਤੇ ਧਾਰਮਿਕ ਸੰਸਥਾਵਾਂ ਦੀ ਮਿਲੀਭੁਗਤ ਨਾਲ ਸਮਾਜ ਵਿੱਚ ਅੰਧ ਵਿਸ਼ਵਾਸ ਅਤੇ ਰੂੜ੍ਹੀਵਾਦ ਫੈਲਾਇਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਸੰਨ 1984 ਤੋਂ ਲਗਾਤਾਰ ਪੰਜਾਬ ਦੇ ਲੋਕਾਂ ਨੂੰ ਤਰਕਸ਼ੀਲ ਸਮਾਗਮਾਂ, ਤਰਕਸ਼ੀਲ ਸਾਹਿਤ ਅਤੇ ਨਾਟਕਾਂ ਰਾਹੀਂ ਵਹਿਮਾਂ ਭਰਮਾਂ, ਅੰਧਵਿਸ਼ਵਾਸਾਂ, ਅਖੌਤੀ ਚਮਤਕਾਰਾਂ, ਭੂਤਾਂ ਪ੍ਰੇਤਾਂ, ਜਾਦੂ ਟੂਣਿਆਂ, ਪੁਨਰ ਜਨਮ ਅਤੇ ਰਾਸ਼ੀ ਫਲ ਦੇ ਗ੍ਰਹਿ ਚੱਕਰਾਂ ਤੋਂ ਇਲਾਵਾ ਨਸ਼ਿਆਂ, ਦਾਜ ਦਹੇਜ, ਰੂੜ੍ਹੀਵਾਦੀ ਰਸਮਾਂ, ਭਰੂਣ ਹੱਤਿਆ, ਧਾਰਮਿਕ ਕੱਟੜਵਾਦ, ਜਾਤ-ਪਾਤ ਅਤੇ ਹੋਰਨਾਂ ਸਮਾਜਿਕ ਬੁਰਾਈਆਂ ਦੇ ਖਿਲਾਫ਼ ਵਿਗਿਆਨਕ ਸੋਚ ਰਾਹੀਂ ਚੇਤਨ ਕਰਦੀ ਆ ਰਹੀ ਹੈ।

ਇਸਦੇ ਇਲਾਵਾ ਹੁਣ ਤਕ ਹਜ਼ਾਰਾਂ ਹੀ ਪਾਖੰਡੀ ਬਾਬਿਆਂ, ਸਾਧਾਂ ਅਤੇ ਜੋਤਸ਼ੀਆਂ ਦੀ ਅਖੌਤੀ ਦੈਵੀ ਸ਼ਕਤੀ ਅਤੇ ਕਾਲੇ ਇਲਮ ਦਾ ਜਨਤਾ ਦੀ ਕਚਹਿਰੀ ਵਿੱਚ ਪਰਦਾਫਾਸ਼ ਕਰਕੇ ਉਨ੍ਹਾਂ ਦਾ ਇਹ ਗ਼ੈਰ ਕਾਨੂੰਨੀ ਧੰਦਾ ਬੰਦ ਕਰਵਾਇਆ ਹੈ ਪਰ ਪੰਜਾਬ ਵਿੱਚ ਅੰਧਵਿਸ਼ਵਾਸ ਰੋਕੂ ਕਾਨੂੰਨ ਦੀ ਅਣਹੋਂਦ ਕਰਕੇ ਅਜਿਹੇ ਦੋਸ਼ੀ ਕਾਨੂੰਨੀ ਸਜ਼ਾ ਤੋਂ ਬਚ ਜਾਂਦੇ ਹਨ ਅਤੇ ਕਿਤੇ ਦੂਜੀ ਜਗ੍ਹਾ ਉੱਤੇ ਆਪਣਾ ਇਹ ਗ਼ੈਰ ਕਾਨੂੰਨੀ ਧੰਦਾ ਫਿਰ ਸ਼ੁਰੂ ਕਰ ਲੈਂਦੇ ਹਨ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਕੌਮੀ ਤਰਕਸ਼ੀਲ ਸੰਸਥਾਵਾਂ ਦੀ ਪਹਿਲਕਦਮੀ ਕਰਕੇ ਮਹਾਰਾਸ਼ਟਰ, ਛੱਤੀਸਗੜ੍ਹ, ਕਰਨਾਟਕ ਅਤੇ ਗੁਜਰਾਤ ਵਿੱਚ ਇਹ ਕਾਨੂੰਨ ਲਾਗੂ ਕੀਤਾ ਜਾ ਚੁੱਕਾ ਹੈ।

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਪਹਿਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸੀ ਸਰਕਾਰਾਂ ਨੂੰ ਦਿੱਤੇ ਮੰਗ ਪੱਤਰਾਂ ਤੋਂ ਇਲਾਵਾ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸਮੂਹ ਮੰਤਰੀਆਂ, ਵਿਧਾਇਕਾਂ ਸਮੇਤ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਵਿਧਾਇਕਾਂ ਨੂੰ ਅੰਧ ਵਿਸ਼ਵਾਸ ਵਿਰੋਧੀ ਕਾਨੂੰਨ ਦੇ ਖਰੜੇ ਸਮੇਤ ਮੰਗ ਪੱਤਰ ਦਿੱਤੇ ਗਏ ਸਨ ਪਰ ਮੌਜੂਦਾ ਪੰਜਾਬ ਸਰਕਾਰ ਵੱਲੋਂ ਵੀ ਪਹਿਲੀਆਂ ਸਰਕਾਰਾਂ ਵਾਂਗ ਹੀ ਇਹ ਲੋਕ ਪੱਖੀ ਕਾਨੂੰਨ ਬਣਾਉਣ ਤੋਂ ਜਾਣ ਬੁੱਝ ਕੇ ਟਾਲਾ ਵੱਟਿਆ ਜਾ ਰਿਹਾ ਹੈ।

ਇਸ ਲਈ ਜੇਕਰ ਪੰਜਾਬ ਸਰਕਾਰ ਆਪਣੇ ਆਪ ਨੂੰ ਲੋਕ ਪੱਖੀ ਹੋਣ ਦਾ ਦਾਅਵਾ ਕਰਦੀ ਹੈ ਤਾਂ ਉਸ ਨੂੰ ਅਜਿਹੇ ਵਹਿਸ਼ੀ ਅਪਰਾਧ ਕਰਨ ਵਾਲੇ ਪਾਖੰਡੀ ਬਾਬਿਆਂ, ਤਾਂਤਰਿਕਾਂ ਦੀਆਂ ਗੈਰ ਕਾਨੂੰਨੀ ਗਤੀਵਿਧੀਆਂ ਉੱਤੇ ਰੋਕ ਲਾਉਣ ਲਈ ਬਿਨਾਂ ਕਿਸੇ ਦੇਰੀ ਦੇ ਪੰਜਾਬ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨਾ ਚਾਹੀਦਾ ਹੈ। ਇਸਦੇ ਨਾਲ ਹੀ ਲੋਕਾਂ ਨੂੰ ਮਾਨਸਿਕ ਤਣਾਅ ਅਤੇ ਪਾਖੰਡੀ ਬਾਬਿਆਂ, ਤਾਂਤਰਿਕਾਂ ਦੇ ਝਾਂਸੇ ਤੋਂ ਬਚਾਉਣ ਲਈ ਜਿੱਥੇ ਹਰ ਹਸਪਤਾਲ ਅਤੇ ਸਿਹਤ ਕੇਂਦਰ ਵਿੱਚ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਨਿਯੁਕਤ ਕੀਤੇ ਜਾਣੇ ਚਾਹੀਦੇ ਹਨ, ਉੱਥੇ ਹੀ ਉਨ੍ਹਾਂ ਦੀਆਂ ਸਿੱਖਿਆ, ਸਿਹਤ, ਰੁਜ਼ਗਾਰ ਅਤੇ ਮਕਾਨ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਵੀ ਯਕੀਨੀ ਬਣਾਉਣੀ ਚਾਹੀਦੀ ਹੈ। ਇਸ ਸੰਬੰਧੀ ਲੋਕ ਪੱਖੀ, ਅਗਾਂਹਵਧੂ, ਜਮਹੂਰੀ, ਜਨਤਕ ਤੇ ਤਰਕਸ਼ੀ ਸੰਸਥਾਵਾਂ, ਬੁੱਧੀਜੀਵੀਆਂ ਅਤੇ ਇਨਸਾਫ ਪਸੰਦ ਮੀਡੀਏ ਨੂੰ ਪੰਜਾਬ ਦੇ ਹਰ ਵਰਗ ਦੇ ਲੋਕਾਂ ਵਿੱਚ ਵਿਗਿਆਨਕ ਸੋਚ ਵਿਕਸਿਤ ਕਰਕੇ ਸੁੱਤੀ ਹੋਈ ਪੰਜਾਬ ਸਰਕਾਰ ਦੇ ਵਿਰੁੱਧ ਫੈਸਲਾਕੁੰਨ ਜਨਤਕ ਸੰਘਰਸ਼ ਕਰਨ ਦੀ ਲੋੜ ਹੈ।

***

## ਕੈਨੇਡਾ ਪਹੁੰਚਣ ਲੱਗਿਆ ਭਾਰਤ ਦਾ ਅੰਦਰੂਨੀ

ਇਲਾਕਾ ਪੁਲਿਸ ਨੇ ਐਲਾਨ ਕੀਤਾ ਸੀ ਕਿ ਭੀੜ ਨੂੰ ਭੜਕਾਉਣ ਅਤੇ ਕਥਿਤ ਨਫ਼ਰਤ ਭਰੇ ਭਾਸ਼ਣ ਦੇਣ ਲਈ ਹਿੰਦੂ ਭਾਈਚਾਰੇ ਦੇ ਤਿੰਨ 'ਨੇਤਾਵਾਂ' ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਇਸ ਤੋਂ ਬਾਅਦ ਬੀਤੇ ਦਿਨੀਂ ਕੈਨੇਡਾ ਦੇ ਬਰੈਂਪਟਨ ਵਿੱਚ ਹਿੰਦੂ ਮੰਦਰ ਦੇ ਨੇੜੇ ਹੋਈ ਹਿੰਸਾ ਦੇ ਮਾਮਲੇ ਵਿੱਚ ਕੈਨੇਡੀਅਨ ਪੁਲਿਸ ਨੇ ਇੱਕ ਹੋਰ ਗ੍ਰਿਫ਼ਤਾਰੀ ਬਰੈਂਪਟਨ ਦੇ ਇੰਦਰਜੀਤ ਗੋਸਲ (35) ਦੀ ਕੀਤੀ ਸੀ। ਪੀਲ ਰੀਜਨਲ ਪੁਲਿਸ ਨੇ ਉਸ ਉੱਪਰ ਹਥਿਆਰ ਨਾਲ ਹਮਲਾ ਕਰਨ ਦਾ ਦੋਸ਼ ਲਗਾਇਆ ਸੀ।

ਹਾਲਾਂਕਿ, ਉਸਨੂੰ ਕੁਝ ਸ਼ਰਤਾਂ ਅਧੀਨ ਰਿਹਾਅ ਕੀਤਾ ਗਿਆ ਸੀ ਤੇ ਬਾਅਦ ਵਿੱਚ ਉਸ ਨੇ ਬਰੈਂਪਟਨ ਵਿੱਚ ਓਨਟਾਰੀਓ ਕੋਰਟ ਆਫ਼ ਜਸਟਿਸ ਵਿੱਚ ਪੇਸ਼ ਹੋਣਾ ਹੈ। ਗੋਸਲ ਨੂੰ ਸਿੱਖ ਫ਼ਾਰ ਜਸਟਿਸ ਦੇ ਜਨਰਲ ਕਾਊਂਸਿਲ ਗੁਰਪਤਵੰਤ ਪੰਨੂ ਦਾ ਲੈਫ਼ਟੀਨੈਂਟ ਦੱਸਿਆ ਜਾਂਦਾ ਹੈ। ਪਿਛਲੇ ਸਾਲ 18 ਜੂਨ ਨੂੰ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਉਸ ਨੇ ਰਾਇਸ਼ੁਮਾਰੀ ਦੇ ਮੁੱਖ ਕੈਨਾਡਾਈ ਕਨਵੀਨਰ ਦੇ ਰੂਪ ਵਿੱਚ ਉਸ ਦੀ ਜਗ੍ਹਾ ਲਈ ਸੀ। ਭਾਈ ਨਿੱਝਰ ਦੀ ਹੱਤਿਆ ਤੋਂ ਬਾਅਦ ਉੱਥੇ ਰੈਫ਼ਰੈਂਡਮ ਨਾਲ ਜੁੜੇ ਕੰਮ ਨੂੰ ਦੇਖ ਰਿਹਾ ਹੈ।

**ਪੁਲਿਸ ਵਲੋਂ ਜਾਂਚ ਟੀਮ ਦਾ ਗਠਨ**

ਪੁਲਿਸ ਨੇ ਇਨ੍ਹਾਂ ਹਿੰਸਕ ਘਟਨਾਵਾਂ ਦੀ ਜਾਂਚ ਜਾਰੀ ਰੱਖਣ ਲਈ ਜਾਂਚ ਟੀਮ ਦਾ ਗਠਨ ਕੀਤਾ ਹੈ। ਪੁਲਿਸ ਅਧਿਕਾਰੀਆਂ ਨੇ ਹੋਰ ਗ੍ਰਿਫ਼ਤਾਰੀਆਂ ਦੀ ਸੰਭਾਵਨਾ ਜਤਾਈ ਹੈ। ਉਸ ਨੇ ਕਈ ਅਪਰਾਧਾਂ ਦੀ ਜਾਂਚ ਸ਼ੁਰੂ ਕੀਤੀ ਹੋਈ ਹੈ, ਜਿਨ੍ਹਾਂ ਵਿਚੋਂ ਕਈਆਂ ਨੂੰ ਵੀਡੀਓ ਵਿੱਚ ਕੈਪਚਰ ਕਰ ਲਿਆ ਗਿਆ ਤੇ ਹੋਰ ਸ਼ੱਕੀਆਂ ਦੀ ਪਛਾਣ ਕਰਨ ਲਈ ਫ਼ੁਟੇਜ ਦੀ ਜਾਂਚ ਜਾਰੀ ਹੈ। ਦਸਿਆ ਜਾ ਰਿਹਾ ਹੈ ਕਿ ਚਾਲੀ ਦੇ ਕਰੀਬ ਦੰਗਾਕਾਰੀ ਭਗਵੇਂ ਪੁਲਿਸ ਦੀ ਹਿਟਲਿਸਟ ਵਿੱਚ ਹਨ। ਚਰਚਾ ਹੈ ਕਿ ਜਿਨ੍ਹਾਂ ਭਾਰਤੀ ਪ੍ਰਵਾਸੀਆਂ ਦੇ ਦਸਤਾਵੇਜ਼ ਸਹੀ ਨਹੀਂ ਹਨ, ਉਨ੍ਹਾਂ ਨੂੰ ਵੀ ਕੈਨੇਡਾ ਤੋਂ ਵਾਪਸ ਭੇਜਿਆ ਜਾ ਸਕਦਾ ਹੈ। ਪੁਲਿਸ ਇਨ੍ਹਾਂ ਦੀਆਂ ਲਿਸਟਾਂ ਤਿਆਰ ਕਰ ਰਹੀ ਹੈ।

**ਦੋਵਾਂ ਦੇਸ਼ਾਂ ਦੇ ਤਿੜਕੇ ਕੂਟਨੀਤਕ ਰਿਸ਼ਤੇ ਸੁਧਰਨ ਦੀ ਆਸ ਮੱਧਮ**

ਬੀਤੇ ਦਿਨੀਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡੀਅਨ ਧਰਤੀ 'ਤੇ ਖਾਲਿਸਤਾਨੀ ਹਮਾਇਤੀਆਂ ਦੀ ਮੌਜੂਦਗੀ ਨੂੰ ਸਵੀਕਾਰਿਆ ਹੈ। ਨਾਲ ਹੀ ਜ਼ੋਰ ਦਿੱਤਾ ਹੈ ਕਿ ਉਹ ਉੱਥੇ ਵਿਆਪਕ ਸਿੱਖ ਭਾਈਚਾਰੇ ਦੀ ਪ੍ਰਤੀਨਿਧਤਾ ਨਹੀਂ ਕਰਦੇ। ਟਰੂਡੋ ਦੀ ਘਰੇਲੂ ਪਹੁੰਚ ਕੈਨੇਡਾ ਅੰਦਰਲੇ ਕੱਟੜਵਾਦ ਨੂੰ ਨੱਥ ਪਾਉਣ ਵੱਲ ਸੇਧਿਤ ਜਾਪਦੀ ਹੈ ਪਰ ਨਾਲ ਹੀ ਉਹ ਕੈਨੇਡਾ ਦੀ ਰਸੂਖ਼ਵਾਨ ਸਿੱਖ ਆਬਾਦੀ ਨੂੰ ਆਪਣੇ ਤੋਂ ਦੂਰ ਕਰਨ ਤੋਂ ਵੀ ਬਚਣਾ ਚਾਹੁਣਗੇ। ਇਹ ਨੀਤੀ ਉਨ੍ਹਾਂ ਦੀ ਵੋਟ ਬੈਂਕ ਸਿਆਸਤ ਅਤੇ ਪਰਵਾਸੀ ਤਬਕੇ ਨਾਲ ਸਬੰਧ ਸੁਖਾਵੇਂ ਰੱਖਣ ਦੇ ਮੁਤਾਬਿਕ ਹੈ। ਟਰੂਡੋ ਦਾ ਬਿਆਨ ਭਾਵੇਂ ਪਾਰਦਰਸ਼ਤਾ ਖ਼ਾਤਿਰ ਚੁੱਕਿਆ ਗਿਆ ਕਦਮ ਜਾਪਦਾ ਹੈ ਪਰ ਭਾਰਤ ਸਰਕਾਰ ਦਾ ਮੰਨਣਾ ਹੈ ਕਿ ਟਰੂਡੋ ਸਰਕਾਰ ਕੱਟੜਵਾਦੀ ਖ਼ਾਲਿਸਤਾਨੀ ਧੜਿਆਂ ਉੱਪਰ ਸ਼ਿਕੰਜਾ ਨਹੀਂ ਕੱਸ ਰਹੀ। ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦਾ ਮੰਨਣਾ ਹੈ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਵੱਲੋਂ ਦਿਖਾਈ ਜਾਂਦੀ ਝਿਜਕ ਖਾਲਿਸਤਾਨੀ ਤੱਤਾਂ ਨੂੰ ਹੱਲਾਸ਼ੇਰੀ ਦਿੰਦੀ ਹੈ ਜਿਨ੍ਹਾਂ ਦੀਆਂ ਕਾਰਵਾਈਆਂ ਨਾਲ ਕੌਮਾਂਤਰੀ ਰਿਸ਼ਤੇ ਖ਼ਰਾਬ ਹੋ ਰਹੇ ਹਨ।

ਨਿਰਪੱਖ ਮਾਹਿਰਾਂ ਦਾ ਮੰਨਣਾ ਹੈ ਕਿ ਹਰਦੀਪ ਸਿੰਘ ਨਿੱਝਰ ਮਾਮਲੇ ਕਾਰਨ ਟਰੂਡੋ ਦੇ ਰੁਖ਼ ਵਿੱਚ ਕੋਈ ਤਬਦੀਲੀ ਨਹੀਂ ਆਵੇਗੀ। ਦੋਵਾਂ ਦੇਸ਼ਾਂ ਦੇ ਤਿੜਕੇ ਕੂਟਨੀਤਕ ਰਿਸ਼ਤੇ ਸੁਧਰਨ ਦੀ ਆਸ ਬਹੁਤ ਮੱਧਮ ਹੈ।

**ਭਾਰਤ ਦਾ ਫ਼ਿਰਕੂਵਾਦ ਪੱਛਮੀ ਦੇਸ਼ਾਂ ਵਿੱਚ ਪਹੁੰਚਿਆ**

ਇਨ੍ਹਾਂ ਸਾਰੀਆਂ ਘਟਨਾਵਾਂ ਦੇ ਮੱਦੇਨਜ਼ਰ ਇਨ੍ਹਾਂ ਦੇਸ਼ਾਂ ਵਿੱਚ ਇੱਕ ਰਾਏ ਬਣ ਗਈ ਹੈ ਕਿ ਭਾਰਤ ਦਾ ਅੰਦਰੂਨੀ ਫ਼ਿਰਕੂ ਤਣਾਅ ਤੇ ਟਕਰਾਅ ਹੁਣ ਉਨ੍ਹਾਂ ਦੇ ਦੇਸ਼ਾਂ ਵਿੱਚ ਨਿਰਯਾਤ ਹੋ ਕੇ ਪਹੁੰਚ ਰਿਹਾ ਹੈ, ਜੋ ਭਵਿੱਖ ਵਿੱਚ ਉਥੋਂ ਦੀ ਕਾਨੂੰਨ ਵਿਵਸਥਾ ਲਈ ਵੱਡੀ ਚੁਣੌਤੀ ਪੈਦਾ ਕਰ ਸਕਦਾ ਹੈ। ਬਰਤਾਨੀਆ ਦੇ ਸ਼ਹਿਰ ਲੈਸਟਰ ਵਿੱਚ ਸਤੰਬਰ 2022 ਵਿੱਚ ਭਾਰਤੀ ਅਤੇ ਪਾਕਿਸਤਾਨੀ ਮੂਲ ਦੇ ਵਸਨੀਕਾਂ ਦਰਮਿਆਨ ਦੰਗੇ ਹੋਏ ਸਨ। ਆਸਟ੍ਰੇਲੀਆ ਅਤੇ ਅਮਰੀਕਾ ਦੇ ਕੁਝ ਸ਼ਹਿਰਾਂ ਵਿੱਚ ਹਿੰਦੂ-ਸਿੱਖ ਤਣਾਅ ਅਤੇ ਝੜਪਾਂ ਦੀਆਂ ਖਬਰਾਂ ਆਈਆਂ ਸਨ।

ਵਰਨਣਯੋਗ ਹੈ ਕਿ ਕੈਨੇਡਾ ਦੀਆਂ ਕਾਰਵਾਈਆਂ ਨੂੰ ਇਨ੍ਹਾਂ ਸਾਰੇ ਦੇਸ਼ਾਂ ਫ਼ਾਈਵ ਆਈਜ਼ ਦਾ ਸਮਰਥਨ ਹਾਸਲ ਹੈ। ਉਨ੍ਹਾਂ ਦੇਸ਼ਾਂ ਵਿੱਚ ਵੱਡੀ ਗਿਣਤੀ ਵਿੱਚ ਰਹਿ ਰਹੇ ਭਾਰਤੀ ਪ੍ਰਵਾਸੀਆਂ ਲਈ ਇਹ ਚਿੰਤਾਜਨਕ ਸੰਕੇਤ ਹੈ। ਉਨ੍ਹਾਂ ਦੀ ਸਾਖ ਨੂੰ ਵੱਡਾ ਝਟਕਾ ਲਗ ਰਿਹਾ ਹੈ। ਇਸ ਸਥਿਤੀ ਨੂੰ ਸੁਧਾਰਨਾ ਭਾਰਤ ਸਰਕਾਰ ਦੀ ਪ੍ਰਮੁੱਖ ਤਰਜੀਹ ਹੋਣੀ ਚਾਹੀਦੀ ਹੈ। ਪਰ ਨਰਿੰਦਰ ਮੋਦੀ ਸਰਕਾਰ ਦੀ ਤਰਜੀਹ ਦੇਸ਼ ਅੰਦਰ ਆਪਣੇ ਹਿੰਦੂਤਵ ਅਕਸ ਤੇ ਹਿੰਦੂਤਵ ਸ਼ਕਤੀ ਤੇ ਨੈਰਟਿਵ ਨੂੰ ਮਜ਼ਬੂਤ ਕਰਨਾ ਹੈ। ਇਸ ਕਾਰਨ, ਉਨ੍ਹਾਂ ਦੇ ਪਾਸਿਓਂ ਪਹਿਲਕਦਮੀ ਦੀ ਸੰਭਾਵਨਾ, ਖਾਸ ਤੌਰ 'ਤੇ ਕੈਨੇਡਾ ਨਾਲ ਗੱਲਬਾਤ ਅਤੇ ਦੋਵਾਂ ਭਾਈਚਾਰਿਆਂ ਵਿਚਕਾਰ ਸੁਲ੍ਹਾ-ਸਫ਼ਾਈ ਦੀ ਸੰਭਾਵਨਾ ਬਹੁਤ ਘੱਟ ਹੈ। ਇਸ ਕਾਰਨ ਕੈਨੇਡਾ ਭਾਰਤ ਉੱਪਰ ਸਖ਼ਤੀ ਹੋਰ ਵਧਾ ਸਕਦਾ ਹੈ।

## ਕੈਨੇਡਾ ਵਿੱਚ ਘਟਾਈ ਜਾ ਰਹੀ ਹੈ

ਸਥਾਈ ਵਸਨੀਕਾਂ ਦੇ ਟੀਚਿਆਂ ਬਾਰੇ ਇੱਕ ਐਲਾਨ ਕਰਦਿਆਂ ਆਪਣੇ ਐਕਸ ਅਕਾਊਂਟ 'ਤੇ ਲਿਖਿਆ ਸੀ ਕਿ ਅਸੀਂ ਕੈਨੇਡਾ ਵਿੱਚ ਆ ਰਹੇ ਪਰਵਾਸੀਆਂ ਦੀ ਗਿਣਤੀ ਵੱਡੇ ਪੱਧਰ ਉੱਤੇ ਘਟਾਉਣ ਜਾ ਰਹੇ ਹਾਂ। ਅਸੀਂ ਅਸਥਾਈ ਤੌਰ ਉੱਤੇ ਆਪਣੀ ਆਬਾਦੀ ਵਿੱਚ ਵਾਧੇ ਉੱਤੇ ਰੋਕ ਲਾਉਣ ਜਾ ਰਹੇ ਹਾਂ ਤਾਂ ਜੋ ਸਾਡੀ ਆਰਥਿਕਤਾ ਲੀਹਾਂ 'ਤੇ ਆ ਸਕੇ।

**10 ਸਾਲਾਂ ਦੇ ਮਲਟੀਪਲ ਵੀਜ਼ਾ ਵਿੱਚ ਹੋਇਆ ਬਦਲਾਅ**

ਕੈਨੇਡਾ ਵਿੱਚ ਕੌਮਾਂਤਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਅਤੇ ਆਰਜ਼ੀ ਕਾਮਿਆਂ ਦੀ ਗਿਣਤੀ ਨੂੰ ਸੀਮਤ ਕਰਨ ਤੋਂ ਬਾਅਦ ਮਲਟੀਪਲ ਵੀਜ਼ਾ ਐਂਟਰੀ ਦੇ ਨਿਯਮਾਂ ਵਿੱਚ ਵੀ ਇਸੇ ਮਹੀਨੇ ਬਦਲਾਅ ਕੀਤਾ ਗਿਆ ਸੀ। ਕੈਨੇਡਾ ਇਮੀਗ੍ਰੇਸ਼ਨ ਦੀ ਅਧਿਕਾਰਤ ਵੈਬਸਾਈਟ ਉੱਤੇ ਦਿੱਤੇ ਨਵੇਂ ਦਿਸ਼ਾ-ਨਿਰਦੇਸ਼ਾਂ ਮੁਤਾਬਕ, ਕੈਨੇਡਾ ਨੇ ਕਿਹਾ ਸੀ ਕਿ ਪਹਿਲਾਂ ਤੋਂ ਜਾਰੀ ਮਲਟੀਪਲ ਐਂਟਰੀ ਵੀਜ਼ਾ ਦਸਤਾਵੇਜ਼ ਹੁਣ ਕੈਨੇਡਾ ਵਿੱਚ ਪ੍ਰਵੇਸ਼ ਲਈ ਕੋਈ ਤੈਅ ਪੈਮਾਨਾ ਨਹੀਂ ਹੋਵੇਗਾ।

ਇਹ ਇਮੀਗ੍ਰੇਸ਼ਨ ਅਧਿਕਾਰੀ ਉੱਤੇ ਨਿਰਭਰ ਕਰੇਗਾ ਕਿ ਉਹ ਕਿਸੇ ਨੂੰ ਸਿੰਗਲ ਜਾਂ ਮਲਟੀਪਲ ਐਂਟਰੀ ਦੀ ਇਜਾਜ਼ਤ ਦਿੰਦਾ ਹੈ ਜਾਂ ਨਹੀਂ ਹੈ।

ਇਸ ਤੋਂ ਇਲਾਵਾ ਵੈਧਤਾ ਦੀ ਮਿਆਦ ਬਾਰੇ ਵੀ ਅਧਿਕਾਰੀ ਆਪਣੇ ਵਿਵੇਕ ਨਾਲ ਫ਼ੈਸਲਾ ਲੈ ਸਕਦਾ ਹੈ। ਇਸ ਦਾ ਸਭ ਤੋਂ ਵੱਧ ਅਸਰ ਪੰਜਾਬੀ ਭਾਈਚਾਰੇ ਦੇ ਲੋਕਾਂ 'ਤੇ ਪਵੇਗਾ, ਜੋ ਕੈਨੇਡਾ ਆਉਂਦੇ-ਜਾਂਦੇ ਰਹਿੰਦੇ ਹਨ। ਨਵੇਂ ਨਿਯਮ ਨੇ ਕੈਨੇਡਾ ਵਿੱਚ 10 ਲੱਖ ਲੋਕਾਂ ਨੂੰ ਮੁਸੀਬਤ ਵਿੱਚ ਪਾ ਦਿੱਤਾ ਹੈ, ਜੋ ਵਿਜ਼ਟਰ ਜਾਂ ਮਲਟੀਪਲ ਵੀਜ਼ਾ 'ਤੇ ਕੈਨੇਡਾ ਵਿੱਚ ਹਨ। ਇਨ੍ਹਾਂ ਵਿੱਚੋਂ 4.5 ਲੱਖ ਦੇ ਕਰੀਬ ਪੰਜਾਬ ਮੂਲ ਦੇ ਹਨ। ਇਸ ਤੋਂ ਪਹਿਲਾਂ ਇਸ ਸਾਲ ਦੀ ਸ਼ੁਰੂਆਤ ਵਿੱਚ ਕੈਨੇਡਾ ਨੇ 2024 ਵਿੱਚ ਕੌਮਾਂਤਰੀ ਵਿਦਿਆਰਥੀਆਂ ਲਈ ਨਵੇਂ ਨੇਮ ਲਾਗੂ ਕੀਤੇ ਸਨ। ਇਸ ਵਿੱਚ ਸਟੱਡੀ ਪਰਮਿਟਾਂ ਦੀ ਗਿਣਤੀ ਦੋ ਸਾਲਾਂ ਵਿੱਚ 35 ਫੀਸਦੀ ਘਟਾਉਣਾ ਵੀ ਸ਼ਾਮਲ ਸੀ। ਨਵੇਂ ਨਿਯਮਾਂ ਵਿੱਚ ਸੁਪਰ ਵੀਜ਼ਾ ਦਾ ਕੋਈ ਜ਼ਿਕਰ ਨਹੀਂ ਹੈ, ਜਿਸ ਕਾਰਨ ਭੰਬਲਭੂਸੇ ਦੀ ਸਥਿਤੀ ਬਣੀ ਹੋਈ ਹੈ। ਸੁਪਰ ਵੀਜ਼ਾ ਉਹਨਾਂ ਮਾਪਿਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਦੇ ਬੱਚੇ ਕੈਨੇਡਾ ਦੇ ਸਥਾਈ ਨਿਵਾਸੀ ਜਾਂ ਨਾਗਰਿਕ ਹਨ। ਪੰਜਾਬ ਤੋਂ ਹਰ ਸਾਲ ਡੇਢ ਲੱਖ ਬੱਚੇ ਪੜ੍ਹਾਈ ਲਈ ਆਉਂਦੇਹਨ, ਉਨ੍ਹਾਂ ਦੇ ਮਾਪੇ ਕਈ ਵਾਰ 6-6 ਮਹੀਨੇ ਕੈਨੇਡਾ ਰਹਿੰਦੇ ਸਨ, ਪਰ ਹੁਣ ਉਹ ਇੱਕ ਮਹੀਨੇ ਤੋਂ ਵੱਧ ਨਹੀਂ ਰਹਿ ਸਕਣਗੇ।



## ਭੁੱਖਮਰੀ ਖ਼ਤਮ ਕਰਨ ਲਈ

ਭਾਰਤ ਨੂੰ ਭੁੱਖਮਰੀ ਦੇ ਚੱਕਰਵਿਊ ’ਚੋਂ ਨਿਕਲ ਕੇ ਸੰਯੁਕਤ ਰਾਸ਼ਟਰ ਸੰਘ ਦੇ ਟਿਕਾਊ ਵਿਕਾਸ ਦੇ ਟੀਚਿਆਂ ਨੂੰ ਹਾਸਿਲ ਕਰਨ ਲਈ ਭਾਵ ਭੁੱਖਮਰੀ ਖ਼ਤਮ ਕਰਕੇ ਸਿਫ਼ਰ ਭੁੱਖਮਰੀ ਸਕੋਰ ਹਾਸਿਲ ਕਰਨ ਵਾਸਤੇ ਕੁਝ ਮੁੱਦਿਆਂ ਵੱਲ ਉਚੇਚਾ ਧਿਆਨ ਦੇਣਾ ਹੋਵੇਗਾ। ਸਭ ਤੋਂ ਪਹਿਲਾਂ ਦੇਸ਼ ’ਚ ਭੋਜਨ ਸੁਰੱਖਿਆ ਤੇ ਭੋਜਨ ਦਾ ਅਧਿਕਾਰ ਸੰਬੰਧੀ ਕਾਨੂੰਨਾਂ ਤੇ ਨਿਯਮਾਂ ਨੂੰ ਅੰਤਰਰਾਸ਼ਟਰੀ ਮਿਆਰਾਂ ਅਨੁਸਾਰ ਵਿਸਤਾਰ ਕਰਕੇ ਇਨ੍ਹਾਂ ਦੇ ਲਾਗੂ ਕਰਨ ’ਚ ਆ ਰਹੀਆਂ ਮੁਸ਼ਕਿਲਾਂ ਤੇ ਊਣਤਾਈਆਂ ਦੀ ਨਿਸ਼ਾਨਦੇਹੀ ਕਰਕੇ, ਉਨ੍ਹਾਂ ਨੂੰ ਤੁਰੰਤ ਠੀਕ ਕਰਨਾ ਹੋਵੇਗਾ। ਦੂਜਾ ਭੋਜਨ ਸੁਰੱਖਿਆ ਤੇ ਭੋਜਨ ਦਾ ਅਧਿਕਾਰ ਦੇ ਮਾਮਲਿਆਂ ’ਚ ਕਿਸੇ ਵੀ ਆਧਾਰ ਜਿਵੇਂ- ਧਰਮ, ਜਾਤਪਾਤ, ਲਿੰਗ, ਗ਼ਰੀਬੀ-ਅਮੀਰੀ, ਆਦਿ ’ਤੇ ਕਿਸੇ ਨਾਲ ਵੀ ਪੱਖਪਾਤ ਨਾ ਹੋਵੇ, ਅਜਿਹੇ ਵਿਤਕਰਿਆਂ ਲਈ ਜ਼ਿਮੇਵਾਰ ਤਾਕਤਾਂ ਤੇ ਕਾਰਨਾਂ ਦੇ ਕਾਨੂੰਨੀ/ਸੰਵਿਧਾਨਕ/ਪ੍ਰਬੰਧਕੀ ਤਰਜੀਹਾਂ ਦੇ ਆਧਾਰ ’ਤੇ ਤੁਰੰਤ ਹੱਲ ਕੱਢਣੇ ਚਾਹੀਦੇ ਹਨ। ਤੀਜਾ ਦੇਸ਼ ਦੇ ਨਾਗਰਿਕਾਂ ’ਚ ਪਾਈਆਂ ਜਾਂਦੀਆਂ ਹਰ ਪ੍ਰਕਾਰ ਦੀਆਂ ਨਾ-ਬਰਾਬਰੀਆਂ ਜਿਵੇਂ- ਆਮਦਨ, ਧਨ-ਦੌਲਤ, ਸਾਧਨਾਂ ਆਦਿ ਨੂੰ ਦੂਰ ਕਰਕੇ ਆਰਥਿਕ ਤੇ ਸਮਾਜਿਕ ਬਰਾਬਰੀ ਲਿਆਉਣ ਤੇ ਸਭ ਨੂੰ ਇਨਸਾਫ਼ ਦੇਣ ਦੇ ਮਕਸਦ ਨਾਲ ਹਰ ਚਾਰਾਜੋਈ ਕਰਨੀ ਚਾਹੀਦੀ ਹੈ। ਭਾਵੇਂ ਭਾਰਤ ਸਰਕਾਰ ਵਲੋਂ ਦੇਸ਼ ਨੂੰ 2047 ਤੱਕ ਵਿਕਸਿਤ ਦੇਸ਼ ਬਣਾਉਣ ਦਾ ਐਲਾਨ ਕੀਤਾ ਗਿਆ ਹੈ, ਪਰ ਇਸ ਟੀਚੇ ਦੀ ਬਜਾਏ ਇਹ 2047 ਤੱਕ ਦੇਸ਼ ’ਚੋਂ ਭੁੱਖਮਰੀ ਨੂੰ ਖ਼ਤਮ ਕਰਨਾ ਮੁੱਖ ਟੀਚਾ ਹੋਣਾ ਚਾਹੀਦਾ ਹੈ, ਕਿਉਂਕਿ ਭੁੱਖਮਰੀ ਖ਼ਤਮ ਹੋਣ ’ਤੇ ਦੇਸ਼ ਆਪਣੇ ਆਪ ਵਿਕਸਿਤ ਦੇਸ਼ ਬਣਨ ਦੇ ਰਾਹ ’ਤੇ ਪੈ ਜਾਵੇਗਾ।

ਉਪਰੋਕਤ ਵਿਸ਼ਲੇਸ਼ਣ ਤੇ ਤੱਥ ਸਪੱਸ਼ਟ ਕਰਦੇ ਹਨ ਕਿ ਜੇਕਰ ਭਾਰਤ 2047 ਤੱਕ ਭੁੱਖਮਰੀ ਤੋਂ ਨਿਜਾਤ ਪਾਉਣ ਦੇ ਟੀਚੇ ਨੂੰ ਹਾਸਿਲ ਕਰਨ ’ਚ ਕਾਮਯਾਬ ਹੋ ਜਾਂਦਾ ਹੈ ਤਾਂ ਇਹ ਵੱਡੀ ਪ੍ਰਾਪਤੀ ਹੋਵੇਗੀ। ਭਾਵੇਂ ਭਾਰਤ 2047 ਤੱਕ ਕੇਵਲ ਕੁੱਲ ਉਤਪਾਦਨ (ਜੀ.ਡੀ.ਪੀ.) ਵਧਾ ਕੇ ਹੀ ਵਿਕਸਿਤ ਦੇਸ਼ਾਂ ’ਚ ਸ਼ੁਮਾਰ ਹੋਣ ਦਾ ਸੁਫ਼ਨਾ ਵੇਖ ਰਿਹਾ ਹੈ, ਜੋ ਪੂਰਾ ਹੋਣਾ ਮੁਸ਼ਕਿਲ ਹੈ, ਕਿਉਂਕਿ ਵਿਕਸਿਤ ਦੇਸ਼ਾਂ ’ਚ ਭੁੱਖਮਰੀ ਸੂਚਕ ਅੰਕ ਸਿਫ਼ਰ ਹੋਣ ਦੇ ਨਾਲ-ਨਾਲ ਹੋਰ ਬਹੁਤ ਸਾਰੇ ਆਰਥਿਕ ਤੇ ਸਮਾਜਿਕ ਸੂਚਕ ਅੰਕ ਵੀ ਬਹੁਤ ਵਧੀਆ ਤੇ ਉੱਤਮ ਦਰਜੇ ’ਤੇ ਪਾਏ ਜਾਂਦੇ ਹਨ।

***

## ਭਾਰਤ ਲਈ ਘਾਤਕ ਹੈ ਸਿੱਖਿਆ

ਅਸੀਂ ਹਾਲੇ ਤੱਕ ਇਕ ਦਹਾਈ ਭਾਵ ਦਸ ਦੀ ਗਿਣਤੀ ਤੱਕ ਹੀ ਪਹੁੰਚ ਸਕੇ ਹਾਂ ਅਤੇ ਉਨ੍ਹਾਂ ਦੇ ਸਿਰ ’ਤੇ ਆਪਣੀਆਂ ਸਿੱਖਿਆ ਵਿਵਸਥਾ ਅਤੇ ਅਧਿਆਪਕਾਂ ਦੀ ਗੁਣਵੱਤਾ ਦਾ ਗੁਣਗਾਨ ਕਰਦੇ ਰਹਿੰਦੇ ਹਾਂ। ਸਾਡੇ ਇੱਥੇ ਅਧਿਆਪਕਾਂ ਨੂੰ ਮੈਨੇਜਮੈਂਟ ਅਤੇ ਪ੍ਰਸ਼ਾਸਨਿਕ ਕੰਮਾਂ ’ਚ ਲਗਾ ਦਿੱਤਾ ਜਾਂਦਾ ਹੈ। ਨੌਕਰੀ ਦੀ ਸੁਰੱਖਿਆ ਦਾ ਡਰ ਉਨ੍ਹਾਂ ਤੋਂ ਇਹ ਸਭ ਕਰਵਾ ਵੀ ਲੈਂਦਾ ਹੈ। ਉਨ੍ਹਾਂ ਦੇ ਅੰਦਰ ਦਾ ਜੋਸ਼, ਉਨ੍ਹਾਂ ਦਾ ਧੀਰਜ, ਵਿਦਿਆਰਥੀਆਂ ਨਾਲ ਨੇੜਤਾ ਇਹ ਸਭ ਜਵਾਬ ਦੇਣ ਲਗਦੇ ਹਨ। ਇਹੀ ਕਾਰਨ ਹੈ ਕਿ ਹੁਣ ਅਧਿਆਪਕਾਂ ’ਚੋਂ ਰੋਲ ਮਾਡਲ ਨਹੀਂ ਮਿਲਦੇ, ਜਿਨ੍ਹਾਂ ਨੂੰ ਮੇਂਟਰ ਜਾਂ ਮਾਰਗਦਰਸ਼ਕ ਕਿਹਾ ਜਾ ਸਕਦਾ ਹੋਵੇ। ਅਜਿਹੇ ਅਧਿਆਪਕ ਤਾਂ ਹੁਣ ਮਿਲਦੇ ਹੀ ਨਹੀਂ, ਜੋ ਜੀਵਨ ਭਰ ਆਪਣੇ ਪੜ੍ਹਾਏ ਹੋਏ ਵਿਦਿਆਰਥੀਆਂ ਨਾਲ ਸੰਪਰਕ ਬਣਾਈ ਰੱਖਦੇ ਹੋਣ ਜਾਂ ਜਦੋਂ ਉਨ੍ਹਾਂ ਨੂੰ ਸਹਾਇਤਾ ਦੀ ਜ਼ਰੂਰਤ ਹੋਵੇ, ਤਾਂ ਉਹ ਸੌਖਿਆਂ ਹੀ ਅਧਿਆਪਕ ਕੋਲ ਜਾ ਸਕਦੇ ਹੋਣ। ਵਿਦਿਆਰਥੀ ਆਪਣੇ ਉਸ ਅਧਿਆਪਕ ਨੂੰ ਜੀਵਨ ਦੇ ਕਿਸੇ ਮੋੜ ’ਤੇ ਨਹੀਂ ਭੁੱਲਦਾ, ਜਿਸ ਨੇ ਪਿਆਰ, ਦੁਲਾਰ ਦੇ ਨਾਲ ਫਟਕਾਰ ਅਤੇ ਬੈਂਤ ਦੀ ਸੋਟੀ ਨਾਲ ਉਸ ਦੀ ਧੁਲਾਈ ਕੀਤੀ ਹੋਵੇ। ਜਦੋਂ ਕਦੇ ਚਾਹੇ ਆਪਣੀ ਪ੍ਰੌੜ੍ਹ ਉਮਰ ਅਤੇ ਜਾਂ ਅਧਿਆਪਕ ਦੀ ਬਿਰਧ ਅਵਸਥਾ ’ਚ ਜਾਣੇ-ਅਨਜਾਣੇ ’ਚ ਵੀ ਅਜਿਹੇ ਅਧਿਆਪਕਾਂ ਦੀ ਪੁਰਾਣੇ ਵਿਦਿਆਰਥੀਆਂ ਨਾਲ ਮੁਲਾਕਾਤ ਹੋ ਗਈ ਹੋਵੇ ਤਾਂ ਬਿਨਾਂ ਭਾਵੁਕ ਹੋਏ ਅਤੇ ਹੰਝੂਆਂ ਦੀਆਂ ਕੁਝ ਬੂੰਦਾਂ ਟਪਕਾਏ ਬਿਨਾਂ ਇਹ ਮਿਲਣ ਪੂਰਾ ਹੀ ਨਹੀਂ ਹੁੰਦਾ। ਅਕਸਰ ਅਜਿਹੇ ਅਧਿਆਪਕ ਯਾਦ ਆਉਂਦੇ ਰਹਿੰਦੇ ਹਨ, ਆਪਸੀ ਚਰਚਾ ’ਚ ਉਨ੍ਹਾਂ ਦਾ ਜ਼ਿਕਰ ਹੁੰਦਾ ਰਹਿੰਦਾ ਹੈ ਅਤੇ ਆਪਣੀ ਸ਼ਖ਼ਸੀਅਤ ਦੇ ਨਿਰਮਾਣ ’ਚ ਉਨ੍ਹਾਂ ਦੇ ਯੋਗਦਾਨ ਦੀਆਂ ਕਹਾਣੀਆਂ ਸੁਣੀਆਂ ਸੁਣਾਈਆਂ ਜਾਂਦੀਆਂ ਰਹਿੰਦੀਆਂ ਹਨ। ਉਨ੍ਹਾਂ ਦਾ ਸਖ਼ਤ ਕੰਟਰੋਲ ਅਤੇ ਸਿੱਖਿਆ ਪ੍ਰਤੀ ਪ੍ਰਤੀਬੱਧਤਾ ਹਮੇਸ਼ਾ ਯਾਦਾਂ ’ਚ ਬਣੀ ਰਹਿੰਦੀ ਹੈ ਅੰਤ ਵਿੱਚ ਕਹਿੰਦੇ ਹਨ ਕਿ ਸਿੱਖਣਾ ਜਾਂ ਸਿੱਖਿਆ ਗ੍ਰਹਿਣ ਕਰਨ ਦੀ ਪ੍ਰਕਿਰਿਆ ਜੀਵਨ ਭਰ ਚਲਦੀ ਹੈ। ਕੋਈ ਨਾ ਕੋਈ ਸਿੱਖਿਆ ਦੇਣ ਵਾਲਾ ਮਿਲ ਹੀ ਜਾਂਦਾ ਹੈ, ਜਿਸ ਦੀ ਭੂਮਿਕਾ ਅਧਿਆਪਕ ਨਾਲੋਂ ਘੱਟ ਨਹੀਂ ਹੁੰਦੀ। ਅਜਿਹਾ ਵੀ ਹੁੰਦਾ ਹੈ ਕਿ ਆਪਣੇ ਕਿਸੇ ਵਿਅਕਤੀ ਨੂੰ ਸ਼ਰਧਾ ਅਤੇ ਸਨਮਾਨ ਨਾਲ ਆਪਣਾ ਗੁਰੂ ਬਣਾਇਆ ਅਤੇ ਉਸੇ ਨੇ ਉਹ ਸਬਕ ਸਿਖਾਇਆ, ਜੋ ਜੀਵਨ ਭਰ ਨਹੀਂ ਭੁੱਲਦਾ। ਅਧਿਆਪਕ ਦੇ ਰੂਪ ’ਚ ਬਹੁਤ ਸਾਰੇ ਢੋਂਗੀ ਅਤੇ ਪਖੰਡੀ ਵੀ ਮਿਲਦੇ ਹਨ। ਕਈ ਵਾਰ ਤਾਂ ਸਾਰਾ ਕੁਝ ਲੁਟਾ ਕੇ ਹੋਸ਼ ’ਚ ਆਉਣ ਵਰਗੀ ਗੱਲ ਹੋ ਜਾਂਦੀ ਹੈ। ਵਿਸ਼ਵ ਅਧਿਆਪਕ ਦਿਵਸ ’ਤੇ ਇਹੀ ਕਾਮਨਾ ਹੈ ਕਿ ਸਿਖਾਉਣ ਵਾਲੇ ਇਸ ਤਰ੍ਹਾਂ ਦੇ ਮਿਲਣ ਜੋ ਚੰਗੇ-ਬੁਰੇ, ਸਹੀ-ਗ਼ਲਤ ਅਤੇ ਝੂਠ ਤੇ ਸੱਚ ਦੀ ਕਸੌਟੀ ਸਮਝਾ ਸਕਣ।

****

## ਪਹਿਲਾਂ ਵਿਆਹਾਂ ’ਚ ਮਾਮੇ

ਅੱਜ-ਕੱਲ੍ਹ ਜੋ ਦੇਖਣ ਵਿੱਚ ਆਉਂਦਾ ਹੈ, ਸਾਡੇ ਵਿਆਹਾਂ ਦੇ ਰੀਤੀ-ਰਿਵਾਜਾਂ ਵਿੱਚ ਬਹੁਤ ਤਬਦੀਲੀ ਆ ਗਈ ਹੈ। ਬਰਾਤ ਜਿਹੜੀ ਕਈ-ਕਈ ਦਿਨ ਠਹਿਰਾਅ ਕਰਦੀ ਸੀ, ਹੁਣ ਇੱਕ ਦਿਨ ਵਿਚ ਹੀ ਵਾਪਸ ਚਲੀ ਜਾਂਦੀ ਹੈ। ਵਿਆਹ ਵੀ ਘਰਾਂ ਜਾਂ ਗਲੀ-ਮੁਹੱਲਿਆ ਵਿੱਚ ਹੋਣ ਦੀ ਥਾਂ ਮੈਰਿਜ ਪੈਲੇਸਾਂ ਵਿੱਚ ਹੋਣ ਲੱਗ ਪਏ ਹਨ। ਇਸ ਤਰ੍ਹਾਂ ਹਰ ਤਰ੍ਹਾਂ ਦੇ ਰਸਮ ਤੇ ਸ਼ਗਨ ਸੀਮਤ ਹੋ ਕੇ ਸਮਾਪਤੀ ’ਤੇ ਆ ਗਏ ਹਨ। ਵਿਆਹ ਵਾਲੇ ਮੁੰਡੇ-ਕੁੜੀ ਅੱਜ-ਕੱਲ੍ਹ ਪੜ੍ਹੇ-ਲਿਖੇ ਹੋਣ ਕਾਰਨ ਜਾਂ ਕਹਿ ਲਵੋ ਕਿ ਜ਼ਿਆਦਾ ਪੜ੍ਹ ਗਏ ਹਨ, ਰਸਮਾਂ ਜਾਂ ਸਮੇਂ ਅਨੁਸਰ ਸ਼ਗਨਾਂ ਦੀ ਪਰਵਾਹ ਨਹੀਂ ਕਰਦੇ ਤੇ ਹਰ ਰੀਤੀ ’ਚ ਆਪਣੀ ਮਰਜ਼ੀ ਕਰਦੇ ਹਨ।

ਸਭ ਕੁਝ ਮਿਲਣ ਲੱਗਿਆ ਰੈਡੀਮੇਡ

ਨਾਈ-ਧੋਈ ਦੀ ਗੱਲ ਕਰ ਲਵੋ ਤਾਂ ਉਹ ਆਪ ਬਾਥਰੂਮਾਂ ’ਚ ਨਹਾ ਕੇ ਆਪੇ ਕੱਪੜੇ ਪਾ ਕੇ ਤਿਆਰ ਹੋ ਜਾਂਦੇ ਹਨ। ਚੌਂਕੀ ਉੱਤੇ ਬੈਠ ਬਟਨਾ ਲਗਵਾਉਣਾ ਜਾਂ ਚੌਂਕੀ ’ਤੇ ਬੈਠ ਸ਼ਗਨਾਂ ਨਾਲ ਨਾਈ-ਧੋਬੀ ਕਰਨਾ ਉਨ੍ਹਾਂ ਨੂੰ ਪਸੰਦ ਨਹੀਂ, ਤਾਂ ਕੋਈ ਲੋੜ ਨ੍ਹੀਂ ਪੈਂਦੀ ਮਾਮੇ ਦੀ, ਹੁਣ ਔਰਤਾਂ ਕਿਵੇਂ ਗਾਉਣਗੀਆਂ ਕਿ ਬੁਲਾਓ ਧਰਮੀ ਮਾਮੇ ਨੂੰ, ਤਾਂ ਜੋ ਕੁੜੀ ਜਾਂ ਮੁੰਡੇ ਨੂੰ ਚੌਂਕੀ ਤੋਂ ਉਤਾਰਿਆ ਜਾਵੇ। ਸਾਰਾ ਵਿਰਸਾ ਹੀ ਬਦਲ ਚੁੱਕਿਆ ਏ, ਮਾਮਾ ਵੀ ਵਿਆਹ ਵਿੱਚ ਆਪਣੀ ਬੁੱਕਤ ਘਟਦੀ ਦੇਖ ਸਮੇਂ ਦੇ ਸਮੇਂ ਹੀ ਵਿਆਹ ਵਿੱਚ ਆਉਂਦਾ ਹੈ। ਕਈ ਵਾਰ ਤਾਂ ਮਾਮਾ ਕਹਿ ਦਿੰਦਾ ਹੈ ਕਿ ਤੁਸੀਂ ਬਰਾਤ ਲੈ ਜਾਣਾ, ਮੈ ਸਿੱਧਾ ਮੈਰਿਜ ਪੈਲੇਸ ਵਿੱਚ ਪਹੁੰਚ ਜਾਵਾਂਗਾ। ਸਭ ਕੁਝ ਰੈਡੀਮੇਡ ਮਿਲਦਾ ਹੈ, ਖਾਣਾ ਬਣਿਆ ਬਣਾਇਆ ਪਰ ਪਲੇਟ ਦੇ ਹਿਸਾਬ ਨਾਲ ਵਰਤਾਇਆ ਜਾਂਦਾ ਹੈ, ਫਿਰ ਮਾਮੇ ਨਾਲ ਸਲਾਹ ਵੀ ਕਿਸ ਗੱਲ ਦੀ ਕਰਨੀ ਹੈ। ਜਲਦੀ-ਜਲਦੀ ’ਚ ਹੁੰਦੇ ਵਿਆਹਾਂ ਵਿੱਚ ਮਾਮੀ ਨੂੰ ਨੱਚਣ ਦਾ ਮੌਕਾ ਨਹੀਂ ਮਿਲਦਾ। ਉਹ ਵੀ ਕਹਿ ਦੇਂਦੀ ਹੈ ਕਿ ਜਦੋਂ ਵਿਆਹ ਵਿਚ ਗਿੱਧੇ ਦਾ ਪਿੜ ਹੀ ਨਹੀਂ ਲੱਗਦਾ, ਉਹ ਕਿਹੜੇ ਵਿਹੜੇ ਨੱਚੇ।

***

## ਦੋਸ਼ੀ ਸਾਧਵੀ ਪ੍ਰਗਿਆ ਸਿੰਘ

ਅਪ੍ਰੈਲ 2017 ਵਿੱਚ ਬੰਬੇ ਹਾਈ ਕੋਰਟ ਨੇ ਸਾਰੇ 7 ਦੋਸ਼ੀਆਂ ਨੂੰ ਜ਼ਮਾਨਤ ਦੇ ਦਿੱਤੀ ਸੀ। ਇਸ ਦੌਰਾਨ ਪ੍ਰਗਿਆ ਨੂੰ 5 ਲੱਖ ਰੁਪਏ ਦੇ ਨਿੱਜੀ ਮੁਚਲਕੇ ’ਤੇ ਜ਼ਮਾਨਤ ਮਿਲ ਗਈ ਸੀ। ਉਦੋਂ ਅਦਾਲਤ ਨੇ ਕਿਹਾ ਸੀ ਕਿ ਸਾਧਵੀ ਖ਼ਿਲਾਫ਼ ਕੋਈ ਕੇਸ ਨਹੀਂ ਬਣਾਇਆ ਗਿਆ। ਅਦਾਲਤ ਨੇ ਇਹ ਵੀ ਕਿਹਾ ਸੀ ਕਿ ਸਾਧਵੀ ਪ੍ਰਗਿਆ ਇੱਕ ਔਰਤ ਹੈ ਅਤੇ ਅੱਠ ਸਾਲ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਹੈ। ਉਸ ਨੂੰ ਛਾਤੀ ਦਾ ਕੈਂਸਰ ਹੈ ਅਤੇ ਉਹ ਕਮਜ਼ੋਰ ਹੋ ਗਈ ਹੈ, ਬਿਨਾਂ ਸਹਾਰੇ ਤੁਰਨ ਤੋਂ ਵੀ ਅਸਮਰੱਥ ਹੈ। ਮਾਲੇਗਾਓਂ ਧਮਾਕੇ ਮਾਮਲੇ ਵਿੱਚ 323 ਗਵਾਹ ਹਨ। ਇਨ੍ਹਾਂ ਵਿੱਚੋਂ 34 ਨੇ ਆਪਣੇ ਬਿਆਨ ਵਾਪਸ ਲੈ ਲਏ ਸਨ। ਬਾਕੀ 289 ਗਵਾਹਾਂ ਦੇ ਬਿਆਨਾਂ ਦੇ ਆਧਾਰ ’ਤੇ ਅਦਾਲਤ ਨੇ ਕਰੀਬ ਪੰਜ ਹਜ਼ਾਰ ਸਵਾਲਾਂ ਦਾ ਸੈੱਟ ਤਿਆਰ ਕੀਤਾ ਹੈ। ਇਸ ਤੋਂ ਪਹਿਲਾਂ ਕਈ ਗਵਾਹ ਆਪਣੇ ਬਿਆਨਾਂ ਤੋਂ ਮੁਕਰ ਚੁੱਕੇ ਹਨ। ਅਗਸਤ 2021 ’ਚ ਸੁਣਵਾਈ ਦੌਰਾਨ ਲੈਫਟੀਨੈਂਟ ਕਰਨਲ ਪੁਰੋਹਿਤ ਦੇ ਖ਼ਿਲਾਫ਼ ਬਿਆਨ ਦੇਣ ਵਾਲਾ ਗਵਾਹ ਮੁਕਰ ਗਿਆ ਸੀ। ਇਸ ਤੋਂ ਬਾਅਦ ਸਪੈਸ਼ਲ ਐਨ.ਆਈ.ਏ. ਕੋਰਟ ਨੇ ਉਸ ਨੂੰ ਦੇਸ਼ਧ੍ਰੋਹੀ ਕਰਾਰ ਦਿੱਤਾ ਸੀ।

ਸਾਧਵੀ ਪ੍ਰਗਿਆ ਸਿੰਘ ਠਾਕੁਰ ਜ਼ਿਆਦਾਤਰ ਵ੍ਹੀਲ ਚੇਅਰ ’ਤੇ ਅਦਾਲਤ ਵਿੱਚ ਪੇਸ਼ ਹੋਈ। ਭੋਪਾਲ ਦੇ ਸੰਸਦ ਮੈਂਬਰ ਵਜੋਂ ਆਪਣੇ ਕਾਰਜਕਾਲ ਦੌਰਾਨ, ਉਨ੍ਹਾਂ ਦੇ ਕਈ ਵਾਇਰਲ ਵੀਡੀਓ ਸੁਰਖੀਆਂ ਵਿੱਚ ਸਨ, ਜੋ ਦਿਖਾਉਂਦੇ ਸਨ ਜਾਂ ਸੰਕੇਤ ਦਿੰਦੇ ਸਨ ਕਿ ਸਾਧਵੀ ਪੂਰੀ ਤਰ੍ਹਾਂ ਤੰਦਰੁਸਤ ਹੈ।

***

## ਭਾਰਤ ’ਚ ਹਵਾ ਪ੍ਰਦੂਸ਼ਣ

ਪੱਧਰ ਖਾਸ ਕਰਕੇ ਪੀ.ਐੱਮ2.5 ਦਾ ਅਸਰ, ਫੇਫੜਿਆਂ ਦਾ ਕੈਂਸਰ ਵਧਣ ਦਾ ਕਾਰਨ ਹਨ। ਕੈਂਸਰ ਦੀ ਇਹ ਲਾਗ ਉਨ੍ਹਾਂ ਲੋਕਾਂ ਨੂੰ ਵੀ ਚਿੰਬੜੀ ਹੈ ਜੋ ਸਿਗਰਟਨੋਸ਼ੀ ਨਹੀਂ ਕਰਦੇ। ਸਨਅਤੀ ਰਹਿੰਦ-ਖੂੰਹਦ ਕਰਕੇ ਪਾਣੀ ਤੇ ਮਿੱਟੀ ਦੂਸ਼ਿਤ ਹੋਣ ਕਰਕੇ ਵੱਖ- ਵੱਖ ਤਰ੍ਹਾਂ ਦੇ ਕੈਂਸਰਾਂ ਦਾ ਜੋਖ਼ਮ ਵੱਧ ਰਿਹਾ ਹੈ। ਦਿੱਲੀ ਐੱਨ.ਸੀ.ਆਰ. ਵਿੱਚ ਇਸ ਵੇਲੇ ਹਵਾ ਦੀ ਗੁਣਵੱਤਾ ਬਹੁਤ ਚਿੰਤਾਜਨਕ ਪੱਧਰ ਉੱਤੇ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਮੁਤਾਬਕ ਸ਼ਹਿਰ ਵਿੱਚ ਔਸਤ ਹਵਾ ਗੁਣਵੱਤਾ ਸੂਚਕ ਅੰਕ 362 ਹੈ।

**ਭਾਰਤ ’ਚ ਹਰ ਸਾਲ ਕੈਂਸਰ ਦੇ 14 ਲੱਖ ਨਵੇਂ ਮਰੀਜ਼ ਤੇ 9 ਲੱਖ ਮੌਤਾਂ**

ਭਾਰਤ ਵਿੱਚ ਕੈਂਸਰ ਦੀ ਦਰ ਤੇਜ਼ੀ ਨਾਲ ਵੱਧ ਰਹੀ ਹੈ। ਮੌਜੂਦਾ ਸਮੇਂ ਹਰੇਕ ਸਾਲ 14 ਲੱਖ ਤੋਂ ਵੱਧ ਨਵੇਂ ਕੈਂਸਰ ਮਰੀਜ਼ ਸਾਹਮਣੇ ਆ ਰਹੇ ਹਨ। ਸਾਲਾਨਾ ਕਰੀਬ 9 ਲੱਖ ਲੋਕ ਕੈਂਸਰ ਦੀ ਨਾਮੁਰਾਦ ਬਿਮਾਰੀ ਕਰਕੇ ਮੌਤ ਦੇ ਮੂੰਹ ਪੈ ਰਹੇ ਹਨ।’

***

## ਗੁਰੂ ਨਾਨਕ ਮਹਿਮਾ

ਉਸ ਦਾ ਚਲਨ ਸੀ - ਤਪੱਸਿਆ, ਦੂਜਿਆਂ ਨੂੰ ਦੁੱਖ ਨਾ ਦੇਣਾ ਤੇ ਰੱਬ ਦੀ ਰਜ਼ਾ ਵਿੱਚ ਰਹਿਣਾ। ਇਸੇ ਤਰ੍ਹਾਂ ਮੁਹੰਮਦ ਕਾਸਿਮ ਲਾਹੌਰੀ ਆਪਣੇ ਇਬਰਤਨਾਮੇ (1723) ਵਿੱਚ ਗੁਰੂ ਨਾਨਕ ਦੇਵ ਜੀ ਦੀ ਰੂਹਾਨੀ ਸ਼ਖ਼ਸੀਅਤ ਦਾ ਵਰਨਨ ਕਰਦੇ ਹੋਏ ਕਹਿੰਦਾ ਹੈ, ਗੁਰੂ ਨਾਨਕ ਸ਼ਾਹ ਨਾਮੀ ਇੱਕ ਦਰਵੇਸ਼ ਸੀ। ਦਰਅਸਲ ਉਹ ਬ੍ਰਹਮ ਗਿਆਨ ਦੇ ਲਿਬਾਸ ਵਿੱਚ ਸਜਿਆ ਹੋਇਆ, ਤੇ ਸ਼ੁਹਰਤ ਤੇ ਬਦਨਾਮੀ ਤੋਂ ਮੁਕਤ, ਅਤੇ ਰੱਬ ਨੂੰ ਨਾ ਮੰਨਣ ਨੂੰ ਬੇਦੀਨੀ ਖ਼ਿਆਲ ਕਰਦਾ ਸੀ।... ਧਰਤੀ ਦੇ ਹਰੇਕ ਖ਼ਿੱਤੇ ਵਿੱਚ ਉਸ ਦੇ ਕਥਨਾਂ ਦੀਆਂ ਧੁੰਮਾਂ ਪਈਆਂ ਹੋਈਆਂ ਸਨ ਅਤੇ ਹਰੇਕ ਦੀਪ ਵਿੱਚ ਉਸ ਦੀ ਉਚਾਰੀ ਬਾਣੀ ਦਾ ਬੋਲਬਾਲਾ ਸੀ। ਉਹ ਖ਼ੁਦਾ ਨੂੰ ਪਹੁੰਚੇ ਵਲੀਆਂ ਨਾਲ ਵਾਰਤਾਲਾਪ ਕਰਦਾ ਅਤੇ ਰੱਬੀ ਲੋਕਾਂ ਦੀਆਂ ਬੈਠਕਾਂ ਤੋਂ ਲਾਭ ਪ੍ਰਾਪਤ ਕਰਦਾ।

ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ (ਪ੍ਰਚਾਰ-ਯਾਤਰਾਵਾਂ) ਦਾ ਪ੍ਰਮੁੱਖ

ਉਦੇਸ਼ ਆਮ ਲੋਕਾਂ ਦੇ ਮਨ ਵਿੱਚ ਪੈਦਾ ਹੋ ਚੁੱਕੀ ਨਫ਼ਰਤ ਅਤੇ ਵੈਰ-ਵਿਰੋਧ ਦੀ ਭਾਵਨਾ ਨੂੰ ਖ਼ਤਮ ਕਰ ਕੇ ਪ੍ਰਭੂ-ਮੁਖੀ ਜੀਵਨਜਾਚ ਦੀ ਪ੍ਰੇਰਨਾ ਪੈਦਾ ਕਰਨਾ ਸੀ। ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਅਧਿਐਨ ਕਰਨ ਵਾਲਿਆਂ ਨੇ ਗੁਰੂ ਜੀ ਦੇ ਇਸ ਆਸ਼ੇ ਨੂੰ ਪ੍ਰਮੁੱਖਤਾ ਨਾਲ ਸਮਝਣ-ਸਮਝਾਉਣ ਦਾ ਯਤਨ ਕੀਤਾ ਹੈ। ਸੱਯਦ ਮੁਹੰਮਦ ਲਤੀਫ਼ (1891) ਪੰਜਾਬ ਦੇ ਲਾਹੌਰ ਦਾ ਜੰਮਪਲ ਸੀ ਅਤੇ ਸਿੱਖ ਇਤਿਹਾਸ ਸੰਬੰਧੀ ਬਹੁਤ ਹੀ ਗਹਿਰ-ਗੰਭੀਰ ਜਾਣਕਾਰੀ ਰੱਖਦਾ ਸੀ। ਪੰਜਾਬ ਸੰਬੰਧੀ ਇਸ ਨੇ ਅੰਗਰੇਜ਼ੀ ਭਾਸ਼ਾ ਵਿੱਚ ਬਹੁਤ ਹੀ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ ਹੈ। ਅਨੇਕਾਂ ਅੰਗਰੇਜ਼ ਲਿਖਾਰੀਆਂ ਨੇ ਸਿੱਖ ਧਰਮ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਨ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਦਾ ਵਿਖਿਆਨ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਾਲੇ ਇਹ ਮਹਿਸੂਸ ਕਰਦੇ ਹਨ ਕਿ ਉਹਨਾਂ ਦੀ ਹਰ ਇੱਕ ਸਿੱਖਿਆ ਧਾਰਮਿਕ ਵਲਗਣਾਂ, ਭੂਗੋਲਿਕ ਖ਼ਿੱਤਿਆਂ ਅਤੇ ਭਾਸ਼ਾਵਾਂ ਦੀ ਸੰਕੀਰਣਤਾ ਤੋਂ ਮੁਕਤ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿੱਚ ਅਕਾਲ ਪੁਰਖ ਦੀ ਮਹਿਮਾ ਦਾ ਬੇਅੰਤ ਵਰਨਨ ਕੀਤਾ ਹੈ ਅਤੇ ਆਪਣੇ ਆਪ ਨੂੰ ਉਸ ਦੇ ਢਾਡੀ ਵੱਜੋਂ ਬਿਆਨ ਕਰਦੇ ਹਨ ਪਰ ਉਹਨਾਂ ਦੇ ਨਾਮ-ਲੇਵਾ ਪਰਮਾਤਮਾ ਤੋਂ ਬਾਅਦ ਉਹਨਾਂ ਦੀ ਮਹਿਮਾ ਦਾ ਵਰਨਨ ਕਰਨ ਵਿੱਚ ਅਨੰਦ ਮਹਿਸੂਸ ਕਰਦੇ ਹਨ। ਦਿਨ ਵਿੱਚ ਰੋਜ਼ਾਨਾ ਦੋ ਵਾਰੀ ਕੀਤੀ ਜਾਂਦੀ ਅਰਦਾਸ ਵਿੱਚ ਪਰਮਾਤਮਾ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦਾ ਨਾਂਅ ਲਿਆ ਜਾਂਦਾ ਹੈ, ਇਥੋਂ ਹੀ ਉਹਨਾਂ ਦੇ ਸਿੱਖ ਹਿਰਦਿਆਂ ’ਤੇ ਪਏ ਪ੍ਰਭਾਵ ਦਾ ਸਪਸ਼ਟ ਗਿਆਨ ਹੋ ਜਾਂਦਾ ਹੈ।

***

## ਲੁਕਾਈ ਨੂੰ ਸਤਿਗੁਰੂ ਨਾਨਕ ਵੱਲੋਂ

ਪਰ ਇੱਥੇ ਇਕ ਹੋਰ ਸਿਧਾਂਤਕ ਤੇ ਅਹਿਮ ਨੁਕਤਾ ਸਾਂਝਾ ਕਰਨਾ ਚਾਹੁੰਦਾ ਹਾਂ। ਵਿਭਿੰਨਤਾ ਹਮੇਸ਼ਾ ਕਾਇਮ ਰਹੇ, ਉਸ ਦੀ ਖ਼ੂਬਸੂਰਤੀ ਬਰਕਰਾਰ ਰਹੇ, ਵੱਖ-ਵੱਖ ਧਿਰਾਂ ਵਿੱਚ ਟਕਰਾਅ ਨਾ ਪੈਦਾ ਹੋਵੇ ਅਤੇ ਕਿਤੇ ਇਹ ਟਕਰਾਅ ਇਕ-ਦੂਜੇ ਦੀ ਹੋਂਦ ਲਈ ਖ਼ਤਰਾ ਨਾ ਬਣ ਜਾਵੇ- ਇਸ ਲਈ ਜ਼ਰੂਰੀ ਹੁੰਦਾ ਹੈ - ਸੰਵਾਦ। ਗੁਰੂ ਨਾਨਕ ਪਾਤਸ਼ਾਹ ਨੇ ਵਿਭਿੰਨਤਾ ਦੀ ਖ਼ੂਬਸੂਰਤੀ ਕਾਇਮ ਰੱਖਦਿਆਂ, ਆਪਸੀ ਸੰਵਾਦ ਰਾਹੀਂ, ਵੱਖ-ਵੱਖ ਧਰਮਾਂ ਤੇ ਸਮਾਜਿਕ ਇਕਾਈਆਂ ਵਿਚਕਾਰ ਇੱਕ ਵਿਆਪਕ ਸਾਂਝ ਸਥਾਪਿਤ ਕਰਨ ਲਈ ਸਾਰੀ ਦੁਨੀਆ ਦਾ ਭਰਮਣ ਕਰ ਕੇ, ਲਾਮਿਸਾਲ ਭੂਮਿਕਾ ਨਿਭਾਈ ਸੀ।

ਇਤਿਹਾਸ ਗਵਾਹ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਿਸ ਸੋਚ ਤੇ ਸੰਕਲਪ ਨਾਲ ਵੱਖ-ਵੱਖ ਧਰਮਾਂ, ਸੱਭਿਆਚਾਰਾਂ ਤੇ ਮੁਲਕਾਂ ਦੀਆਂ ਹੱਦਾਂ ਟੱਪ ਕੇ ਆਪਸੀ ਸਾਂਝ ਅਤੇ ਸਦਭਾਵ ਸਥਾਪਿਤ ਕਰਨ ਲਈ, ਸੰਵਾਦ ਦੀ ਪਿਰਤ ਪਾਈ ਸੀ, ਅੱਜ ਸਾਰੀ ਦੁਨੀਆਂ ਉਸ ਦਾ ਪਾਲਣ (ਅਨੁਸਰਣ) ਕਰ ਰਹੀ ਹੈ। ਹਕੀਕਤਨ, ਗੁਰੂ ਨਾਨਕ ਦੇਵ ਜੀ ਨੇ ਧਰਮਾਂ ਦੇ ਇਤਿਹਾਸ ਵਿੱਚ ਇੱਕ ਨਵਾਂ ਤਜਰਬਾ ਪੇਸ਼ ਕੀਤਾ ਸੀ। ਭੂਗੋਲਿਕ ਹੱਦਾਂ ਪਾਰ ਕਰ ਕੇ ਯੋਗੀ, ਸਿੱਧ, ਵੇਦਾਂਤੀ, ਵੈਸ਼ਨਵ, ਬੋਧੀ, ਜੈਨੀ, ਸੂਫ਼ੀ, ਮੁੱਲਾਂ, ਪੰਡਤਾਂ ਆਦਿ ਸਾਰਿਆਂ ਨਾਲ ਸੰਵਾਦ ਰਚਾਇਆ ਸੀ। ਇਸ ਵਿੱਚ ਵੀ ਕੋਈ ਸੰਦੇਹ ਨਹੀਂ ਕਿ ਰੱਬੀ ਪੈਗ਼ਾਮ ਲੋਕਾਂ ਤੱਕ ਪਹੁੰਚਾਉਣ ਲਈ ਗੁਰੂ ਨਾਨਕ ਦੇਵ ਜੀ ਨੇ ਜਿੰਨੀ ਕੁ ਉਨ੍ਹਾਂ ਸਮਿਆਂ ਵਿੱਚ ਯਾਤਰਾ ਕੀਤੀ, ਉਸ ਦੀ ਇਤਿਹਾਸ ਵਿੱਚ ਕੋਈ ਹੋਰ ਮਿਸਾਲ ਨਹੀਂ ਮਿਲਦੀ। ਮੁਲਤਾਨ, ਪਾਕਪਟਨ, ਹਰਿਦੁਆਰ, ਕੁਰੂਕਸ਼ੇਤਰ, ਬਨਾਰਸ, ਗਯਾ, ਪੁਰੀ, ਨੇਪਾਲ, ਸ੍ਰੀਲੰਕਾ, ਤਿੱਬਤ, ਮੱਕਾ, ਮਦੀਨਾ, ਬਗ਼ਦਾਦ, ਕਾਬਲ ਅਤੇ ਹੋਰ ਬਹੁਤ ਸਾਰੇ ਇਲਾਕੇ, ਜਿੱਥੇ ਪਹੁੰਚਣਾ ਕਦਾਚਿਤ ਸੰਭਵ ਨਹੀਂ ਸੀ, ਗੁਰੂ ਜੀ ਨੇ ਪਹੁੰਚ ਕੇ ਰੱਬੀ ਸੁਨੇਹਾ ਦਿੱਤਾ ਸੀ। ਆਪਣੀਆਂ ਲੰਮੀਆਂ ਯਾਤਰਾਵਾਂ ਦੌਰਾਨ ਵੱਖ-ਵੱਖ ਧਰਮਾਂ ਤੇ ਸੱਭਿਆਚਾਰਾਂ ਵਾਲੇ, ਓਪਰੀ ਤੋਂ ਓਪਰੀ ਭਾਸ਼ਾ ਤੇ ਰਸਮੋ-ਰਿਵਾਜ ਵਾਲੇ ਲੋਕਾਂ ਨਾਲ ਸੰਵਾਦ ਕਰ ਕੇ ਗੁਰੂ ਜੀ ਨੇ ਆਪਸੀ ਸਦਭਾਵ ਅਤੇ ਸੱਭਿਆਚਾਰਕ ਸਾਂਝ ਉੱਪਰ ਆਧਾਰਿਤ ਇੱਕ ਨਵੇਂ ਵਿਸ਼ਵ ਨਿਜ਼ਾਮ ਦੀ ਸਿਰਜਣਾ ਦਾ ਮੁੱਢ ਬੰਨ੍ਹਿਆ ਸੀ।

ਸਾਰੇ ਸੰਦਰਭ ਵਿੱਚ ਭਾਈ ਗੁਰਦਾਸ ਜੀ ਦੀ ਇੱਕ ਰਚਨਾ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਇਸ ਰਚਨਾ ਵਿੱਚ ਬੜੇ ਖ਼ੂਬਸੂਰਤ ਢੰਗ ਨਾਲ ਭਾਈ ਸਾਹਿਬ ਦੱਸਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਵੱਖ-ਵੱਖ ਸੱਭਿਆਚਾਰਾਂ ਤੇ ਧਰਮਾਂ ਵਿਚਕਾਰ ਸਾਂਝ ਤੇ ਸਦਭਾਵ ਪੈਦਾ ਕਰਨ ਦੀ ਵਿਸ਼ਵ ਪੱਧਰੀ ਮੁਹਿੰਮ ਚਲਾਈ ਸੀ।

ਭਾਈ ਗੁਰਦਾਸ ਜੀ ਦਾ ਕਹਿਣਾ ਹੈ ਕਿ ਗੁਰੂ ਨਾਨਕ ਸਾਹਿਬ ਸਮੁੱਚੀ ਮਨੁੱਖਤਾ ਦੇ ਸਮੂਹਿਕ ਕਲਿਆਣ ਲਈ ਧਰਤੀ ’ਤੇ ਆਏ ਸਨ। ‘ਕਲਿ ਤਾਰਨ ਗੁਰੂ ਨਾਨਕ ਆਇਆ’ ਦਾ ਸੰਦੇਸ਼ ਦਿੰਦੀ ਇਹ ਰਚਨਾ ਇਸ ਤਰ੍ਹਾਂ ਹੈ :

ਗੜ ਬਗਦਾਦੁ ਨਿਵਾਇਕੈ
ਮਕਾ ਮਦੀਨਾ ਸਭੇ ਨਿਵਾਇਆ ॥
ਸਿਧ ਚਉਰਾਸੀਹ ਮੰਡਲੀ ਖਟਿ
ਦਰਸਨਿ ਪਾਖੰਡਿ ਜਿਣਾਇਆ ॥
ਪਾਤਾਲਾ ਆਕਾਸ ਲਖ ਜੀਤੀ
ਧਰਤੀ ਜਗਤੁ ਸਬਾਇਆ ॥
ਜੀਤੀ ਨਉਖੰਡ ਮੇਦਨੀ
ਸਤਿਨਾਮ ਦਾ ਚਕ੍ਰ ਫਿਰਾਇਆ ॥
ਦੇਵਦਾਨੋ ਰਾਕਸਿ ਦੈਤ
ਸਭ ਚਿਤਿਗੁਪਤਿ ਸਭ ਚਰਨੀ ਲਾਇਆ ॥
ਇੰਦ੍ਰਾਸਣਿ ਅਪਛਰਾ
ਰਾਗ ਰਾਗਨੀ ਮੰਗਲੁ ਗਾਇਆ ॥
ਭਇਆ ਅਨੰਦ ਜਗਤੁ ਵਿਚਿ
ਕਲਿ ਤਾਰਨ ਗੁਰ ਨਾਨਕ ਆਇਆ ॥
ਹਿੰਦੂ ਮੁਸਲਮਾਨਿ ਨਿਵਾਇਆ ॥
(ਭਾਈ ਗੁਰਦਾਸ ਜੀ ਵਾਰ-ਪਹਿਲੀ, ਪਾਉੜੀ-37)

ਆਖ਼ਿਰ ਵਿੱਚ, ਹਿੰਦੀ ਸਾਹਿਤ ਦੇ ਨਾਮਵਰ ਵਿਦਵਾਨ ‘ਮੈਥਿਲੀ ਸ਼ਰਣ ਗੁਪਤ’ ਦੀ ਇੱਕ ਕਾਵਿਕ ਰਚਨਾ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਉਨ੍ਹਾਂ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਦੇਸ਼-ਵਿਦੇਸ਼ ਦਾ ਭਰਮਣ ਕਰ ਕੇ, ਵੱਖ-ਵੱਖ ਧਰਮਾਂ ਦੀ ਅਗਵਾਈ ਕਰਨ ਵਾਲੇ ਮਹਾਪੁਰਖਾਂ ਨਾਲ ਮੁਲਾਕਾਤ ਕੀਤੀ ਸੀ। ਗੁਰੂ ਸਾਹਿਬ ਦੇ ਪਿਆਰ ਭਰੇ ਉਪਦੇਸ਼ ਸਾਰਿਆਂ ਨੇ ਬੜੇ ਚਾਅ ਨਾਲ ਸੁਣੇ ਸਨ। ਇਸ ਤਰ੍ਹਾਂ ਆਪਣੀ ਨਿਵੇਕਲੀ ਸੰਵਾਦ ਦੀ ਵਿਧੀ ਨਾਲ ਉਨ੍ਹਾਂ ਨੇ ਲੋਕਾਂ ਵਿੱਚ ਆਪਸੀ ਸਾਂਝ ਅਤੇ ਸਦਭਾਵ ਦੀ ਭਾਵਨਾ ਨੂੰ ਪਰਿਪੱਕ ਕੀਤਾ ਸੀ :

ਮਿਲੇ ਅਨੇਕ ਮਹਾਂਪੁਰਸ਼ੋਂ ਸੇ,
ਘੂਮੇ ਨਾਨਕ ਦੇਸ਼-ਵਿਦੇਸ਼,
ਸੁਨੇ ਗਏ ਸਰਵਤ੍ਰ ਚਾਵ ਸੇ,
ਭਾਵ ਭਰੇ ਉਨਕੇ ਉਪਦੇਸ਼।
ਨਿਰਭਯ ਹੋ ਕਰ ਕੀਆ ਉਨਹੋ ਨੇ,
ਸਾਮਯ ਧਰਮ ਕਾ ਯਹਾਂ ਪ੍ਰਚਾਰ,
ਪ੍ਰੀਤ ਨੀਤ ਕੇ ਸਾਥ ਭੀ ਸਭੀ ਕੋ,
ਸ਼ੁਭ ਕਰਮੋਂ ਕਾ ਹੈ ਅਧਿਕਾਰ।
ਸਾਰੇ ਕਰਮ-ਕਾਂਡ ਨਿਸ਼ਫਲ ਹੈਂ,
ਨਾ ਹੋ ਸ਼ੁਧ ਮਨ ਕੀ ਯਦੀ ਭਗਤੀ,
ਭਵਯ ਭਾਵਨਾ ਤਬੀ ਫਲੇਗੀ,
ਜਬ ਹੋਗੀ ਕਰਨੇ ਕੀ ਸ਼ਕਤੀ।

***

## ਪ੍ਰਕਾਸ਼ ਪੁਰਬ ਮੌਕੇ ਪਾਕਿ ਜਾਣ ਲਈ

ਉਨ੍ਹਾਂ ਕਿਹਾ ਕਿ ਪਹਿਲਾਂ ਹਮੇਸ਼ਾ ਹੀ ਸ਼੍ਰੋਮਣੀ ਕਮੇਟੀ ਦੇ ਜੱਥੇ ਨੂੰ ਕੋਟੇ ਅਨੁਸਾਰ ਵੀਜ਼ੇ ਮਿਲਦੇ ਸਨ ਪਰ ਹੁਣ ਦੁੱਖ ਦੀ ਗੱਲ ਹੈ ਕਿ ਵੱਡੀ ਗਿਣਤੀ ਵਿੱਚ ਸ਼੍ਰੋਮਣੀ ਕਮੇਟੀ ਦੇ ਜੱਥੇ ਦੇ ਸ਼ਰਧਾਲੂਆਂ ਦੇ ਵੀਜ਼ੇ ਕੱਟ ਦਿੱਤੇ ਗਏ ਹਨ ਅਤੇ ਇਸ ਨਾਲ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਵਿੱਚ ਵੱਧ ਤੋਂ ਵੱਧ ਸ਼ਰਧਾਲੂਆਂ ਨੂੰ ਵੀਜ਼ੇ ਦਿੱਤੇ ਜਾਣ।

***

## ਲਾਹੌਰ: ਸ਼ਾਦਮਾਨ ਚੌਕ ਦਾ ਨਾਂ ਭਗਤ ਸਿੰਘ

ਰਾਏ ਦੇ ਮੱਦੇਨਜ਼ਰ ਰੱਦ ਕਰ ਦਿੱਤਾ ਗਿਆ ਹੈ।’ ਇਸ ਵਿੱਚ ਕਿਹਾ ਗਿਆ ਹੈ ਕਿ ਸ਼ਾਦਮਾਨ ਚੌਕ ਦਾ ਨਾਮ ਭਗਤ ਸਿੰਘ ਦੇ ਨਾਮ ’ਤੇ ਰੱਖਣ ਲਈ ਬਣਾਈ ਗਈ ਕਮੇਟੀ ਵਿੱਚ ਸ਼ਾਮਲ ਕੀਤੇ ਗਏ ਸੇਵਾਮੁਕਤ ਅਧਿਕਾਰੀ ਮਜੀਦ ਨੇ ਦਾਅਵਾ ਕੀਤਾ, ‘ਭਗਤ ਸਿੰਘ ਕ੍ਰਾਂਤੀਕਾਰੀ ਨਹੀਂ ਬਲਕਿ ਅਪਰਾਧੀ ਸੀ। ਉਸ ਨੇ ਬਰਤਾਨਵੀ ਅਧਿਕਾਰੀ ਦੀ ਹੱਤਿਆ ਕੀਤੀ ਸੀ ਅਤੇ ਇਸ ਅਪਰਾਧ ਲਈ ਉਸ ਨੂੰ ਦੋ ਸਾਥੀਆਂ ਸਮੇਤ ਫਾਂਸੀ ਦਿੱਤੀ ਗਈ ਸੀ।’ ਮਜੀਦ ਅਨੁਸਾਰ, ‘ਭਗਤ ਸਿੰਘ ਮੁਸਲਮਾਨਾਂ ਦੇ ਦੁਸ਼ਮਣ ਧਾਰਮਿਕ ਆਗੂਆਂ ਤੋਂ ਪ੍ਰਭਾਵਿਤ ਸੀ ਅਤੇ ਗੈਰ-ਸਰਕਾਰੀ ਸੰਗਠਨ ‘ਭਗਤ ਸਿੰਘ ਫਾਊਂਡੇਸ਼ਨ’, ਜੋ ਇਸਲਾਮਿਕ ਵਿਚਾਰਧਾਰਾ ਅਤੇ ਪਾਕਿਸਤਾਨੀ ਸੱਭਿਆਚਾਰ ਦੇ ਖ਼ਿਲਾਫ਼ ਕੰਮ ਕਰ ਰਿਹਾ ਹੈ, ’ਤੇ ਪਾਬੰਦੀ ਲਾਈ ਜਾਣੀ ਚਾਹੀਦੀ ਹੈ।’ ਉਨ੍ਹਾਂ ਕਿਹਾ, ‘ਇਸ ਸੰਗਠਨ ਦੇ ਅਧਿਕਾਰੀ, ਜੋ ਖ਼ੁਦ ਨੂੰ ਮੁਸਲਮਾਨ ਆਖਦੇ ਹਨ, ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪਾਕਿਸਤਾਨ ਵਿੱਚ ਇੱਕ ਨਾਸਤਕ ਦੇ ਨਾਮ ’ਤੇ ਕਿਸੇ ਥਾਂ ਦਾ ਨਾਮ ਨਹੀਂ ਰੱਖਿਆ ਜਾ ਸਕਦਾ ਕਿਉਂਕਿ ਇਸਲਾਮ ਵਿੱਚ ਬੁੱਤ ਲਾਉਣ ਦੀ ਮਨਾਹੀ ਹੈ।’

ਭਗਤ ਸਿੰਘ ’ਤੇ ਦੋਸ਼ ਲਾਉਣ ਖ਼ਿਲਾਫ਼ ਭੇਜਿਆ ਜਾਵੇਗਾ ਕਾਨੂੰਨੀ ਨੋਟਿਸ

ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਪਾਕਿਸਤਾਨ ਦੇ ਚੇਅਰਮੈਨ ਇਮਤਿਆਜ਼ ਰਸ਼ੀਦ ਕੁਰੈਸ਼ੀ ਨੇ ਕਿਹਾ ਕਿ ਭਗਤ ਸਿੰਘ ਨੂੰ ਮਹਾਨ ਕ੍ਰਾਂਤੀਕਾਰੀ, ਆਜ਼ਾਦੀ ਘੁਲਾਟੀਆ ਅਤੇ ਸ਼ਹੀਦ ਐਲਾਨਿਆ ਗਿਆ ਸੀ। ਉਨ੍ਹਾਂ ਕਿਹਾ, ‘ਮੈਂ ਭਗਤ ਸਿੰਘ ਫਾਊਂਡੇਸ਼ਨ ’ਤੇ ਗੰਭੀਰ ਦੋਸ਼ ਲਾਉਣ ਅਤੇ ਭਗਤ ਸਿੰਘ ਬਾਰੇ ਉਸ ਦੇ ਨਜ਼ਰੀਏ ਖ਼ਿਲਾਫ਼ ਮਜੀਦ ਨੂੰ ਕਾਨੂੰਨੀ ਨੋਟਿਸ ਭੇਜਾਂਗਾ।’ ਕੁਰੈਸ਼ੀ ਨੇ 5 ਸਤੰਬਰ 2018 ਨੂੰ ਹਾਈ ਕੋਰਟ ਵੱਲੋਂ ਚੌਕ ਦਾ ਨਾਮ ਬਦਲਣ ਦੇ ਦਿੱਤੇ ਗਏ ਹੁਕਮ ਲਾਗੂ ਨਾ ਕਰਨ ਬਾਰੇ ਐਡਵੋਕੇਟ ਖਾਲਿਦ ਜ਼ਮਾਨ ਖਾਨ ਕੱਕੜ ਰਾਹੀਂ ਅਦਾਲਤ ਵਿੱਚ ਦਾਇਰ ਪਟੀਸ਼ਨ ਵਿੱਚ ਜ਼ਿਲ੍ਹਾ ਪ੍ਰਸ਼ਾਸਨ, ਲਾਹੌਰ ਦੇ ਡਿਪਟੀ ਕਮਿਸ਼ਨਰ, ਮੁੱਖ ਸਕੱਤਰ ਪੰਜਾਬ ਅਤੇ ਪ੍ਰਸ਼ਾਸਕ ਨੂੰ ਧਿਰ ਬਣਾਇਆ ਹੈ। ਲਾਹੌਰ ਹਾਈ ਕੋਰਟ ਦੇ ਜਸਟਿਸ ਸ਼ਮਸ ਮਹਿਮੂਦ ਮਿਰਜ਼ਾ ਨੇ ਪਟੀਸ਼ਨਰ ਦਾ ਵਕੀਲ ਮੌਜੂਦ ਨਾ ਹੋਣ ਕਾਰਨ ਮਾਣਹਾਨੀ ਦੇ ਇਸ ਕੇਸ ਦੀ ਸੁਣਵਾਈ 17 ਜਨਵਰੀ 2025 ’ਤੇ ਪਾ ਦਿੱਤੀ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com